ISSN:2231-6930

91

# ਪ੍ਰਵਚਨ



ਅਪ੍ਰੈਲ-ਜੂਨ 2023

ਮੁੱਲ 75 ਰੁਪਏ


# ਰਜਨੀਸ਼ ਬਹਾਦਰ ਸਿੰਘ ਦਾ ਆਲੋਚਨਾ ਸੰਸਾਰ




ਰਜਨੀਸ਼ ਬਹਾਦਰ ਸਿੰਘ ਕੁਝ ਵਰ੍ਹਿਆ 'ਚ ਈ ਆਪਣੀ ਵਿਦਵਤਾ ਤੇ ਪ੍ਰਤਿਭਾ ਸਦਕੇ ਪੁਸਤਕ ਸਮੀਖਿਅਕ ਤੇ ਆਲੋਚਕ ਵਜੋਂ ਤੇਜ਼ੀ ਨਾਲ ਉੱਭਰ ਕੇ ਸਥਾਪਤ ਹੋਇਆ ਏ। ਉਹ ਪ੍ਰਤਿਬਧ ਮਾਰਕਸਵਾਦੀ ਆਲੋਚਨਾ ਦੇ ਸਿਧਾਂਤ 'ਤੇ ਚਲਦਾ ਹੋਇਆ ਕਿਸੇ ਵੀ ਵਾਦ ਦੇ ਸਮੇਂ ਨਾਲ ਬਦਲਦੇ ਚਿੰਤਨ ਨੂੰ ਵਾਚਦਾ ਹੈ।

ਏਸ ਤੋਂ ਪਹਿਲਾਂ ਦੇ ਮਾਰਕਸਵਾਦੀ ਆਲੋਚਕ ਪਹਿਲਾਂ ਵਿਸ਼ੇ ਬਾਰੇ ਸੋਚਦੇ ਸੀ ਤੇ ਫਿਰ ਨਿਭਾਵ ਬਾਰੇ। ਓਸ ਰਚਨਾ ਦੇ ਚੰਗਾ ਮਾੜਾ ਸਾਹਿਤ ਹੋਣ ਜਾਂ ਨਾ ਹੋਣ ਦਾ ਦਾਰੋਮਦਾਰ ਲੇਖਕ ਦੀ ਨੀਅਤ ਨੂੰ ਮੰਨਿਆ ਜਾਂਦਾ ਸੀ। ... ਰਜਨੀਸ਼ ਮਾਰਕਸਵਾਦੀ ਤਾਂ ਹੈ ਪਰ ਸਮੇਂ ਦੇ ਚਿੰਤਨ ਦੇ ਨਾਲ ਤੁਰਨਾ ਜਾਣਦਾ ਹੈ। ਉਹਦੇ 'ਚ ਕਈ ਕੰਮਾਂ ਨੂੰ ਇਕੋ ਵਾਰੀ ਹੱਥ ਪਾਉਣ ਤੇ ਨਿਭਾਉਣ ਦੀ ਸਮਰਥਾ ਹੈ। ਆਪਣੀ ਕਮਾਲ ਦੀ ਯਾਦ ਸ਼ਕਤੀ, ਤੀਬਰ ਬੁੱਧੀ-ਵਿਵੇਕ ਕਰ ਕੇ ਉਹਦੇ ਚਿੰਤਨ 'ਚ ਗਹਿਰਾਈ ਪੈਦਾ ਹੁੰਦੀ ਗਈ ਏ। -ਪ੍ਰੇਮ ਪ੍ਰਕਾਸ਼

# ਜਸ ਮੰਡ ਦਾ ਰਚਨਾ ਸੰਸਾਰ




ਮਾਸਕੋ ਤੋਂ ਅੰਤਰਰਾਸ਼ਟਰੀ ਕਾਨੂੰਨ ਵਿਚ ਪੀ ਐਚ. ਡੀ. ਪ੍ਰਾਪਤ ਜਸ ਮੰਡ ਦੀ ਪੁਸਤਕ '*ਮਸ਼ਕੂਲੇ*' ਅਸਲ ਵਿਚ ਸੋਵੀਅਤ ਯੂਨੀਅਨ ਤੇ ਪੰਜਾਬੀ ਸਮਾਜ ਦਾ ਮਜ਼ਾਕਾਂ ਰਾਹੀਂ ਕੀਤਾ ਡੂੰਘਾ ਵਿਸ਼ਲੇਸ਼ਣ ਹੈ। ਉਸਦੀ ਅੰਗਰੇਜ਼ੀ ਵਿੱਚ ਲਿਖੀ ਤੇ ਹਿੰਦੀ ਤਰਜਮੇ ਵਿੱਚ ਵੀ ਛਪੀ ਪੁਸਤਕ '*The Secret Of Happiness*' ਖੁਸ਼ੀ ਦੇ ਸੰਕਲਪ ਬਾਰੇ ਗੰਭੀਰ ਖੋਜ ਵੀ ਹੈ, ਤੇ ਸ਼ਖਸੀਅਤ ਉਸਾਰੀ ਦੀ ਰਾਹ-ਦਸੇਰਾ ਵੀ। ਉਸਦੇ ਸਫਰਨਾਮੇ '*ਕਾਲੇ ਸਾਗਰ ਚਿੱਟੇ ਪਰਬਤ*' ਤੇ '*ਰੇਤੀਲੇ ਤੇ ਬਰਫੀਲੇ ਮਾਰੂਥਲ*' ਪੰਜਾਬੀ ਯਾਤਰੂਆਂ ਤੇ ਟ੍ਰੈਕਰਾਂ ਨੂੰ ਘਰ ਬੈਠੇ ਸੈਰ ਕਰਵਾਣ ਦੇ ਨਾਲ-ਨਾਲ ਉਨ੍ਹਾਂ ਨੂੰ ਸੈਰ ਕਰਨ ਲਈ ਉਕਸਾਂਦੇ ਵੀ ਹਨ, ਤੇ ਸੈਰ-ਸਪਾਟੇ ਦੀ ਗਾਈਡ ਦਾ ਕੰਮ ਵੀ ਕਰਦੇ ਹਨ। ਪੰਜ ਦਰਜਨਾਂ ਤੋਂ ਵੱਧ ਦੇਸਾਂ ਦੀ ਸੈਰ ਕਰ ਚੁੱਕੇ ਇਸ ਘੁਮੱਕੜ ਚਿੰਤਕ ਦੀਆਂ ਕਿਰਤਾਂ ਹਰ ਪੰਜਾਬੀ ਨੂੰ ਕੇਵਲ ਪੜ੍ਹਨੀਆਂ ਹੀ ਨਹੀਂ, ਸਗੋਂ ਚਿੱਥਣੀਆਂ ਚਾਹੀਦੀਆਂ ਹਨ।




- ਡਾ. ਰਜਨੀਸ਼ ਬਹਾਦਰ ਸਿੰਘ

'ਪ੍ਰਵਚਨ' ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ, ਯੂ.ਜੀ.ਸੀ.
ਕੇਅਰ ਲਿਸਟ ਅਨੁਸਾਰ ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ
ਸਾਲ : 23 ਪੁਸਤਕ ਲੜੀ : 91 ਅਪ੍ਰੈਲ-ਜੂਨ 2023

**ਬਾਨੀ ਸੰਪਾਦਕ: ਡਾ. ਰਜਨੀਸ਼ ਬਹਾਦਰ ਸਿੰਘ**
**ਮੁੱਖ ਸੰਪਾਦਕ: ਡਾ. ਕੁਲਵੰਤ ਸਿੰਘ**
124, CHHOTI BARADARI-II
Jalandhar-144001
Mob: 98722-44885
pravachanpunjabi@gmail.com
www.pravachan. org
**ਸੰਪਾਦਕ: ਡਾ. ਰਮਿੰਦਰ ਕੌਰ**
Mob: 94172-75147
**ਸਲਾਹਕਾਰ ਬੋਰਡ**
ਡਾ. ਰਵੀ ਰਵਿੰਦਰ (ਦਿੱਲੀ ਯੂਨੀਵਰਸਿਟੀ)
ਡਾ. ਜਸਵਿੰਦਰ ਸਿੰਘ (ਪਟਿਆਲਾ)
ਡਾ. ਮਹਿਲ ਸਿੰਘ (ਅੰਮ੍ਰਿਤਸਰ)
ਡਾ. ਜਨਮੀਤ
ਡਾ. ਜਸ ਮੰਡ
ਸੁਕੀਰਤ
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)
ਡਾ. ਪਰਮਜੀਤ ਕੌਰ ਸਿੱਧੂ (ਕੁਰੂਕਸ਼ੇਤਰ ਯੂਨੀਵਰਸਿਟੀ)
ਸੰਤੋਖ ਧਾਲੀਵਾਲ (ਯੂ. ਕੇ.)
ਬਲਬੀਰ ਪਰਵਾਨਾ
ਰਾਹੁਲ ਸਿੰਘ

**ਚੰਦਿਆਂ ਦਾ ਵੇਰਵਾ:**

| | |
|---|---|
| India | Rs. 75 Per Issue |
| | Rs.1500 Per 5 Years |
| U.K. | £20 Per Year |
| | £100 Per 5 Years |
| U.S.A./ | $40 Per Year |
| | $160 Per 5 Years. |
| Canada | $40 Per Year |
| | $200 Per 5 Years. |

## ਅੰਦਰ ਪੜ੍ਹੋ

• ਸੋਸ਼ਲ ਮੀਡੀਆ ਤੇ ਸਾਡਾ ਸਮਾਜ
**-ਕੁਲਵੰਤ ਸਿੰਘ ਸੰਧੂ**/2
• **ਕਵਿਤਾਵਾਂ:** ਗੁਰਦਿਆਲ ਰੌਸ਼ਨ, ਡਾ. ਜਨਮੀਤ, ਡਾ. ਹਰਭਜਨ ਢਿੱਲੋਂ, ਬਲਬੀਰ ਕੌਰ/5
• **ਉਰਦੂ ਕਹਾਣੀ:** ਬਨਾਰਸ ਦਾ ਠੱਗ: ਖ਼ਵਾਜਾ ਅਹਿਮਦ ਅੱਬਾਸ
-ਪੰਜਾਬੀ ਅਨੁਵਾਦ: ਡਾ. ਪਵਨ ਟਿੱਬਾ/18
**ਕਹਾਣੀਆਂ:**
• ਡਾਰੋਂ ਵਿਛੜੀ ਕੂੰਜ
-ਮਹਿੰਦਰਪਾਲ ਸਿੰਘ ਧਾਲੀਵਾਲ/33
• ਹੁਣ ਕੀ ਹੋਇਆ/ਹਰਮੇਸ਼ ਮਾਲੜੀ/46
• ਟੌਫੀਆਂ ਦਾ ਹਾਰ/ਸੁਰਿੰਦਰ ਨੀਰ/56
• ਉਹ ਆਟੇ ਦੀ ਚਿੜੀ ਨਹੀਂ ਸੀ
-ਜੋਗੇ ਭੰਗਲ/65
• ਆਧੁਨਿਕ ਪੰਜਾਬੀ ਕਹਾਣੀ ਵਿੱਚ ਸਬਾਲਟਰਨ ਸੰਵੇਦਨਾ/ਡਾ.ਬਲਦੇਵ ਸਿੰਘ ਧਾਲੀਵਾਲ/71
• ਭਾਸ਼ਾ ਦੇ ਮਸਲੇ/
-ਡਾ: ਬਰਜਿੰਦਰ ਸਿੰਘ ਚੌਹਾਨ/79
• ਬਿਰਤਾਂਤ-ਸ਼ਾਸਤਰ/ਡਾ. ਰਮਨਪ੍ਰੀਤ ਕੌਰ/85
• 'ਧਰਤੀ ਹੇਠਲਾ ਬਲਦ'-ਇਕ ਲੋਕਧਾਰਾਈ ਅਧਿਐਨ/ਡਾ. ਤੇਜਿੰਦਰ ਸਿੰਘ/93
• ਮੇਰੇ ਪੁਸਤਕ ਰਖਨੇ 'ਚੋਂ:'ਸਫ਼ੈਦ ਗਾਰਦ' ਦਾ ਪੰਜਾਬੀ ਅਨੁਵਾਦ ਵੱਡੀ ਪ੍ਰਾਪਤੀ
-ਜਸ ਮੰਡ/101
• ਸਮਕਾਲੀ ਸਾਹਿਤ ਨੂੰ ਵਾਚਦਿਆਂ
-ਕੁਲਵੰਤ ਸਿੰਘ ਸੰਧੂ/108

**ਟਾਈਟਲ: ਡਾ. ਜਸ ਮੰਡ**

☛ ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
☛ ਨੋਟ: ਚੰਦੇ ਕੇਵਲ ਚੈੱਕ ਜਾਂ ਡਰਾਫਟ ਰਾਹੀਂ ਸੰਪਾਦਕ KULWANT SINGH ਦੇ ਨਾਂ ਭੇਜੇ ਜਾਣ।
☛ ਪਰਚਾ 'ਪ੍ਰਵਚਨ' ਜਸਵਿੰਦਰ ਸਿੰਘ ਮੰਡ ਨੇ Bright Printing Press, Mohalla Kishanpura, Jalandhar ਤੋਂ ਛਪਵਾ ਕੇ ਪਿੰਡ-ਮੰਡ ਮੌੜ, ਡਾਕਖਾਨਾ: ਕਰਤਾਰਪੁਰ, ਜ਼ਿਲ੍ਹਾ ਜਲੰਧਰ-144801 ਤੋਂ ਪ੍ਰਕਾਸ਼ਤ ਕੀਤਾ।
☛ ਟਾਈਪ ਸੈਟਿੰਗ ਤੇ ਡਿਜ਼ਾਇਨ: 5ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ, ਫੋਨ: 98140-87063

# ਸੋਸ਼ਲ ਮੀਡੀਆ ਤੇ ਸਾਡਾ ਸਮਾਜ

**ਕੁਲਵੰਤ ਸਿੰਘ ਸੰਧੂ**

ਇਸ ਗੱਲ ਨਾਲ ਸਭ ਦੀ ਸਹਿਮਤੀ ਹੈ ਕਿ ਅਜੋਕਾ ਯੁੱਗ ਵਿਗਿਆਨ ਦਾ ਹੈ, ਇਸ ਤੋਂ ਬਗੈਰ ਸਾਡਾ ਗੁਜ਼ਾਰਾ ਨਹੀਂ, ਸਾਡੇ ਹਰ ਕੰਮ ਵਿਚ ਵਿਗਿਆਨ ਹਾਜ਼ਰ ਹੈ। ਪਰ ਇਹ ਹੈਰਾਨੀ ਵਾਲੀ ਗੱਲ ਹੈ ਕਿ ਤਕਨੀਕ ਦੇ ਏਨੇ ਵਿਆਪਕ ਦਖ਼ਲ ਤੇ ਵਰਤੋਂ ਦੇ ਬਾਵਜੂਦ ਸਾਡੀ ਸੋਚ ਵਿਗਿਆਨਕ ਨਹੀਂ ਬਣ ਸਕੀ ਤੇ ਨਾ ਹੀ ਬਣ ਰਹੀ ਹੈ। ਵਧੇਰੇ ਗਿਣਤੀ ਅਜੇ ਵੀ ਉੱਥੇ ਹੀ ਖੜ੍ਹੀ ਹੈ, ਜਿੱਥੇ ਵਿਗਿਆਨ ਦੇ ਦਖ਼ਲ ਤੋਂ ਬਗੈਰ ਹੋਣ ਦੀ ਸੰਭਾਵਨਾ ਹੋ ਸਕਦੀ ਸੀ। ਇਸ ਤੋਂ ਵੀ ਵੱਡਾ ਵਿਰੋਧਭਾਸ ਇਹ ਵੀ ਹੈ ਅਸੀਂ ਵਿਗਿਆਨ ਦੀ ਵਰਤੋਂ ਗ਼ੈਰ-ਵਿਗਿਆਨ ਖਿਆਲਾਂ ਦੇ ਪ੍ਰਗਟਾਵੇ ’ਤੇ ਪ੍ਰਚਾਰ ਲਈ ਕਰ ਰਹੇ ਹਾਂ। ਇਨ੍ਹਾਂ ਸਾਰੇ ਵਿਰੋਧਭਾਸਾਂ ਦੇ ਬਾਵਜੂਦ ਵਿਗਿਆਨ/ਤਕਨੀਕ ਦਾ ਦਖ਼ਲ ਜ਼ਿੰਦਗੀ ਦੇ ਹਰ ਖੇਤਰ ਵਿਚ ਨਜ਼ਰ ਆਉਂਦਾ ਹੈ। ਸੂਈ ਵਰਗੀ ਨਿਗੁਣੀ ਤੇ ਛੋਟੀ ਚੀਜ਼ ਤੋਂ ਲੈ ਕੇ ਵਰਤੋਂ ਵਿਚ ਆਉਣ ਵਾਲੀ ਹਰ ਚੀਜ਼ ਵਿਗਿਆਨ ਦੀ ਹੀ ਲੱਭਤ ਹੈ।

ਪਰ ਜਿਸ ਨੇ ਬਹੁਤ ਥੋੜ੍ਹੇ ਸਮੇਂ ਵਿਚ ਸਾਡੀ ਸੋਚ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ; ਉਹ ਹੈ ਇੰਟਰਨੈੱਟ ਤੇ ਇਸ ਨਾਲ ਜੁੜੇ ਸੋਸ਼ਲ ਮੀਡੀਏ ਨੇ। ਪਿਛਲੇ ਦੋ ਦਹਾਕਿਆਂ ਦੌਰਾਨ ਜਿੰਨੀ ਤੇਜ਼ੀ ਨਾਲ ਇਸ ਨੇ ਲੋਕਾਂ ਨੂੰ ਆਪਣੇ ਵੱਲ ਖਿੱਚਿਆ ਹੈ, ਏਨੀ ਤੇਜ਼ੀ ਨਾਲ ਸ਼ਾਇਦ ਹੋਰ ਕਿਸੇ ਵੀ ਵਿਗਿਆਨ ਲੱਭਤ ਨੇ ਲੋਕ ਮਾਨਸਿਕਤਾ ਨੂੰ ਪ੍ਰਭਾਵਿਤ ਨਹੀਂ ਕੀਤਾ। ਛੋਟੇ ਬੱਚੇ ਤੋਂ ਲੈ ਕੇ ਉਮਰ ਦੇ ਆਖਰੀ ਪੜਾਅ ਤੱਕ ਪਹੁੰਚੇ ਹੋਏ ਬਜ਼ੁਰਗ ਵੀ ਇਸ ਦੇ ਪ੍ਰਭਾਵ ਤੋਂ ਬਚੇ ਹੋਏ ਨਹੀਂ।

ਇਸ ਦੀ ਵਰਤੋਂ ਨਾਲ ਘੱਟ ਤੋਂ ਘੱਟ ਸਮੇਂ ਤੇ ਖ਼ਰਚ ਨਾਲ ਕਿਸੇ ਵੀ ਸੂਚਨਾ ਨੂੰ ਲੋਕਾਈ ਦੀ ਵੱਡੀ ਗਿਣਤੀ ਤੱਕ ਪੁਚਾਇਆ ਜਾ ਸਕਦਾ ਹੈ। ਇਸੇ ਵਿਆਪਕ ਪਹੁੰਚ ਕਰਕੇ ਹੀ ਇਹ ਵਪਾਰਕ ਕਾਰਜਾਂ ਤੇ ਇਸ਼ਤਿਹਾਸਬਾਜ਼ੀ ਲਈ ਵੀ ਵੱਡੇ ਪੱਧਰ ’ਤੇ ਵਰਤੀ ਜਾ ਰਹੀ ਹੈ। ਆਨ ਲਾਈਨ ਵਪਾਰ ਅਜੋਕੇ ਵਪਾਰ ਦਾ ਤੇ ਨਵੀਂ ਪੀੜ੍ਹੀ ਦੇ ਰੁਜ਼ਗਾਰ ਦਾ ਇਕ ਵੱਡਾ ਸਾਧਨ ਬਣਦਾ ਜਾ ਰਿਹਾ ਹੈ। ਇਸ ਦੀ ਵਿਆਪਕ ਪਹੁੰਚ ਦਾ ਅੰਦਾਜ਼ਾ ਇੱਥੋਂ ਹੀ ਲਗਾਇਆ ਜਾ ਸਕਦਾ ਹੈ ਕਿ ਹਿੰਦੁਸਤਾਨ ਵਰਗੇ ਗ਼ਰੀਬ ਮੁਲਕ ਦੇ ਸੌ ਕਰੋੜ ਤੋਂ ਵਧੇਰੇ ਲੋਕ ਕਿਸੇ ਨਾ ਕਿਸੇ ਰੂਪ ’ਚ ਇਸ ਨਾਲ ਜੁੜੇ ਹੋਏ ਹਨ। ਜਦੋਂ ਬਹੁਤ ਵੱਡੀ ਗਿਣਤੀ ਸੋਸ਼ਲ ਮੀਡੀਆ ਦੇ ਵਿਭਿੰਨ ਪਲੈਟਫਾਰਮਾਂ ਨਾਲ ਜੁੜੀ ਹੋਈ ਹੋਵੇ ਤਾਂ ਸੁਭਾਵਿਕ ਹੀ ਸਰਕਾਰਾਂ ਦਾ ਧਿਆਨ ਵੀ ਇਸ ਸ਼ਕਤੀਸ਼ਾਲੀ ਮਾਧਿਅਮ ਦੀ ਵਰਤੋਂ ਲੋਕ ਰਾਏ ਨੂੰ ਆਪਣੇ ਹਿਤਾਂ ਲਈ ਸਾਧਣ ਵਾਸਤੇ ਕੀਤਾ ਜਾਣਾ ਸੁਭਾਵਿਕ ਹੈ ਤੇ ਸਰਕਾਰਾਂ ਇਸ ਦੀ ਵਰਤੋਂ ਕਰ ਵੀ ਰਹੀਆਂ ਹਨ।

ਹਿੰਦੁਸਤਾਨ ਵਰਗੇ ਵੱਡੀ ਆਬਾਦੀ ਵਾਲੇ, ਵੱਖ-ਵੱਖ ਧਰਮਾਂ/ਵਿਸ਼ਵਾਸਾਂ/

ਜੀਵਨ-ਪੱਧਤੀਆਂ/ਪੱਧਰਾਂ ਵਾਲੇ, ਪੜ੍ਹੇ-ਲਿਖੇ ਅਧਪੜ੍ਹੇ ਅਨਪੜ੍ਹ, ਵਿਹਲੇ ਫਿਰਦੇ, ਵਿਭਿੰਨ ਸੋਚ 'ਤੇ ਮਾਨਸਿਕਤਾ ਵਾਲੇ ਵਿਸ਼ਾਲ ਲੋਕ ਸਮੂਹਾਂ ਨੂੰ ਆਪਣਾ ਵੋਟ ਬੈਂਕ ਬਣਾਈ ਰੱਖਣਾ, ਕਾਬੂ ਹੇਠ ਰੱਖਣਾ, ਜਿੱਥੇ ਸੋਸ਼ਲ ਮੀਡੀਆ ਤੇ ਟੀ.ਵੀ ਚੈਨਲ ਦੇ ਪ੍ਰਭਾਵ ਅਧੀਨ ਵਿਕਸਿਤ ਮੁਲਕਾਂ ਦਾ ਜੀਵਨ-ਪੱਧਰ ਤੇ ਪ੍ਰਬੰਧ ਆਦਿ ਨੂੰ ਵੇਖਣ/ਸਮਝਣ ਦੇ ਮੌਕੇ ਵਧੇ ਹਨ ਉਥੇ ਹੀ ਆਪਣੇ ਸਿਸਟਮ ਵਿਚਲਾ ਭ੍ਰਿਸ਼ਟਾਚਾਰ, ਆਮ ਆਦਮੀ ਦੀ ਦੁਰਗਤ ਆਦਿ ਪ੍ਰਤੀ ਵੀ ਇਕ ਤੁਲਨਾ ਵੀ ਆਮ ਆਦਮੀ ਦੇ ਮਨ ਵਿਚ ਪਨਪਣੀ ਸੁਭਾਵਿਕ ਹੈ। ਇਸ ਤੁਲਨਾ ਕਰਕੇ ਹੀ ਆਪਣੀਆਂ ਸਰਕਾਰਾਂ ਪ੍ਰਤੀ ਰੋਹ, ਗੁੱਸਾ ਤੇ ਉਹਨਾਂ ਨੂੰ ਬਦਲਣ ਦੀ ਲੋੜ ਲਈ ਸੁਚੇਤ ਹੋਣ ਦਾ ਡਰ ਵੀ ਇਸ ਦੀ ਵਰਤੋਂ ਨਾਲ ਜੁੜਿਆ ਹੋਇਆ ਹੈ। ਇਸੇ ਕਰਕੇ ਸਰਕਾਰਾਂ ਤੇ ਸਥਾਪਤੀ ਵਾਲੀਆਂ ਧਿਰਾਂ ਨੇ ਇਸ ਸਾਰੇ ਕੁਝ ਦੇ ਸਮਾਨਾਂਤਰ ਆਪਣਾ ਪ੍ਰਵਚਨ ਸਿਰਜ ਕੇ ਲੋਕ ਮਾਨਸਿਕਤਾ ਦਾ ਹਿੱਸਾ ਬਣਾਉਣ ਲਈ ਆਪਣੀਆਂ ਟੀਮਾਂ ਤਿਆਰ ਕੀਤੀਆਂ ਹੋਈਆਂ ਹਨ, ਜੋ ਵਿਕਸ ਦੇ, ਚੰਗੇ ਜੀਵਨ-ਪੱਧਰ ਦੇ ਝੂਠੇ-ਸੱਚੇ ਅੰਕੜੇ/ਤਸਵੀਰਾਂ ਦੇ ਦੇ ਕੇ ਲੋਕਾਂ ਦੀ ਸੋਚ ਨੂੰ ਸਰਕਾਰ ਦੇ ਹੱਕ ਵਿਚ ਭਰਮਾਉਣ ਦਾ ਯਤਨ ਕਰਦੀਆਂ ਹਨ।

ਇਸ ਵੇਲੇ ਸੋਸ਼ਲ ਮੀਡੀਆ ਦੀ ਸਭ ਤੋਂ ਵੱਡੀ ਸਮੱਸਿਆ ਸੂਚਨਾਵਾਂ ਦੇ ਢੇਰ ਵਿਚੋਂ ਪ੍ਰਮਾਣਿਕ ਸੂਚਨਾਵਾਂ ਦੀ ਪਛਾਣ ਕਰ ਸਕਣਾ ਹੈ। ਸਧਾਰਣ ਵਿਅਕਤੀ ਤਾਂ ਦੂਰ ਸੁਚੇਤ ਤੇ ਪੜ੍ਹੇ-ਲਿਖੇ ਵਿਅਕਤੀ ਲਈ ਵੀ ਸਹੀ ਤੇ ਗ਼ਲਤ ਦੀ ਪਛਾਣ ਕਰ ਸਕਣਾ ਆਸਾਨ ਨਹੀਂ। ਇਸ ਦੀ ਅਹਿਮੀਅਤ ਨੂੰ ਸਮਝਦਿਆਂ ਹੀ ਇੰਟਰਨੈੱਟ ਦੀਆਂ ਦਰਾਂ ਦੇ ਲਿਹਾਜ਼ ਨਾਲ ਸਾਡਾ ਦੇਸ਼ ਸਭ ਤੋਂ ਸਸਤੀਆਂ ਦਰਾਂ ਵਾਲੇ ਮੁਲਕਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ ਤਾਂ ਕਿ ਲੋਕਾਈ ਦੇ ਵੱਡੇ ਵਰਗ ਨੂੰ ਜਿਸ ਕੋਲ ਕੋਈ ਰੁਜ਼ਗਾਰ/ਰੁਝੇਵਾਂ ਨਹੀਂ ਉਸਦੀ ਮਾਨਸਿਕਤਾ ਨੂੰ ਸੋਚਣ/ਸਮਝਣ ਨਾਲੋ ਵਿਛੁੰਨ ਕੇ ਆਪਣੀ ਸੋਚ ਮੁਤਾਬਿਕ ਸਾਧਿਆ ਜਾ ਸਕੇ ਤੇ ਉਹ ਸਿਰਫ਼ ਉਨ੍ਹਾਂ ਦੀ ਸੱਤਾ ਪ੍ਰਾਪਤੀ ਤੇ ਸਲਾਮਤੀ ਦਾ ਸੰਦ ਬਣਿਆ ਰਹਿ ਸਕੇ। ਪਰ ਸੱਤਾ ਪੱਖੀ ਧਿਰਾਂ ਦੇ ਸਮਾਨਾਂਤਰ ਹੀ ਇਸ ਦੀ ਵਰਤੋਂ ਵਿਰੋਧੀ ਧਿਰਾਂ ਵੀ ਬਾ-ਖ਼ੂਬੀ ਕਰ ਰਹੀਆਂ ਹਨ, ਕਿਉਂਕਿ ਉਨ੍ਹਾਂ ਕੋਲ ਵੀ ਸਰਕਾਰ ਦੇ ਹਰ ਪ੍ਰਵਚਨ ਨੂੰ ਗ਼ਲਤ/ਗੁੰਮਰਾਹਕੁੰਨ ਸਿੱਧ ਕਰ ਸਕਣ ਦੇ ਬਹੁਤ ਸਾਰੇ ਵਾਜਬ ਕਾਰਣ ਤੇ ਅੰਕੜੇ ਵੀ ਹਨ। ਜਿਸ ਤਰ੍ਹਾਂ ਪਿਛਲੇ ਥੋੜ੍ਹੇ ਸਮਿਆਂ ਵਿਚ ਟੀ.ਵੀ ਚੈਨਲਾਂ 'ਤੇ ਕਾਰਪੋਰੇਟ ਘਰਾਣਿਆ ਦਾ ਕਬਜ਼ਾ ਹੋਇਆ ਹੈ ਤੇ ਸਰਕਾਰਾਂ ਨਾਲ ਉਨ੍ਹਾਂ ਦਾ ਗਠਜੋੜ ਬਣਿਆ ਹੈ ਇਸ ਨਾਲ ਚੈਨਲਾਂ ਦੀ ਭਰੋਸੇ ਯੋਗਤਾ ਨੂੰ ਬੁਰੀ ਤਰ੍ਹਾਂ ਖੋਰਾ ਲੱਗਿਆ ਹੈ। ਅਜੇਹੇ ਸਮਿਆਂ ਵਿਚ ਸੋਸ਼ਲ ਮੀਡੀਆ ਆਮ ਲੋਕਾਂ ਦੀ ਆਵਾਜ਼ ਦਾ ਇਕ ਸ਼ਕਤੀਸ਼ਾਲੀ ਤੇ ਵਿਆਪਕ ਪ੍ਰਭਾਵ ਵਾਲਾ ਮਾਧਿਅਮ ਬਣ ਕੇ ਸਾਹਮਣੇ ਆਇਆ ਹੈ। ਪਿਛਲੇ ਸਮਿਆਂ ਦੇ ਕਿਸਾਨੀ ਸੰਘਰਸ਼ ਵਿਚ ਪਹਿਲੀ ਵਾਰ ਇਸ ਦੀ ਸਮਰਥਾ ਤੇ ਪਹੁੰਚ ਦਾ ਅੰਦਾਜ਼ਾ ਇਸ ਵਿਚ ਸ਼ਾਮਲ ਲੋਕਾਂ ਨੂੰ ਹੋਇਆ। ਜਦੋਂ ਤਕਰੀਬਨ ਸਾਰੇ ਹੀ ਚੈਨਲ ਇਸ ਸੰਘਰਸ਼ ਦੀ ਦਿੱਖ ਵਿਗਾੜਨ ਤੇ ਆਮ ਲੋਕਾਂ

ਨੂੰ ਇਸ ਸੰਘਰਸ਼ ਦੇ ਖਿਲਾਫ਼ ਭੜਕਾਉਣ ਲਈ ਹਰ ਹਰਬਾ ਵਰਤ ਰਹੇ ਸਨ, ਪਰ ਇਹ ਸੋਸ਼ਲ ਮੀਡੀਆ ਹੀ ਸੀ ਜਿਸ ਨੇ ਸਰਕਾਰੀ ਪ੍ਰਚਾਰ ਤੰਤਰ ਦੀ ਅਸਲੀਅਤ ਨੂੰ ਲੋਕਾਂ ਸਾਹਮਣੇ ਲਿਆਂਦਾ ਚੈਨਲਾਂ ਦੀ ਭਰੋਸੇ ਯੋਗਤਾ ਨੂੰ ਸ਼ਾਇਦ ਸਭ ਤੋਂ ਵੱਧ ਨੁਕਸਾਨ ਇਸ ਸੰਘਰਸ਼ ਦੌਰਾਨ ਹੀ ਹੋਇਆ। ਇਹ ਗੱਲ ਆਮ ਲੋਕਾਂ ਦੀ ਸੋਚ ਦਾ ਹਿੱਸਾ ਬਣੀ ਕਿ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਹਿਤਾਂ ਦੀ ਪੂਰਤੀ ਲਈ ਕਿੱਥੋਂ ਤੱਕ ਜਾ ਸਕਦੀ ਹੈ, ਇਥੋਂ ਤੱਕ ਕੇ ਸੰਵਿਧਾਨ ਵੱਲ ਵੀ ਪਿੱਠ ਕੀਤੀ ਜਾ ਸਕਦੀ ਹੈ।

ਇਸ ਮਾਧਿਅਮ ਦੇ ਬੇ-ਲਗਾਮ ਹੋਣ ਕਰਕੇ ਇਸ ਦੀਆਂ ਆਪਣੀਆਂ ਸੀਮਾਵਾਂ ਵੀ ਹਨ, ਕਿਉਂਕਿ ਇਸ ਦੀ ਵਰਤੋਂ ਕਰਨ ਵਾਲਿਆਂ ਦੇ ਮਾਨਸਿਕ ਪੱਧਰ ਵਿਚ ਇਤਨਾ ਵੱਡਾ ਅੰਤਰ ਹੈ ਕਿ ਇਸ ਦੀ ਦੁਰਵਰਤੋਂ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਮਾਧਿਅਮ ਰਾਹੀਂ ਮਿਲ ਰਹੀ ਸੂਚਨਾ ਦੀ ਪ੍ਰਮਾਣਿਕਤਾ ਵੀ ਸ਼ੱਕੀ ਤੇ ਗ਼ੈਰ-ਯਕੀਨੀ ਵਾਲੀ ਹੁੰਦੀ ਹੈ। ਇਸ ਦੇ ਨਾਲ ਹੀ ਇਸ ਦੀ ਵਰਤੋਂ ਕਰਨ ਵਾਲੇ ਆਪਣੇ ਪੂਰਵ-ਮਿੱਥਿਤ ਏਜੰਡੇ ਤਹਿਤ ਕੰਮ ਕਰਦੇ ਨਜ਼ਰ ਆਉਂਦੇ ਹਨ। ਅਜੋਕੇ ਸਮਿਆਂ ਵਿਚ ਇਸ ਦੀ ਵਧੇਰੇ ਵਰਤੋਂ ਬਹੁ-ਗਿਣਤੀ ਦੁਆਰਾ ਆਪਣਾ ਧਾਰਮਿਕ/ਰਾਜਨੀਤਿਕ ਏਜੰਡਾ ਲਾਗੂ ਕਰਨ, ਘੱਟ ਗਿਣਤੀਆਂ ਨੂੰ ਦਬਾਉਣ/ਡਰਾਉਣ/ਧਮਕਾਉਣ ਤੇ ਬਦਨਾਮ ਕਰਨ ਵਾਲਾ ਹੈ। ਇਸਦੀ ਅਜੇਹੀ ਵਰਤੋਂ ਨੇ ਸਾਡੀ ਧਾਰਮਿਕ ਰਵਾਦਾਰੀ, ਸਹਿਣਸ਼ੀਲਤਾ ਨੂੰ ਵੱਡੀ ਸੱਟ ਮਾਰੀ ਹੈ। ਹੁਣ ਅਸਹਿਮਤੀ ਪ੍ਰਗਟ ਕਰਨ ਵਾਲੇ ਨਾਲ ਦਲੀਲ ਨਾਲ ਗੱਲ ਕਰਨ ਦੀ ਬਜਾਇ ਤਰਕ/ਦਲੀਲ ਰਹਿਤ ਅਸੱਭਿਅਕ ਭਾਸ਼ਾ, ਆਪਹੁਦਰਾਪਣ ਇਸ ਮਾਧਿਅਮ ਦੀ ਮਨ ਪਸੰਦ ਸੰਚਾਰ ਜੁਗਤ ਬਣਦੀ ਜਾ ਰਹੀ ਹੈ। ਇਸ ਦਾ ਸਭ ਤੋਂ ਵੱਧ ਮਾਰੂ ਅਸਰ ਇਸ ਦੀ ਸਭ ਤੋਂ ਵੱਧ ਵਰਤੋਂ ਕਰਨ ਵਾਲੀ ਜਵਾਨ ਪੀੜ੍ਹੀ 'ਤੇ ਹੋ ਰਿਹਾ ਹੈ। ਇਕ ਪਾਸੇ ਇਨ੍ਹਾਂ ਮਾਧਿਅਮਾਂ ਨੇ ਜਿਥੇ ਵਿਅਕਤੀ ਨੂੰ ਸਮਾਜਕ ਜੀਵਨ ਨਾਲੋਂ ਤੋੜ ਕੇ ਨਿਰੋਲ ਨਿੱਜ ਤਕ ਸੀਮਤ ਕੀਤਾ ਹੈ ਉੱਥੇ ਨੌਜਵਾਨ ਪੀੜ੍ਹੀ ਦਾ ਰੁਝਾਨ ਪੋਰਨੋਗ੍ਰਾਫੀ ਵੱਲ ਵੀ ਵਧ ਰਿਹਾ ਹੈ ਜਿਸ ਦੇ ਬਹੁਤ ਸਾਰੇ ਸਮਾਜਕ ਪਹਿਲੂ ਹਨ, ਜੋ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਕਾਰਣ ਬਣ ਰਹੇ ਹਨ।

ਇਸ ਦੇ ਬਾਵਜੂਦ ਇਹ ਮਾਧਿਅਮ ਆਮ ਲੋਕਾਂ ਵਿਚ ਲੁਕੀ ਹੋਈ ਪ੍ਰਤਿਭਾ ਲਈ ਢੁਕਵਾਂ ਪਲੈਟਫ਼ਾਰਮ ਵੀ ਬਣ ਰਿਹਾ ਹੈ। ਬਹੁਤ ਸਾਰੇ ਲੋਕ ਇਸ ਦੇ ਮਾਧਿਅਮ ਰਾਹੀਂ ਆਪਣੇ ਜੀਵਨ ਅਨੁਭਵ ਵਾਰਤਕ/ਕਵਿਤਾ ਦੇ ਮਾਧਿਅਮ ਰਾਹੀਂ ਲਿਖ ਰਹੇ ਹਨ ਤੇ ਉਨ੍ਹਾਂ ਅੰਦਰਲੇ ਲੇਖਕ ਕਲਾਕਾਰ ਨੂੰ ਇਕ ਢੁਕਵਾਂ ਮਾਧਿਅਮ ਮਿਲ ਰਿਹਾ ਹੈ, ਜੋ ਸ਼ਾਇਦ ਇਸ ਦੀ ਅਣਹੋਂਦ ਵਿਚ ਸੰਭਵ ਨਹੀਂ ਸੀ।

ਸਮੁੱਚੇ ਰੂਪ ਵਿਚ ਇਸ ਮਾਧਿਅਮ ਦੀਆਂ ਅਸੀਮ ਸੰਭਾਵਨਾਵਾਂ ਹਨ, ਪਰ ਜ਼ਰੂਰਤ ਹੈ ਇਸ ਦੀ ਵਰਤੋਂ ਵਧੇਰੇ ਸਮਝਦਾਰੀ ਤੇ ਸ੍ਵੈ-ਅਨੁਸ਼ਾਸਨ ਵਾਲੀ ਮਾਨਸਿਕਤਾ ਨਾਲ ਕੀਤੀ ਜਾਵੇ ਤਾਂ ਕਿ ਅਸਹਿਮਤੀ ਨੂੰ ਵੀ ਢੁਕਵੀਂ ਸਪੇਸ ਮਿਲ ਸਕੇ।

ਪੰਜ ਗ਼ਜ਼ਲਾਂ

-ਗੁਰਦਿਆਲ ਰੌਸ਼ਨ

## ਪਿਆਸ ਹੋ

ਨਾ ਤਿਤਲੀਆਂ ਉਡ ਜਾਣ 'ਤੇ ਐਨਾ ਉਦਾਸ ਹੋ।
ਜੇਕਰ ਨਦੀ ਦੀ ਭਾਲ ਹੈ ਪਹਿਲਾਂ ਪਿਆਸ ਹੋ।

ਜੇ ਬਣ ਸਕੇਂ ਤਾਂ ਆਪਣੀ ਮਾਂ ਦਾ ਦੁਪੱਟਾ ਬਣ,
ਤੇ ਏਸ ਪਿੱਛੋਂ ਆਪਣੇ ਪਿਉ ਦਾ ਲਿਬਾਸ ਹੋ।

ਜਿਹਲਮ ਤੇ ਰਾਵੀ ਆਉਣਗੇ ਤੇਰੇ ਕਰੀਬ ਫਿਰ,
ਗੰਗਾ ਤੇ ਜਮਨਾ ਬਣ, ਤੂੰ ਫਿਰ ਸਤਲੁਜ, ਬਿਆਸ ਹੋ।

ਮਿਲਿਐਂ ਤੂੰ ਚਿਰ ਦੇ ਬਾਦ ਐਨਾ ਫ਼ਾਸਲਾ ਨਾ ਰੱਖ,
ਦੂਰੋਂ ਸਲਾਮ ਆਖ ਨਾ, ਥੋੜ੍ਹਾ ਕੁ ਪਾਸ ਹੋ।

ਇਕ ਜਿਸਮ ਬਣ, ਇਕ ਜਾਨ ਹੋ ਤੈਨੂੰ ਜੇ ਪਿਆਰ ਹੈ,
ਤੂੰ ਖ਼ੂਨ ਵਿਚ ਰਚ ਜਾ ਮੇਰੇ, ਮੇਰਾ ਸਵਾਸ ਹੋ।

ਜੂੜੇ ਨੂੰ ਖੋਲ੍ਹ ਕੇ ਨਾ ਏਦਾਂ ਮੀਢੀਆਂ ਬਣਾ,
ਮੈਂ ਫੁੱਲ ਬਣ ਜਾਵਾਂਗਾ ਪਰ ਤੂੰ ਅਮਲਤਾਸ ਹੋ।

ਜੇ ਰੁੱਖ ਏਂ ਤੂੰ ਇਸ ਤਰ੍ਹਾਂ ਸੂਲਾਂ ਨਾ ਪੈਦਾ ਕਰ,
ਛਾਂ ਵੰਡ, ਤੂੰ ਕੂੰਜਾਂ ਦੇ ਬੋਟਾਂ ਦਾ ਨਿਵਾਸ ਹੋ।

ਜੇਕਰ ਦਿਲਾ, ਰਖਦੈਂ ਕਿਸੇ ਕੋਲੋਂ ਉਮੀਦ ਤੂੰ,
ਧੜਕਣ ਕਿਸੇ ਦੀ ਬਣ ਕਿਸੇ ਪਤਝੜ ਦੀ ਆਸ ਹੋ।

ਪੈਰਾਂ ਨੂੰ ਰੱਖ ਜ਼ਮੀਨ 'ਤੇ ਉਡ ਨਾ ਆਕਾਸ਼ ਵਿਚ,
ਚਾਹੁੰਦੈਂ ਜੇ ਨਾਮ ਆਪਣਾ, ਬਹੁਤਾ ਨਾ ਖ਼ਾਸ ਹੋ।

'ਰੌਸ਼ਨ' ਜੇ ਆਉਣੈ, ਸਾਹਮਣੇ ਫਿਰ ਸ਼ਾਖ਼ਸਾਤ ਆ,
ਅਨੁਮਾਨ ਨਾ ਹੀ ਕਲਪਨਾ, ਨਾ ਤੂੰ ਕਿਆਸ ਹੋ।

## ਸੁਣਦੀ ਰਹੀ

ਰਾਤ ਸੀ ਖ਼ਾਮੋਸ਼ ਪਰ ਆਵਾਜ਼ ਇਕ ਸੁਣਦੀ ਰਹੀ।
ਯਾਦ ਤੇਰੀ ਤੀਰ ਮੇਰੇ ਜਿਸਮ 'ਤੇ ਖੁਣਦੀ ਰਹੀ।

ਰਹਿ ਗਈ ਬਸ ਲੀਕ ਮਾਤਰ ਕੁਝ ਨਾ ਬਚਿਆ ਓਸ ਦਾ,
ਜੋ ਨਦੀ ਸੀ ਖ਼ਾਬ ਸਾਗਰ ਹੋਣ ਦਾ ਬੁਣਦੀ ਰਹੀ।

ਕੰਡਿਆਂ ਨੇ ਓਸ ਨੂੰ ਬੇਜ਼ਾਰ ਕੀਤਾ ਹੈ ਸਦਾ,
ਪਰ ਮੁਹੱਬਤ ਫੇਰ ਵੀ ਫੁੱਲ ਬਾਗ਼ 'ਚੋਂ ਚੁਣਦੀ ਰਹੀ।

ਰੋਕ ਸਕਿਆ ਜ਼ਿੰਦਗੀ ਵਿਚ ਕੌਣ ਇਹਨਾਂ ਨੂੰ ਭਲਾ,
ਦਿਲ ਦੀਆਂ ਲਹਿਰਾਂ ਨੂੰ ਦੁਨੀਆਂ ਬੇਵਜ੍ਹਾ ਪੁਣਦੀ ਰਹੀ।

ਲੋਕ ਰੰਗਾਂ ਤੇ ਅਦਾਵਾਂ ਦੀ ਕਲਾ 'ਤੇ ਡੁੱਲ੍ਹ ਗਏ,
ਕਦਰ ਨਾ ਕੋਈ ਅਜੋਕੇ ਦੌਰ ਵਿਚ ਗੁਣ ਦੀ ਰਹੀ।

ਠੀਕ ਹੈ ਇਸ ਦੀ ਨਜ਼ਰ ਵਿਚ ਸਨ ਘਰੌਂਦੇ ਹੋਰ ਵੀ,
ਪਰ ਤਬਾਹੀ ਤਾਂ ਮੇਰਾ ਘਰ ਖ਼ਾਸ ਕਰ ਚੁਣਦੀ ਰਹੀ।

ਕੂਕਦੀ ਕੋਇਲ ਦੇ ਅੰਦਰ ਹੋਰ ਸੀ ਕੁਝ ਚੱਲ ਰਿਹਾ,
ਬਾਰਿਸ਼ਾਂ ਵਿਚ ਮੋਰ ਨੂੰ ਬਸ, ਰੀਝ ਰੁਣ ਝੁਣ ਦੀ ਰਹੀ।

ਹਾੜ੍ਹ ਦੀ ਗਰਮੀ 'ਚ ਲੂੰਆਂ ਨੇ ਸੀ ਪਹਿਲਾਂ ਤੁੰਬਿਆ,
ਫੇਰ ਸੁੱਕੇ ਬਿਰਖ 'ਤੇ ਚਿੰਤਾ ਬਣੀ ਘੁਣ ਦੀ ਰਹੀ।

## ਆਰਾਮਗਾਹਾਂ

ਜਬਰ-ਘਰ, ਜੇਲ੍ਹਾਂ ਤੇ ਥਾਣੇ ਏਸ ਦੇ ਪ੍ਰਤੀਕ ਨੇ।
ਕਿੰਨੀਆਂ ਆਰਾਮਗਾਹਾਂ ਆਪਣੇ ਨਜ਼ਦੀਕ ਨੇ।

ਕਾਫ਼ਿਲੇ ਦਾ ਕਤਲ ਕੋਈ ਸਰਸਰੀ ਘਟਨਾ ਨਹੀਂ,
ਖ਼ੂਨ ਦੇ ਤੁਪਕੇ ਗਿਰੇ ਦਿਸਦੇ ਤੇਰੇ ਘਰ ਤੀਕ ਨੇ।

ਇਹ ਰੁਕਾਵਟ ਤਾਂ ਬੜੀ ਆਸਾਨ ਹੈ ਲੰਘਣ ਲਈ,
ਸਾਡਿਆਂ ਪੈਰਾਂ ਕਈ ਕੀਤੇ ਕਿਲੇ ਬਾਰੀਕ ਨੇ।

ਢੇਰ ਖੰਭਾਂ ਦੇ ਤੇਰੀ ਵਹਿਸ਼ਤ ਦਾ ਹੀ ਪ੍ਰਮਾਣ ਹਨ,
ਅੱਥਰੂ ਮਾਸੂਮ ਤੇਰੇ ਜੁਰਮ ਦੀ ਤਸਦੀਕ ਨੇ।

ਇੱਕ ਬਿੰਦੂ ਬਣ ਗਿਆ ਜੇ ਬਹੁਤ ਹੈ ਜਿੱਤਣ ਲਈ,
ਪਰ ਤਬਾਹੀ ਨਫ਼ਜ਼ ਕਰ ਦੇਣੀ ਹੈ ਛੋਟੀ ਲੀਕ ਨੇ।

ਸ਼ਰਮ ਆਉਂਦੀ ਹੈ ਜਦੋਂ ਮੇਰਾ ਵਤਨ ਇਹ ਬੋਲਦੈ,
ਜੂਝਦੇ ਲੋਕੀ ਗੁਆਂਢੀ ਮੁਲਕ ਦੇ ਵਸਨੀਕ ਨੇ।

ਪੜ੍ਹਨ ਵਾਲੇ ਮਾਣ ਕਰਿਆ ਕਰਨਗੇ ਹਰ ਯੁੱਗ ਵਿਚ,
ਅੱਜ ਜੋ ਇਤਿਹਾਸ ਲਿਖ ਦਿੱਤਾ ਹੈ ਇਕ ਤਹਿਰੀਕ ਨੇ।

ਸਿਰਫ਼ ਘਰ, ਖਲਿਆਣ, ਮੇਰੇ ਖੇਤ ਹੀ ਖ਼ਤਰੇ ’ਚ ਹਨ,
ਇਸ ਵਤਨ ਦੇ ਉਂਞ ਤਾਂ ਹਾਲਾਤ ‘ਰੌਸ਼ਨ’ ਠੀਕ ਨੇ।

## ਰੇਸ਼ਮ ਦੀ

ਰੇਸ਼ਮ ਦੀ ਕਿਉਂ ਬੇਪ੍ਰਤੀਤੀ ਹੋਈ ਹੈ।
ਕਿਸ ਨੇ ਕੁੜਤੀ ਉਲਟੀ ਸੀਤੀ ਹੋਈ ਹੈ?

ਓਧਰ ਡੋਬਾ ਹੈ ਤੇ ਸੋਕਾ ਹੈ ਏਧਰ,
ਲਗਦੈ ਤੇਰੇ ਰੱਬ ਨੇ ਪੀਤੀ ਹੋਈ ਹੈ।

ਮਾਣ ਦਿਲਾ ਅਜ, ਆਪਾਂ ਇਸ ਤੋਂ ਕੀ ਲੈਣੈਂ,
ਕਿੰਨੀ ਬਾਕੀ, ਕਿੰਨੀ ਬੀਤੀ ਹੋਈ ਹੈ।

ਉਹ ਕਦ ਡਰਦਾ ਹੈ ਸੱਪਾਂ ਦੇ ਡੰਗਾਂ ਤੋਂ,
ਜਿਸ ਬੰਦੇ ਨੇ ਖੇਤੀ ਕੀਤੀ ਹੋਈ ਹੈ।

ਪੈਸਾ ਤਾਂ ਹੈ, ਉਸ ਵਿਚ ਭੋਰਾ ਪਿਆਰ ਨਹੀਂ,
ਤੇਰੀ ਜਿਸ ਦੇ ਨਾਲ ਪ੍ਰੀਤੀ ਹੋਈ ਹੈ।

ਤੈਨੂੰ ਹੁਣ ਉਹ ਕਿਸ਼ਤਾਂ ਦੇ ਵਿਚ ਮੋੜਾਂਗੇ,
ਸਾਡੇ ਨਾਲ ਤੂੰ ਜਿਹੜੀ ਕੀਤੀ ਹੋਈ ਹੈ।

ਆਪਾਂ ਵੀ ਦਿੱਤੀ ਹੈ ਧਾਰ ਵਿਚਾਰਾਂ ਨੂੰ,
ਤੂੰ ਜੇ ਖ਼ਾਸ ਘੜੀ ਰਣਨੀਤੀ ਹੋਈ ਹੈ।

ਇਕ ਚੰਗਾ ਪੱਖ ਹੈ ਖੇਤੀ ਕਾਨੂੰਨਾ ਦਾ,
ਤਬਦੀਲੀ ਦੀ ਮੁੜ ਸੁਰਜੀਤੀ ਹੋਈ ਹੈ।

ਪੁੱਛ ਨਾ ਕੀ ਕੀ ਜ਼ੁਲਮ ਢਹੇ ਨੇ ਸਾਡੇ 'ਤੇ,
ਸਾਡੇ ਉੱਤੇ ਕੀ ਕੀ ਬੀਤੀ ਹੋਈ ਹੈ।

ਬਾਹਾਂ ਨੂੰ ਬਾਹਾਂ ਮਿਲੀਆਂ ਨੇ ਆਫ਼ਤ ਵਿਚ,
ਸਿਰ ਪਰਨੇ ਵੰਡਣ ਦੀ ਨੀਤੀ ਹੋਈ ਹੈ।

## ਜਲੰਧਰ ਸ਼ਹਿਰ ਵਿਚ

ਬੋਲ ਤੂੰ ਅਰਕਾਨ ਵਿਚ, ਜੇ ਹੋ ਸਕੇ ਚੱਲ ਬਹਿਰ ਵਿਚ।
ਨਾ ਗਿਰਾ ਬੈਠੀਂ ਕਿਤੇ ਝੁਮਕਾ ਜਲੰਧਰ ਸ਼ਹਿਰ ਵਿਚ।

ਸ਼ੁਕਰ ਕਰ, ਕਿ ਜੇਬ ਦੀ ਪੂੰਜੀ ਗਵਾ ਕੇ ਸਰ ਗਿਆ,
ਹੋਰ ਵੀ ਧੰਦੇ ਬੜੇ ਚਲਦੇ ਪਏ ਨੇ ਗਹਿਰ ਵਿਚ।

ਫੇਰ ਵੀ ਜੂਝਣ ਦਾ ਸਾਡਾ ਸ਼ੌਂਕ ਨਾ ਮੱਠਾ ਪਿਆ,
ਪੜ੍ਹ ਲਿਆ ਸੀ ਮੌਤ ਦਾ ਜੁਗਰਾਫ਼ੀਆ ਹਰ ਲਹਿਰ ਵਿਚ।

ਕੁਝ ਦਿਨਾਂ ਤੋਂ ਏਸ ਦੇ ਪਾਣੀ ਦੀ ਰੰਗਤ ਲਾਲ ਹੈ,
ਸੁੱਕ ਗਈ ਤਾਂ ਮਾਨਵੀ ਪਿੰਜਰ ਮਿਲਣਗੇ ਨਹਿਰ ਵਿਚ।

ਮੈਂ ਉਨ੍ਹਾਂ ਨੂੰ ਫਿਰ ਵੀ ਸ਼ਿਅਰਾਂ ਵਿਚ ਦੁਆਵਾਂ ਭੇਜੀਆਂ,
ਜੋ ਰਹੇ ਲਿਖਦੇ ਗ਼ਜ਼ਲ ਕਲਮਾਂ ਡੁਬੋ ਕੇ ਜ਼ਹਿਰ ਵਿਚ।

ਅੱਗ ਲਾ ਕੇ ਬਾਦ ਵਿਚ ਦਸਦੇ ਨੇ ਦਰਿਆ ਦਾ ਪਤਾ,
ਦੇਖ ਲੈ, ਕਿੰਨਾ ਸਲੀਕਾ ਹੈ ਉਨ੍ਹਾਂ ਦੇ ਕਹਿਰ ਵਿਚ।

ਮੇਰੀਆਂ ਅੱਖਾਂ ਤੇ ਮੇਰੇ ਜਿਸਮ ਨੂੰ ਕੀ ਹੋ ਗਿਐ,
ਰਾਤ ਵਰਗਾ ਹੋ ਰਿਹਾ ਅਹਿਸਾਸ ਹੈ ਦੋਪਹਿਰ ਵਿਚ।

ਸੱਚ ਕਹਾਂ ਤਾਂ, ਓਸ ਦਾ ਆਨੰਦ ਹੀ ਕੁਝ ਹੋਰ ਹੈ,
ਆਦਮੀ ਨੂੰ ਨੀਂਦ ਜੋ ਆਉਂਦੀ ਹੈ ਪਿਛਲੇ ਪਹਿਰ ਵਿਚ।

ਹੈ ਦਿਲੋਂ ਸਤਿਕਾਰ, ਐ 'ਰੌਸ਼ਨ' ਉਨ੍ਹਾਂ ਦਾ ਸ਼ੁਕਰੀਆ,
ਵੱਢ ਗਏ ਜੋ ਮੇਰੀਆਂ ਸ਼ਾਖ਼ਾਂ ਪਲਾਂ ਦੀ ਠਹਿਰ ਵਿਚ।

## ਤਿੰਨ ਕਵਿਤਾਵਾਂ

-ਡਾ. ਜਨਮੀਤ

### ਮੈਂ ਕਿਹੜੀ ਸਿਮਤ ਜਾਣਾ ਹੈ

ਨਾ ਕੋਈ ਪਰਬਤ
ਨਾ ਜੰਗਲ
ਨਾ ਕੋਈ ਝਰਨਾ
ਨਾ ਦਰਿਆ
ਨਾ ਕੋਈ ਡੰਡੀ
ਨਾ ਪਗਡੰਡੀ
ਕੋਈ ਰਸਤਾ, ਕੋਈ ਸ਼ਾਹ-ਰਾਹ
ਜਦੋਂ ਸੱਦਾ ਨਹੀਂ ਦਿੰਦੇ
ਮੁਸਾਫ਼ਿਰ ਸੋਚਦਾ ਹੈ.....

ਉੱਤਰ ਤੇ ਨਾ ਦੱਖਣ
ਪੂਰਬ ਤੇ ਨਾ ਪੱਛਮ
ਜਦੋਂ ਪਹਿਚਾਣ ਨਈਂ ਹੁੰਦੇ
ਧੁੰਦ ਵਿੱਚ ਗੁੰਮ ਜਾਂਦੇ ਹਨ
ਮੁਸਾਫ਼ਿਰ ਸੋਚਦਾ ਹੈ.....

ਜਦੋਂ ਸੂਰਜ ਦਾ ਗੋਲਾ
ਯਖ਼ ਹੋ ਜਾਂਦੈ
ਤੇ ਚੰਦਾ ਨਜ਼ਰ ਨਈਂ ਆਉਂਦਾ
ਸਿਤਾਰੇ ਟਿਮਟਿਮਾਉਣਾ ਭੁੱਲ ਜਾਂਦੇ ਹਨ
ਮੁਸਾਫ਼ਿਰ ਸੋਚਦਾ ਹੈ.....

ਜਦੋਂ ਚਾਨਣ, ਜਦੋਂ ਨ੍ਹੇਰਾ
ਰਲ ਕੇ ਸਾਜ਼ਿਸ਼ਾਂ ਕਰਦੇ
ਮੁਸਾਫ਼ਿਰ ਸੋਚਦਾ ਹੈ....

ਜਦੋਂ ਧਰਤੀ ਤੇ
ਸੋਕਾ ਖਿੱਲੀਆਂ ਪਾਉਂਦੈ
ਤੇ ਅੰਬਰ ਵਿਚ ਕਿਧਰੇ
ਦੂਰ ਤਕ ਬੱਦਲ ਨਹੀਂ ਦਿਸਦੇ
ਮਹਿਜ਼ ਮਿਜ਼ਾਇਲ ਦਿਸਦੇ ਹਨ
ਬੰਜਰ ਹੋ ਰਹੀ ਧਰਤੀ ਨੂੰ
ਲਾਂਬੂ ਨਿਗਲਣਾ ਚਾਹੁੰਦੈ
ਜਦੋਂ ਕਿਣਮਿਣ ਨਹੀਂ ਹੁੰਦੀ
ਮੁਸਾਫ਼ਿਰ ਸੋਚਦਾ ਹੈ
ਮੈਂ ਕਿਹੜੀ ਸਿਮਤ ਜਾਣਾ ਹੈ.....

## ਜੇਲ੍ਹ

ਮੇਰੇ ਕਸ਼ਮੀਰ ਤੋਂ
ਕੰਨਿਆ ਕੁਮਾਰੀ ਤਕ
ਇਹ ਮੀਲੋ ਮੀਲ
ਹੁੰਦਾ ਜਾ ਰਿਹਾ ਹੈ,
ਮੇਰਾ ਇਹ ਦੇਸ਼
ਖੁੱਲ੍ਹੀ ਜੇਲ੍ਹ ਵਿੱਚ
ਤਬਦੀਲ ਹੁੰਦਾ ਜਾ ਰਿਹਾ ਹੈ ।

## ਗਿਲਾ

ਗਿਲਾ ਸੀ
ਦਾਦੀ ਮੇਰੀ ਨੂੰ
ਅਛੂਤਾਂ ਕੰਮੀਆਂ ਉੱਤੇ
ਇਹਨਾਂ ਦਾ ਢਿੱਡ ਨਈਂ ਭਰਦਾ
ਤੇਰਾ ਚਾਚਾ,
ਜੋ ਗੱਡਾ ਆਟੇ ਦਾ ਭਿਆਉਂਦਾ ਹੈ
ਇਹ ਸਾਰਾ ਹਜ਼ਮ ਕਰਕੇ ਵੀ
ਨਹੀਂ ਰੱਜਦੇ.....।

ਦਾਦਾ
ਚੁੱਪ ਰਹਿੰਦਾ ਸੀ
ਤੇ ਬੱਸ ਏਨਾ ਹੀ ਕਹਿੰਦਾ ਸੀ
"ਭਾਗਵਾਨੇ ! ਸਬਰ ਕਰ
ਭਾਗਵੰਤੀ ਰੱਖਿਆ ਸੀ ਨਾਮ ਤੇਰਾ
ਜਦੋਂ ਵਿਆਹ ਕੇ ਲਿਆਂਦੀ ਸੀ ।
ਇਹਨਾਂ ਵਿਚਾਰੇ ਗ਼ੁਰਬਿਆਂ ਨੂੰ
ਲੋੜ ਹੈ ਤੇਰੀ ।
ਭਾਗਵਾਨੇ ! ਸਬਰ ਕਰ
ਮੰਦਾ ਬੋਲਣਾ
ਸ਼ੋਭਾ ਨਹੀਂ ਦਿੰਦਾ।"

ਗਿਲਾ ਸੀ
ਬੀਜੀ ਮੇਰੀ ਨੂੰ
ਬਾਪ ਮੇਰੇ ਤੇ
ਇਹ ਕੁੱਤਿਆਂ ਬਿੱਲਿਆਂ ਨੂੰ
ਘਰ ਲੈ ਆਉਂਦਾ ਹੈ।
ਉਹਨਾਂ ਨੂੰ ਸਿਰ ਤੇ ਬਿਠਾਉਂਦਾ ਹੈ
ਤੇ ਉਹ,
ਜੋ ਸਾਥੀ ਕਹਾਉਂਦੇ ਨੇ
ਖਾ ਕੇ ਮੀਟ ਮੁਰਗਾ
ਸੂਰਜ ਚੜ੍ਹਨ ਤੋਂ ਪਹਿਲਾਂ ਹੀ
ਪੱਤਰਾ ਵਾਚ ਜਾਂਦੇ ਨੇ।

ਗਿਲਾ ਸੀ
ਮੇਰੀ ਬੀਜੀ ਨੂੰ
ਉਹਨਾਂ ਨੂੰ ਲੁਕਣ ਲਈ
ਸਾਡਾ ਈ ਘਰ ਲੱਭਿਆ ?

ਗਿਲਾ ਹੈ
ਮੇਰੀ ਬੀਵੀ ਨੂੰ
ਕਿ ਪੜ੍ਹ ਲਿਖ ਕੇ ਵੀ ਮੈਨੂੰ
ਅਕਲ ਨਹੀਂ ਆਈ
ਮੈਂ ਚੰਡੀਗੜ੍ਹ ਨਹੀਂ ਵੱਸਿਆ ।

ਗਿਲਾ ਹੈ
ਮੇਰੀ ਬੀਵੀ ਨੂੰ
ਮੈਂ ਸਮੇਂ ਸਿਰ ਡਿਨਰ ਨਹੀਂ ਕਰਦਾ
ਤੇ ਪਿੰਡ ਦੇ
ਅਛੂਤਾਂ ਕੰਮੀਆਂ ਦੇ
ਲੱਲੂਆਂ ਪੰਜੂਆਂ ਨੂੰ
ਕਾਰ ਤੇ ਸੈਰਾਂ ਕਰਾਉਂਦਾ ਹਾਂ
ਝੂਟੇ ਝੁਟਾਉਂਦਾ ਹਾਂ ।
ਨਲੀਆਂ ਪੂੰਝਦਾ
ਬੋਦਿਆਂ ਨੂੰ
ਜੌਹਨਸਨ ਸ਼ੈਂਪੂ ਲਗਾਉਂਦਾ ਹਾਂ
ਬਰਗਰ, ਪੀਜ਼ੇ ਖਿਲਾਉਂਦਾ ਹਾਂ।

ਗਿਲਾ ਹੈ
ਮੇਰੀ ਬੀਵੀ ਨੂੰ
ਪੜ੍ਹ ਲਿਖ ਕੇ ਵੀ
ਮੈਨੂੰ ਭੋਰਾ ਅਕਲ ਨਈਂ ਆਈ।

ਮੇਰੀ ਦਾਦੀ,
ਮੇਰੀ ਬੀਜੀ,
ਮੇਰੀ ਬੀਵੀ
ਮੇਰੇ ਸਭ ਤੋਂ ਪਵਿੱਤਰ
ਰਿਸ਼ਤਿਆਂ ਦੇ
ਤਿੰਨ ਸਿਰਨਾਵੇਂ
ਗਿਲਾ ਕਰਨੇ ਨੂੰ ਜੀਅ ਕਰਦੈ
ਤੁਸੀਂ ਦੱਸੋ
ਕਰਾਂ ? ਕਿ ਨਾ
ਜਾਂ ਚੁੱਪ ਰਹਿਣਾ ਹੀ ਬੇਹਤਰ ਹੈ।

# ਮੁਖ਼ਾਤਿਬ ਹਾਂ

-ਡਾ. ਹਰਭਜਨ ਢਿੱਲੋਂ

1.

ਮੇਰੇ ਬਹੁਤ ਪਿਆਰੇ ਯਾਰੋ
ਗੂੜ੍ਹੇ ਰੱਤੇ ਰਿਸ਼ਤੇਦਾਰੋ,
ਜਦ ਵੀ ਮੇਰਾ ਮਨ ਘਬਰਾਉਂਦਾ
ਜਾਂ ਕੋਈ ਗੁੱਝਾ ਡਰ ਡਰਾਉਂਦਾ
ਮੈਂ ਤੁਹਾਡੇ ਨਾਲ ਗੱਲਾਂ ਕਰਕੇ,
ਕਈ ਹਨੇਰੇ ਚੀਰ ਜਾਂਦਾ ਹਾਂ।
ਅਕਸਰ ਮੇਰੀ ਮਾਂ ਪੁੱਛਦੀ ਹੈ,
ਪੁੱਤਰ ਜਿੱਥੇ ਪਹੁੰਚ ਗਿਆ ਏਂ
ਕਿੱਦਾਂ ਦਾ ਉਹ ਦੇਸ ?
ਕਿੱਦਾਂ ਦਾ ਤੇਰਾ ਖਾਣਾ ਪੀਣਾ ?
ਕਿੱਦਾਂ ਦਾ ਤੇਰਾ ਵੇਸ ?
ਉਂਝ ਹੀ ਪੱਗ ਤੇਰੀ ਪੇਚਾਂ ਵਾਲੀ,
ਜਾਂ ਕੱਟ ਗਏ ਨੇ ਕੇਸ।
ਮੈ ਮਾਂ ਨੂੰ ਇਹ ਦੱਸਦਾ ਹਾਂ,
ਖ਼ੂਬਸੂਰਤ ਇਹ ਦੇਸ ਨੀ ਮਾਏਂ,
ਠੰਡੇ ਠੰਡੇ ਲੋਕ
ਕੋਈ ਹੱਥ, ਕੋਈ ਹਿੱਕ ਨਾ ਨਿੱਘੀ,
ਨਾ ਕੋਈ ਸਾਂਝ ਮਹੀਨ।
ਪਰ ਪਿੰਡ ਵੀ ਮਾਏਂ ਤੰਗੀ ਤੁਰਸ਼ੀ,
ਦਿੰਦੀ ਨਹੀਂ ਸੀ ਜੀਣ।

2.

ਮਾਂ ਤੋਂ ਬਾਅਦ ਬਾਪ ਬੋਲਦਾ
ਇਹਤਾਂ ਕਮਲ ਖਲਾਰੀ ਜਾਂਦੀ,

ਇਸਦੀ ਗੱਲ ਨਾ ਦਿਲ ਤੇ ਲਾਵੀਂ
ਜਿੰਨੀ ਬਾਗ਼ੀ ਫਲ ਹੈ ਬਹੁਤਾ
ਉਨੀ ਬਾਗ਼ੀਂ ਜਾਵੀ।
ਨਿੱਕਾ ਜਿਹਾ ਖੰਗੂਰਾ ਮਾਰਕੇ,

ਅਸਲੀ ਗੱਲ ਤੇ ਆ ਜਾਂਦਾ ਹੈ।
ਜੇ ਤੂੰ ਹਾਮੀ ਭਰੇਂ ਤਾਂ ਆਪਾਂ,
ਔਖੇ ਸੌਖੇ ਸਾਰ ਲਈਏ।
ਟਾਹਲੀ ਵਾਲੀ ਪੈਲ਼ੀ ਦੇ ਪੈਸੇ,
ਐਤਕੀਂ ਚੇਤੋਂ ਤਾਰ ਦਈਏ।
ਕੋਈ ਨਾ ਕੋਈ ਨਾ ਮੈ ਕਹਿੰਦਾ ਹਾਂ
ਪਰ ਅੰਦਰੋਂ ਕਿਧਰੇ ਤਿੜਕ ਜਾਂਦਾ ਹਾਂ
ਕਿੱਦਾਂ ਸਰਵਣ ਵਹਿੰਗੀ ਚੁੱਕਣੀ
ਏਥੇ ਉੱਥੇ ਦੋਵੇਂ ਥਾਵੀਂ,
ਸੋਚਕੇ ਮੈਂ ਕੁਝ, ਥਿੜਕ ਜਾਂਦਾ ਹਾਂ।

3.

ਭੈਣ ਮੇਰੀ ਜੋ ਬੀਬੀ ਰਾਣੀ
ਗੱਲੀਂ ਬਾਤੀ ਪਾਏ ਕਹਾਣੀ,।
ਕੰਤ ਮੇਰਾ ਕੋਈ ਕੰਮ ਨਈਂ ਕਰਦਾ
ਬੀਬਾ ਵੀਰ ਮੇਰਾ ਨਹੀਂ ਸਰਦਾ
ਮੇਰੇ ਘਰ ਦੀ ਕੰਧ ਕਰਾਦੇ
ਘਰ ਵਿੱਚ ਮੇਰੀ ਥਾਂ ਬਣਾਦੇ
ਤੇ ਫਿਰ ਡੁਸਕਣ ਲੱਗ ਜਾਂਦੀ ਹੈ।

4.

ਗੋਟੇ ਵਾਲੇ ਲੀੜੇ ਵਾਲੀ
ਕਦੇ ਕਦਾਈਂ ਗੱਲ ਕਰਦੀ ਹੈ
ਚੁੱਪ ਚੁੱਪ ਰਹਿੰਦੀ ਸਹਿਮੀ ਸਹਿਮੀ
ਪਤਾ ਨਹੀਂ ਉਹ ਕਿਉਂ ਸੰਗਦੀ ਹੈ
ਜਾਂ ਲਾਗੇ ਖੜਿਆਂ ਕੋਲੋਂ ਡਰਦੀ।
ਪਰ ਇਕ ਦਿਨ ਹੋ ਨਿਸ਼ੰਗ ਉਹ ਬੋਲੀ
ਇਸ ਤੋਂ ਚੰਗਾ ਹੁੰਦਾ
ਮੈਨੂੰ ਹੱਥੀਂ ਮਾਰ ਜਾਂਦਾ ਤੂੰ ਗੋਲੀ!।
ਉਂਜ ਤਾਂ ਘਰ ਵਿੱਚ ਲਹਿਰ ਖ਼ੁਸ਼ੀ ਦੀ

ਤੇਰੇ ਜਾਣ ਤੇ ਮਾਣ ਵੱਧ ਗਿਆ
ਪਿੰਡ ਵਿੱਚ ਘਰ ਦਾ ਤਾਣ ਵੱਧ ਗਿਆ

ਪਰ ਮੈਨੂੰ ਕਰ ਗਿਆ ਤੂੰ ਨਿਮਾਣੀ
ਮੈਂ ਨਾਸੱਤੀ ਹੋ ਗਈ ਨਿਤਾਣੀ
ਗੱਲੀਂਬਾਤੀਂ ਮੇਰੀ ਭਾਬੀ ਦੱਸਦੀ
ਕਿ ਤੂੰ ਜਿਸ ਥਾਂ ਪਹੁੰਚ ਗਿਆ ਏਂ
ਉੱਥੇ ਬਹੁਤ ਨੇ ਕਾਰੋਬਾਰ
ਪਰ ਕੱਲੇ ਕਾਰੇ ਨੂੰ ਖਾ ਜਾਂਦੀ
ਉੱਥੇ ਟੂਣੇ ਹਾਰੀ ਨਾਰ
ਮੈ ਇਹ ਸੁਣ ਹੈਰਾਨ ਹੁੰਦਾ ਹਾਂ
ਹੈਰਾਨ ਨਹੀਂ ਪਰੇਸ਼ਾਨ ਹੁੰਦਾ ਹਾਂ
ਇਕ ਜੀ ਕਰਦਾ ਸੱਭ ਦੱਸ ਦੇਵਾਂ
ਕਿ ਬੇਸ਼ੱਕ ਅੱਥਰਾ ਕਾਲਾ ਘੋੜਾ
ਬੇਲਗਾਮ ਹੋ ਅਕਸਰ ਦੌੜੇ
ਕਦੇ ਕਦਾਈਂ ਮੈ ਰੁੜ੍ਹ ਜਾਂਦਾ,
ਬਹੁਤੀ ਵਾਰੀ ਰੋਕ ਲੈਂਦਾ ਹਾਂ
ਪਰ ਮੈ ਉਸਨੂੰ ਇਹ ਕਹਿੰਦਾ ਹਾਂ,
"ਐਵੇਂ ਦਿਲ ਨਾ ਛੱਡਿਆ ਕਰ ਤੂੰ
ਕਾਗਜ਼ ਤੇਰੇ ਭਰ ਦਿੱਤੇ ਨੇ
ਹੁਣ ਮੈਂ ਤੈਨੂੰ ਸੱਦ ਲੈਣਾ ਹੈ
ਮੈ ਤੇਰਾ ਦੁੱਖ ਸਮਝ ਗਿਆ ਹਾਂ

5.

ਯਾਰ ਮੇਰੇ ਗੱਲ ਛੋਟੀ ਕਰਦੇ
ਗੱਲ ਕਰਦੇ ਨੇ ਹੌਕਾ ਭਰਦੇ
ਇੱਥੇ ਮੇਲਾ ਉੱਖੜ ਗਿਆ ਹੈ
ਹੁਣ ਫਿਰ ਕਦੋਂ ਕੁ ਪਾਉਣਾ ਫੇਰਾ
ਤੂੰ ਆਵੇਂ ਤਾਂ ਮੇਲਾ ਲਾਈਏ
ਜ਼ਿੰਦਗੀ ਦਾ ਕੋਈ ਜਸ਼ਨ ਮਨਾਈਏ
ਪਰ ਮੈਂ ਗੱਲ ਗੋਲ ਜਿਹੀ ਕਰਦਾ
ਠੰਡੀ ਠੰਡੀ ਹਾਮੀ ਭਰਦਾ
ਉਂਝ ਮੈ ਚਾਹੁੰਦਾ ਕਿ ਉਹ ਪੁੱਛਦੇ
ਜ਼ਿੰਦਗੀ ਏਥੇ ਕਿੱਦਾਂ ਚੱਲਦੀ?
ਤੇ ਮੈਂ ਉਹਨਾਂ ਨੂੰ ਇਹ ਦੱਸਦਾ
ਜ਼ਿੰਦਗੀ ਏਥੇ ਬਹੁਤ ਹੀ ਹੌਲੀ
ਪਾਉਣ ਬਾਣੀਏ ਭਾਰੇ ਵੱਟੇ

6.

ਇਕਦਿਨ ਟੱਲੀ ਉਸ ਵੀ ਮਾਰੀ
ਜੋ ਮਿਲਦੀ ਸੀ ਚੋਰੀ ਚੋਰੀ
ਗੱਲ ਨਾ ਕਰਦੀ ਬੱਸ ਲੜਦੀ ਸੀ
ਪਹਿਲੀ ਵਾਰ ਤਲਖ਼ ਸੁਰ ਬੋਲੀ,
ਇਕ ਦੋ ਯਾਰ ਤੇਰੇ ਜੋ ਸ਼ੁਹਦੇ
ਤੇਰਾ ਨਾ ਲੈ ਮੈਨੂੰ ਮਿਲਦੇ
ਤੇਰੀ ਗੱਲ ਦੇ ਉਹਲੇ ਰਾਹੀਂ
ਉਹ ਆਪਣੀ ਗੱਲ ਕਰਨੀ ਚਾਹੁੰਦੇ।
ਮੈਂ ਇਹ ਸੱਭ ਕੁਝ ਤਾੜ ਜਾਂਦੀ ਹਾਂ
ਗੱਲੀਂ ਬਾਤੀਂ ਝਾੜ ਦਿੰਦੀ ਹਾਂ
ਹੌਕਾ ਭਰਦੀ ਪਲ ਦਮ ਲੈ ਕੇ
ਧੀਮੀ ਸੁਰ ਵਿੱਚ ਇਹ ਵੀ ਦੱਸਿਆ
ਇਹ ਚੰਬਾ ਹੁਣ ਉੱਡ ਜਾਣਾ ਹੈ
ਇਸ ਨਾ ਕੋਈ ਆਲ੍ਹਣਾ ਬੁਣਨਾ
ਬਾਬਲ ਪਿੰਜਰਾ ਲੱਭ ਲਿਆਉਣਾ
ਚੰਬੇ ਆਪਣੇ ਪਰ ਕੁਤਰਨੇ
ਖ਼ੁਦ ਨੂੰ ਪਿੰਜਰੇ ਹਾਣ ਦਾ ਕਰਨਾ
ਤੇ ਫਿਰ ਲੰਬੀ ਦੇਰ ਸਿਸਕੀਆਂ..

ਮੇਰੇ ਕੋਲ ਜਵਾਬ ਨਹੀਂ ਹੈ
ਜ਼ਿੰਦਗੀ ਕੋਈ ਹਿਸਾਬ ਨਹੀਂ ਹੈ
ਘਾਟੇ ਵਾਧੇ ਗੁਣਾ ਤਕਸੀਮਾਂ
ਜਿਸਦਾ ਕੋਈ ਹੱਲ ਕੱਢ ਲੈਣ
ਮੈਨੂੰ ਕੋਈ ਸਮਝ ਨਹੀਂ ਆਉਂਦੀ
ਕਿਵੇਂ ਉਸਨੂੰ ਗੱਲ ਸਮਝਾਵਾਂ
ਕਿ ਬੇਸ਼ਕ ਤਾਣੀ ਉਲਝ ਗਈ ਹੈ
ਮੇਰੇ ਮਨ ਦਾ ਤੂੰ ਸਿਰਨਾਵਾਂ

ਤੇ ਫਿਰ ਗੁੰਮ ਸੁੰਮ ਬੈਠ ਇਕੱਲਾ
ਆਪਣੇ ਆਪ ਨਾਲ ਗੱਲਾਂ ਕਰਦਾ
ਪਰ ਫਿਰ ਵੀ ਤੁਹਾਨੂੰ ਚੇਤੇ ਕਰਕੇ
ਨਾਲ ਤੁਹਾਡੇ ਗੱਲਾਂ ਕਰਕੇ
ਸਹਿ ਜ਼ਿੰਦਗੀ ਦੀ ਪੀੜ ਜਾਂਦਾ ਹਾਂ
ਕਈ ਹਨੇਰੇ ਚੀਰ ਜਾਂਦਾ ਹਾਂ

# ਮਰਸੀਆ

-ਬਲਬੀਰ ਕੌਰ

ਉਹ
ਜੋ ਜੰਮੇ ਤਾਂ ਮਾਂ ਬਾਪ ਦੇ ਅੰਗ ਵਿੱਚੋਂ ਸਨ
ਤੇ ਪਲੇ ਸਨ
ਦਾਦੇ-ਦਾਦੀ ਦੀ ਗੋਦ ਵਿਚ
ਖੇਡੇ ਸਨ ਨਾਨੇ-ਨਾਨੀ ਦੇ ਘਰ
ਤਾਇਆਂ, ਚਾਚਿਆਂ ਤੇ ਭੂਆ ਦੇ ਲਾਡਲੇ
ਤੇ ਮਾਮੇ-ਮਾਮੀਆਂ ਦੇ ਵਿਗਾੜੇ
ਬੜੇ ਖੁਸ਼ਕਿਸਮਤ ਸਨ।

ਫਿਰ ਉਹਨਾਂ ਦੇ ਖੰਭ ਨਿਕਲੇ
ਤੇ ਉਹ ਉੱਡ ਗਏ।

ਅਚਾਨਕ ਉਹ ਫੇਸਬੁੱਕ ਤੇ ਪ੍ਰਗਟ ਹੋਏ
ਉਹਨਾਂ ਦੀ ਅਰਥੀ
ਫੇਸਬੁੱਕ ਤੇ ਉੱਠੀ
ਅਫ਼ਸੋਸ ਦੀਆਂ ਦਰੀਆਂ
ਫੇਸਬੁੱਕ ਤੇ ਵਿਛੀਆਂ
ਚੰਗੇ ਚੰਗੇ ਸ਼ਬਦ ਦਰੀਆਂ ਤੇ ਆਣ ਬੈਠੇ
ਤੇ ਉੱਠ ਕੇ ਚਲੇ ਗਏ।

ਤੁਸੀਂ ਜੋ ਸਾਰੇ
ਇਸ ਮਾਤਮ 'ਚ ਸ਼ਾਮਲ ਹੋ
ਸਭ ਦਾ ਸ਼ੁਕਰੀਆ।
ਪਰ
ਤੁਸੀਂ ਜਿਹਨਾਂ ਦੇ ਮਾਤਮ ਤੇ ਆਏ ਹੋ
ਉਹ ਵਿਚਾਰੇ ਤਾਂ
ਉਦੋਂ ਹੀ ਮਰ ਗਏ ਸੀ।

# ਬਨਾਰਸ ਦਾ ਠੱਗ : ਖ਼ਵਾਜਾ ਅਹਿਮਦ ਅੱਬਾਸ

**ਉਰਦੂ ਤੋਂ ਪੰਜਾਬੀ ਅਨੁਵਾਦ:**
**-ਡਾ. ਪਵਨ ਟਿੱਬਾ**

( 1 )

ਰੇਲਵੇ ਸਟੇਸ਼ਨ ਦੇ ਬਾਹਰ ਲਿਖਿਆ ਸੀ ....ਵਾਰਾਣਸੀ

ਪੁਲਿਸ ਥਾਣੇ ਦੇ ਬਾਹਰ ਲਿਖਿਆ ਸੀ ....ਵਾਰਾਣਸੀ

ਹਸਪਤਾਲ ਦੇ ਦਰਵਾਜ਼ੇ ਉੱਤੇ ਬੋਰਡ ਲੱਗਾ ਸੀ ....ਵਾਰਾਣਸੀ

ਸ਼ਰਾਬ ਦੀ ਦੁਕਾਨ ਉੱਤੇ ਲਿਖਿਆ ਸੀ ....ਵਾਰਾਣਸੀ

ਅਫ਼ੀਮ, ਗਾਂਜਾ ਅਤੇ ਚਰਸ ਦੀ ਦੁਕਾਨ ਉੱਤੇ ਲਿਖਿਆ ਸੀ ....ਵਾਰਾਣਸੀ

ਕਿਤਾਬਾਂ ਦੀ ਦੁਕਾਨ, ਜਿੱਥੇ ਕੋਕ ਸ਼ਾਸਤਰ ਖੁੱਲ੍ਹੇਆਮ ਵਿਕ ਰਿਹਾ ਸੀ, ਲਿਖਿਆ ਸੀ ਵਾਰਾਣਸੀ.... ਦਵਾਖਾਨੇ ਉੱਤੇ, ਜਿੱਥੇ ਸਿੱਧ ਮਕਰਧਵਜ ਖ਼ਰੀਦਣ ਲਈ ਭੀੜ ਲੱਗੀ ਸੀ, ਲਿਖਿਆ ਸੀ.... ਵਾਰਾਣਸੀ.... ਹਕੀਮ ਹਾਜ਼ਿਕ-ਉਲ-ਮਲਿਕ ਦੇ ਦਾਰੁਲਸ਼ਿਫ਼ਾ (ਦਵਾਖਾਨਾ) ਉੱਤੇ ਲਿਖਿਆ ਸੀ ....ਵਾਰਾਣਸੀ

ਪਿੰਜਰਾ ਪੋਲ ਉੱਤੇ ਲਿਖਿਆ ਸੀ ....ਵਾਰਾਣਸੀ

ਗਊਸ਼ਾਲਾ ਉੱਤੇ ਲਿਖਿਆ ਸੀ ....ਵਾਰਾਣਸੀ

ਪਾਗਲਖ਼ਾਨੇ ਉੱਤੇ ਬੋਰਡ ਲੱਗਾ ਸੀ ....ਵਾਰਾਣਸੀ

ਅਤੇ ਡਾਕਖਾਨੇ ਵਿੱਚ ਚਿੱਠੀਆਂ ਉੱਤੇ ਠਾਹ-ਠਾਹ ਮੋਹਰਾਂ ਲਗਾਈਆਂ ਜਾ ਰਹੀਆਂ ਸਨ.... ਵਾਰਾਣਸੀ.... ਵਾਰਾਣਸੀ .... ਵਾਰਾਣਸੀ.... ਜਿਵੇਂ ਹਥੌੜੇ ਦੀ ਸੱਟ ਪੈਂਦੀ ਹੈ। ਜਿਵੇਂ ਤਬਲੇ ਉੱਤੇ ਥਾਪ ਪੈਂਦੀ ਹੈ ਵਾਰਾਣਸੀ। ਵਾਰਾਣਸੀ। ਵਾਰਾਣਸੀ। ਵਾਰਾਣਸੀ।

ਪਰ ਜਦੋਂ ਮੁਸਾਫ਼ਰ ਨੇ ਰਾਹਗੀਰ ਤੋਂ ਪੁੱਛਿਆ, "ਭਾਈ ਇਹ ਕਿਹੜਾ ਸ਼ਹਿਰ ਹੈ ?" ਤਾਂ ਜਵਾਬ ਮਿਲਿਆ....

"ਬਨਾਰਸ।"

ਅਤੇ ਮੁਸਾਫ਼ਰ ਜੋ ਹੁਣ ਤੱਕ ਹੈਰਾਨ-ਪਰੇਸ਼ਾਨ, ਗੁਆਚਿਆ ਹੋਇਆ ਘੁੰਮ ਰਿਹਾ ਸੀ, ਇਕਦਮ ਉਸ ਦੇ ਚਿਹਰੇ ਉੱਤੇ ਇੱਕ ਅਜੀਬ ਖ਼ੁਸ਼ੀ ਅਤੇ ਸਕੂਨ ਭਰੀ ਲਹਿਰ ਦੌੜ ਗਈ ਅਤੇ ਉਸ ਦੀਆਂ ਡੂੰਘੀਆਂ ਸਿਆਹ ਅੱਖਾਂ ਵਿੱਚ ਪਤਾ ਨਹੀਂ ਕਿੰਨੀਆਂ ਪੁਰਾਣੀਆਂ ਯਾਦਾਂ ਜਾਗ ਉੱਠੀਆਂ। ਉਸ ਦੇ ਸੁੱਕੇ ਹੋਏ ਬੁੱਲ੍ਹਾਂ ਉੱਤੇ ਇੱਕ ਅਜੀਬ ਪਰ ਮਾਸੂਮ ਜਿਹੀ ਮੁਸਕੁਰਾਹਟ ਫੈਲ ਗਈ। ਜਿਵੇਂ ਬੱਚਾ ਘਰ ਆ ਕੇ ਮਾਂ ਨੂੰ ਕਹਿ ਰਿਹਾ ਹੋਵੇ . . .

"ਮਾਂ, ਮੈਂ ਆ ਗਿਆ।"

ਮੁਸਾਫ਼ਰ ਬਹੁਤ ਦੂਰੋਂ ਆਇਆ ਸੀ ....ਐਪਰ ਉਸ ਦੇ ਚਿਹਰੇ ਉੱਤੇ ਥਕਾਵਟ ਦੇ ਕੋਈ ਲੱਛਣ ਨਹੀਂ ਸਨ ਦਿਸਦੇ। ਉਸ ਦੇ ਘਰ ਦੇ ਧੋਤੇ ਕੱਪੜਿਆਂ ਉੱਤੇ ਰਸਤੇ ਦੀ ਕੋਈ ਧੂੜ-ਮਿੱਟੀ ਨਹੀਂ ਸੀ। ਉਸ ਦੇ ਕੋਲ ਨਾ ਬਿਸਤਰਾ ਸੀ, ਨਾ ਹੀ ਟਰੰਕ, ਨਾ ਹੀ ਕੋਈ ਭਾਂਡਾ, ਨਾ ਹੀ ਸੁਰਾਹੀ, ਨਾ ਪਾਣੀ ਦਾ ਲੋਟਾ, ਨਾ ਪਾਣੀ ਦੀ ਗੜਵੀ। ਫਿਰ ਵੀ ਪਤਾ ਨਹੀਂ ਕਿਉਂ ਅਜਿਹਾ ਲੱਗਦਾ ਸੀ ਕਿ ਉਹ ਆਪਣੇ ਮੋਢਿਆਂ ਉੱਤੇ ਬਹੁਤ ਭਾਰਾ ਬੋਝ ਚੁੱਕ ਕੇ ਚੱਲ ਰਿਹਾ ਹੈ।

ਮੁਸਾਫ਼ਰ ਨੂੰ ਠਹਿਰਣ ਲਈ ਜਗ੍ਹਾ ਚਾਹੀਦੀ ਸੀ। ਰਸਤੇ ਵਿੱਚ ਉਸ ਨੇ ਕਿਸੇ ਰਾਹ ਚਲਦੇ ਤੋਂ ਪੁੱਛਿਆ, "ਭਾਈ, ਇੱਥੇ ਭੋਲੀ ਭਠਿਆਰਨ ਦੀ ਇੱਕ ਸਰਾਂ ਹੋਇਆ ਕਰਦੀ ਸੀ।"

ਜਵਾਬ ਮਿਲਿਆ, "ਸਰਾਂ ਤਾਂ ਇੱਥੇ ਕੋਈ ਨਹੀਂ ....ਅਲਬਤਾ ਇੱਕ ਮੁਸਲਮ ਮੁਸਾਫ਼ਰਖਾਨਾ ਹੈ।"

"ਅਤੇ ਜੋ ਮੁਸਲਮਾਨ ਨਾ ਹੋਵਣ, ਉਹ ਕਿੱਥੇ ਠਹਿਰਦੇ ਹਨ?"

"ਹਿੰਦੂਆਂ ਦੇ ਲਈ ਕਈ ਧਰਮਸ਼ਾਲਾਵਾਂ ਹਨ।"

"ਅਤੇ ਜੋ ਨਾ ਹਿੰਦੂ ਹੋਵਣ, ਨਾ ਮੁਸਲਮਾਨ ਹੋਵਣ?"

ਰਾਹਗੀਰ ਨੇ ਇੱਕ ਹੋਟਲ ਵੱਲ ਇਸ਼ਾਰਾ ਕਰ ਦਿੱਤਾ।

ਬਾਹਰ ਬੋਰਡ ਲੱਗਾ ਸੀ, ਜਿਸ ਉੱਤੇ ਲਿਖਿਆ ਸੀ ...."ਹੋਟਲ ਵਾਰਾਣਸੀ ....ਵਾਰਾਣਸੀ" ਅਤੇ ਮੁਸਾਫ਼ਰ ਇਹ ਸੋਚਦਾ ਹੋਇਆ ਅੰਦਰ ਦਾਖਲ ਹੋ ਹੀ ਰਿਹਾ ਸੀ ਕਿ ਆਖਰ ਇਹ ਵਾਰਾਣਸੀ ਦੁਬਾਰਾ ਕਿਉਂ ਲਿਖਿਆ ਗਿਆ ਹੈ ਕਿ ਉਸ ਨੇ ਵੇਖਿਆ ਕਿ ਇੱਕ ਕਾਲਾ ਨਾਗ ਫਨ ਫੈਲਾਈ ਉਸ ਵੱਲ ਵੱਧ ਰਿਹਾ ਹੈ। ਘਬਰਾ ਕੇ ਉਹ ਇੱਕ ਪਾਸੇ ਹੋਇਆ ਤਾਂ ਇਹ ਵੇਖ ਕੇ ਪਰੇਸ਼ਾਨ ਹੋ ਗਿਆ ਕਿ ਇੱਕ ਅਧਨੰਗੀ ਜਵਾਨ ਫ਼ਰੰਗੀ ਔਰਤ ਖੜ੍ਹੀ ਹੈ ਅਤੇ ਉਸ ਦੇ ਗਲੇ, ਛਾਤੀ ਅਤੇ ਕੂਲਹਿਆਂ ਦੇ ਇਰਦ-ਗਿਰਦ ਇੱਕ ਭਿਆਨਕ ਅਜਗਰ ਚਿੰਮੜਿਆ ਹੋਇਆ ਹੈ ਅਤੇ ਇੱਕ ਦਾੜ੍ਹੀ ਵਾਲਾ ਮਦਾਰੀ ਖੜ੍ਹਾ ਕਹਿ ਰਿਹਾ ਹੈ, "ਪਾਈਥਨ ਮੇਮ ਸਾਹਬ। ਪਾਈਥਨ। ਨੋ ਮੇਕ ਫ਼ੀਅਰ। ਮੇਮ ਸਾਹਬ। ਟੇਕ ਪਿਕਚਰ। ਓਨਲੀ ਟੂ ਰੁਪੀ।" ਅਤੇ ਮੁਸਾਫ਼ਰ ਜੋ ਇਹ ਭਾਸ਼ਾ ਨਹੀਂ ਸਮਝਦਾ ਸੀ, ਸਮਝਿਆ ਕਿ ਇਹ ਸਪੇਰਾ ਇਸ ਫ਼ਰੰਗੀ ਔਰਤ ਨੂੰ ਅਜਗਰ ਤੋਂ ਡੰਗਵਾ ਰਿਹਾ ਹੈ ਅਤੇ ਉਸ ਨੇ ਝਪਟ ਕੇ ਅਜਗਰ ਨੂੰ ਦੋਵਾਂ ਹੱਥਾਂ ਨਾਲ ਖਿੱਚਿਆ ਅਤੇ ਜ਼ੋਰ ਨਾਲ ਜ਼ਮੀਨ ਉੱਤੇ ਪਟਕਾ ਮਾਰਿਆ।

ਫ਼ਰੰਗੀ ਔਰਤ ਆਪਣੀ ਭਾਸ਼ਾ ਵਿੱਚ ਕੁਝ ਚੀਕੀ।

ਸਪੇਰੇ ਨੇ ਮੁਸਾਫ਼ਰ ਨੂੰ ਧੌਣ ਤੋਂ ਫੜ੍ਹ ਲਿਆ, "ਓ ਬੁੱਢਿਆ, ਇਹ ਕੀ ਕਰਦਾ ਹੈਂ? ਮੇਰਾ ਕੰਮ ਖ਼ਰਾਬ ਕਰ ਦਿੱਤਾ।" ਅਤੇ ਫਿਰ ਉਸ ਦੀਆਂ ਅੱਖਾਂ ਵਿੱਚ ਇੱਕ ਮੋਤੀ ਵਰਗੀ ਚਮਕ ਆਈ, "ਤੂੰ ਵੀ ਸਪੇਰਾ ਹੈਂ ਕੀ?"

ਮੁਸਾਫ਼ਰ ਨੇ ਕਿਹਾ, "ਮੈਂ ਸਪੇਰਾ ਨਹੀਂ ਹਾਂ। ਪਰ ਤੂੰ ਇਹ ਕੀ ਕਰ ਰਿਹਾ ਸੀ, ਉਹ ਬੇਚਾਰੀ ਫ਼ਿਰੰਗੀ ਔਰਤ ਮਰ ਜਾਂਦੀ ਤਾਂ?"

"ਓਏ ਮੂਰਖਾ, ਅਜਗਰ ਦੇ ਦੰਦ ਨਹੀਂ ਹੁੰਦੇ। ਇਸ ਨੂੰ ਗਲ ਵਿੱਚ ਪਾ ਕੇ ਮੇਮ ਸਾਹਬ ਤਾਂ ਸਿਰਫ਼ ਤਸਵੀਰ ਖਿੱਚਵਾ ਰਹੀ ਸੀ। ਚੱਲ ਆਪਣਾ ਰਸਤਾ ਫੜ। ਪਾਗਲ ਕਿਸੇ ਥਾਂ ਦਾ।" ਅਤੇ ਫਿਰ ਉਸ ਨੇ ਫ਼ਿਰੰਗੀ ਔਰਤ ਵੱਲ ਵੇਖ ਕੇ ਉਂਗਲ ਨਾਲ ਆਪਣੀ ਖੋਪੜੀ ਵੱਲ ਇਸ਼ਾਰਾ ਕੀਤਾ ਅਤੇ ਬੋਲਿਆ, "ਮੇਮ ਸਾਹਬ, ਓਲਡ ਮੈਨ, ਸਕਰੂ ਲੂਜ਼, ਨੋ ਮਾਈਂਡ, ਪਾਗਲ ਮੈਨ, ਨਾਓ ਪਾਈਥਨ ਮੇਕ ਲਓ, ਮੇਮ ਸਾਹਬ। ਸਾਹਬ ਟੇਕ ਪਿਕਚਰ। ਓਨਲੀ ਟੂ ਰੁਪੀ।"

ਅਤੇ ਹੁਣ ਮੁਸਾਫ਼ਰ ਹੋਟਲ ਦੇ ਮੈਨੇਜਰ ਨਾਲ ਗੱਲ ਕਰ ਰਿਹਾ ਸੀ।

"ਕੀ ਮੈਂ ਇਸ ਸਰਾਂ ਵਿੱਚ ਰੁਕ ਸਕਦਾ ਹਾਂ?"

"ਇਹ ਸਰਾਂ ਨਹੀਂ ਹੋਟਲ ਹੈ!"

"ਅੱਛਾ ਤਾਂ ਹੁਣ ਸਰਾਂ ਨੂੰ ਹੋਟਲ ਕਹਿੰਦੇ ਹਨ। ਮੈਂ ਇੱਥੇ ਠਹਿਰਨਾ ਚਾਹੁੰਦਾ ਹਾਂ।"

“ਆਪ ਕਿੱਥੋਂ ਆਏ ਹੋ ?”

“ਜੀ, ਮੈਂ ਤਾਂ ਇੱਥੇ ਹੀ ਰਹਿੰਦਾ ਹਾਂ, ਅਤੇ ਇੱਥੋਂ ਇੰਨੀ ਦੂਰ ਵੀ ਰਹਿੰਦਾ ਹਾਂ ਕਿ ਕੋਈ ਇਸ ਫ਼ਾਸਲੇ ਦਾ ਅੰਦਾਜ਼ਾ ਵੀ ਨਹੀਂ ਲਗਾ ਸਕਦਾ।”

ਮੈਨੇਜਰ ਦੀ ਸਮਝ ਵਿੱਚ ਇਹ ਗੱਲ ਨਹੀਂ ਆਈ। ਫਿਰ ਉਸ ਨੇ ਆਪਣੇ ਰਜਿਸਟਰ ਵਿੱਚ ਲਿਖੇ ਹੋਏ ਸਵਾਲਾਂ ਉੱਤੇ ਨਜ਼ਰ ਮਾਰਦੇ ਹੋਏ ਪੁੱਛਿਆ, “ਆਪ ਨੇ ਸਫ਼ਰ ਕਿਵੇਂ ਕੀਤਾ ? ਮਤਲਬ ਇਹ ਕਿ ਤੁਸੀ ਇੱਥੇ ਆਏ ਕਿਵੇਂ ? ਰੇਲ ਨਾਲ ?”

“ਜੀ ਨਹੀਂ!”

“ਬੱਸ ਨਾਲ ?”

“ਜੀ ਨਹੀਂ!”

“ਹਵਾਈ ਜਹਾਜ਼ ਨਾਲ ?”

“ਜੀ ਨਹੀਂ....ਜਾਂ ਇਵੇਂ ਸਮਝੋ, ਜੀ ਹਾਂ....ਤੁਸੀ ਮੇਰੇ ਸਫ਼ਰ ਨੂੰ ਹਵਾਈ ਜਹਾਜ਼ ਦਾ ਸਫ਼ਰ ਕਹਿ ਸਕਦੇ ਹੋ!”

“ਤੁਹਾਡਾ ਸਮਾਨ ਕਿੱਥੇ ਹੈ ?”

“ਜੀ। ਸਾਮਾਨ। ਜਿੱਥੇ ਮੈਂ ਰਹਿੰਦਾ ਹਾਂ, ਉੱਥੇ ਕਿਸੇ ਸਮਾਨ ਦੀ ਲੋੜ ਨਹੀਂ ਹੁੰਦੀ!”

“ਤਾਂ ਤੁਸੀ ਇੱਥੇ ਨਹੀਂ ਰੁਕ ਸਕਦੇ!”

“ਤੁਸੀਂ ਇਸ ਸਰਾਂ ਦੇ ਯਾਨੀ ਹੋਟਲ ਦੇ ਮਾਲਿਕ ਹੋ ?”

“ਨਹੀਂ, ਮੈਨੇਜਰ ਹਾਂ!”

“ਤਾਂ ਮਾਲਕ ਕੌਣ ਹੈ ?”

“ਇਸ ਦੇ ਮਾਲਕ ਹਨ ਭਗਵਾਨ ਕਾਸ਼ੀ ਦਵਾਰਕਾ ਨਾਥ ਭੰਜਮ।”

“ਤਾਂ ਇਸ ਨੂੰ ਹੋਟਲ ਵੋਟਲ ਕਿਉਂ ਕਹਿੰਦੇ ਹਨ....ਇਹ ਤਾਂ ਭਗਵਾਨ ਦਾ ਮੰਦਰ ਹੋਇਆ ਅਤੇ ਮੰਦਰ ਵਿੱਚ ਕੋਈ ਵੀ ਮੁਸਾਫ਼ਰ ਭਗਵਾਨ ਦਾ ਮਹਿਮਾਨ ਹੋ ਸਕਦਾ ਹੈ।”

ਮੈਨੇਜਰ ਹੱਸ ਕੇ ਬੋਲਿਆ, “ਪਰ ਜੋ ਦੇਵਤਾ ਇਸ ਹੋਟਲ ਦਾ ਮਾਲਕ ਹੈ, ਉਹ ਕਿਰਾਇਆ ਮੰਗਦਾ ਹੈ। ਹਰ ਕਮਰੇ ਦਾ ਚਾਲ੍ਹੀ ਰੁਪਿਆ ਰੋਜ਼ ਕਿਰਾਇਆ। ਇੰਨਾ ਰੁਪਿਆ ਹੈ ਤੁਹਾਡੇ ਕੋਲ ?” ਅਤੇ ਮੁਸਾਫ਼ਰ ਗ਼ੁੱਸੇ ਨਾਲ ਬੋਲਿਆ, ਤਾਂ ਫਿਰ ਇਸ ਜਗ੍ਹਾ ਦਾ ਮਾਲਕ ਭਗਵਾਨ ਨਹੀਂ ਕੋਈ ਸ਼ੈਤਾਨ ਹੈ। ਮੈਂ ਇੱਥੇ ਨਹੀਂ ਠਹਿਰਾਂਗਾ। ਮੈਂ ਚੱਲਿਆ ਹਾਂ!”

ਅਤੇ ਇਹ ਕਹਿ ਕੇ ਉਹ ਉੱਥੋਂ ਕਾਹਲੀ-ਕਾਹਲੀ ਕਦਮ ਪੁੱਟਦਾ ਹੋਇਆ ਚਲਾ ਗਿਆ ਅਤੇ ਉਸ ਦੇ ਜਾਣ ਤੋਂ ਬਾਅਦ ਮੈਨੇਜਰ ਨੇ ਬੈਰ੍ਹੇ ਵੱਲ ਵੇਖ ਕੇ ਕਿਹਾ, “ਕਿਹੇ ਕਿਹੇ ਪਾਗਲਾਂ ਨਾਲ ਮੇਲ ਹੁੰਦਾ ਹੈ।”

ਅਤੇ ਬੈਰ੍ਹੇ ਨੇ ਕਿਹਾ, “ਸਾਹਿਬ, ਇਹ ਤਾਂ ਕੋਈ ਖ਼ਤਰਨਾਕ ਪਾਗਲ ਹੈ। ਹੁਣੇ ਮੈਂ ਵੇਖਿਆ ਉਹ ਅਮਰੀਕਨ ਮੇਮ ਸਾਹਬ ਨੂੰ ਤੰਗ ਕਰ ਰਿਹਾ ਸੀ। ਉਹ ਆਪਣਾ ਸਪੇਰਾ ਹੈ ਨਾ, ਉਸ ਦਾ ਸੱਪ ਖੋਹ ਕੇ ਭੱਜਣ ਵਾਲਾ ਸੀ।”

“ਤੂੰ ਪਹਿਲਾਂ ਕਿਉਂ ਨਹੀਂ ਬੋਲਿਆ। ਅਜਿਹਾ ਪਾਗਲ ਸਾਡੇ ਹੋਟਲ ਦੇ ਨੇੜੇ ਤੇੜੇ ਘੁੰਮੇਗਾ ਤਾਂ ਟੂਰਿਸਟ ਲੋਕ ਏਧਰ ਆਉਣਾ ਬੰਦ ਕਰ ਦੇਣਗੇ।”

ਇਹ ਕਹਿ ਕੇ ਉਸ ਨੇ ਟੈਲੀਫ਼ੋਨ ਚੁੱਕਿਆ ਅਤੇ ਡਾਇਲ ਘੁਮਾਇਆ। 8 – 6 – 0 – 4 –

(2)

ਅਤੇ ਹੁਣ ਮੁਸਾਫ਼ਰ ਬਜ਼ਾਰ ਦੀ ਭੀੜ ਵਿੱਚੋਂ ਤੁਰਿਆ ਜਾ ਰਿਹਾ ਸੀ। ਉਸ ਨੇ ਸੋਚਿਆ ਮੇਰੇ ਜ਼ਮਾਨੇ ਵਿੱਚ ਤਾਂ ਆਬਾਦੀ ਏਨੀ ਨਹੀਂ ਸੀ। ਬੜੀ ਖ਼ੁਸ਼ੀ ਦੀ ਗੱਲ ਹੈ ਕਿ ਆਪਣੇ ਸ਼ਹਿਰ ਵਿੱਚ ਏਨੀ ਰੌਣਕ ਹੈ। ਰਸਤੇ ਵਿੱਚ ਉਸ ਨੇ ਬਨਾਰਸੀ ਸਾੜ੍ਹੀਆਂ ਅਤੇ ਕਮ-ਖਵਾਬ (ਸੋਨੇ ਦੀਆਂ ਤਾਰਾਂ ਦੀ ਕਢਾਈ ਵਾਲਾ ਰੇਸ਼ਮੀ ਕੱਪੜਾ, ਜ਼ਰੀਦਾਰ ਕੱਪੜਾ) ਦੀਆਂ ਦੁਕਾਨਾਂ ਵੇਖੀਆਂ। ਉਸ ਨੇ ਸੋਚਿਆ ਕੀ ਨਫ਼ੀਸ ਕੱਪੜਾ ਅੱਜ ਵੀ ਸਾਡੀਆਂ ਹੱਥ-ਖੱਡੀਆਂ ਉੱਤੇ ਬੁਣਿਆ ਜਾ ਰਿਹਾ ਹੈ। ਦੁਕਾਨਾਂ ਰੰਗ-ਬਿਰੰਗੀ ਸਾੜ੍ਹੀਆਂ ਅਤੇ ਵੱਖ-ਵੱਖ ਕਿਸਮ ਦੇ ਥਾਨਾਂ ਨਾਲ ਭਰੀਆਂ ਪਈਆਂ ਸਨ। ਉਸ ਨੇ ਸੋਚਿਆ, ਹੁਣ ਤਾਂ ਆਪਣੇ ਸ਼ਹਿਰ ਦੀ ਹਰ ਔਰਤ ਬਨਾਰਸੀ ਸਾੜ੍ਹੀ ਪਹਿਨ ਸਕਦੀ ਹੈ। ਕਮ-ਖਵਾਬ ਦਾ ਲਹਿੰਗਾ ਜਾਂ ਪਜਾਮਾ ਸਿਲਾ ਸਕਦੀ ਹੈ। ਦੂਜੀਆਂ ਦੁਕਾਨਾਂ ਉੱਪਰ ਉਸ ਨੇ ਵੇਖਿਆ ਕਿ ਹਰ ਕਿਸਮ ਦਾ ਊਨੀ ਕੱਪੜਾ ਵੀ ਭਰਿਆ ਪਿਆ ਹੈ। ਉਸ ਨੇ ਸੋਚਿਆ, ਠੰਡ ਦਾ ਇੰਤਜ਼ਾਮ ਚੰਗਾਹੈ। ਇਹ ਸਭ ਤਰੱਕੀ ਦੇ ਲੱਛਣ ਹਨ। ਨਹੀਂ ਤਾਂ ਸਾਡੇ ਜ਼ਮਾਨੇ ਵਿੱਚ ਤਾਂ ਇਸ ਮੌਸਮ ਵਿੱਚ ਰੂੰ ਦੇ ਅੰਗਰਖੇ ਪਹਿਨੇ ਜਾਂਦੇ ਸਨ।

ਐਪਰ ਜਦੋਂ ਉਸ ਨੇ ਬਜ਼ਾਰ ਵੱਲ ਰੁਖ ਕੀਤਾ ਅਤੇ ਚਲਦੇ ਫਿਰਦੇ ਲੋਕਾਂ ਨੂੰ ਵੇਖਿਆ ਤਾਂ ਉਸ ਦੀ ਸਮਝ ਵਿੱਚ ਨਹੀਂ ਆਇਆ ਕਿ ਉਹ ਸਭ ਫਟੇ ਪੁਰਾਣੇ, ਮੈਲੇ ਕੱਪੜੇ ਪਾ ਕੇ ਕਿਉਂ ਘੁੰਮ ਰਹੇ ਹਨ। ਦੁਕਾਨਾਂ ਵਿੱਚ ਲੱਖਾਂ ਬਨਾਰਸੀ ਸਾੜ੍ਹੀਆਂ ਦਾ ਢੇਰ ਹੈ ਅਤੇ ਸੜਕ ਉੱਤੇ ਖੜ੍ਹੀ ਭਿਖਾਰਨ ਇੱਕ ਚੀਥੜੇ ਵਿੱਚ ਆਪਣਾ ਅਤੇ ਆਪਣੇ ਬੱਚੇ ਦੋਵਾਂ ਦੇ ਪਿੰਡੇ ਨੂੰ ਢਕਣ ਦੀ ਕੋਸ਼ਿਸ਼ ਕਰ ਰਹੀ ਹੈ। ਹੱਥ-ਗੱਡੀ ਨੂੰ ਧੱਕਦੇ ਹੋਏ ਦੋ ਮਰੀਅਲ ਜਿਹੇ ਮਜ਼ਦੂਰ ਜਾ ਰਹੇ ਹਨ ਅਤੇ ਉਹਨਾਂ ਦੇ ਪਿੰਡੇ ਉੱਤੇ ਫਟੇ ਹੋਏ ਸੂਤੀ ਕੁੜਤੇ ਅਤੇ ਮੈਲੀਆਂ ਧੋਤੀਆਂ ਦੇ ਸਿਵਾ ਕੁਝ ਨਹੀਂ ਸੀ ਅਤੇ ਉਥੇ ਹੀ ਨੇੜਲੀ ਇੱਕ ਦੁਕਾਨ ਉੱਤੇ ਇੱਕ ਲਾਲਾ ਜੀ ਪਸ਼ਮੀਨੇ ਦਾ ਦੋ-ਸ਼ਾਲਾ ਪਹਿਨੇ ਅੰਗੀਠੀ ਉੱਤੇ ਹੱਥ ਸੇਕ ਰਹੇ ਹਨ ਅਤੇ ਇੱਕ ਮੌਲਵੀ ਸਾਹਿਬ ਕਸ਼ਮੀਰੀ ਸੁਨਹਿਰੀ ਕੰਮ ਵਾਲਾ ਊਨੀ ਚੋਗਾ ਪਹਿਨੀ ਸਿਰ ਉੱਤੇ ਵੀਹ ਗਜ਼ ਦੀ ਪਗੜੀ ਬੰਨ੍ਹ ਕੇ ਮਸੀਤ ਵੱਲ ਜਾ ਰਹੇ ਹਨ ਅਤੇ ਇੱਕ ਦਾੜ੍ਹੀ-ਮੁੱਛਾਂ ਮੁੰਨੀ ਇੱਕ ਨੌਜਵਾਨ ਊਨੀ ਵਲਾਇਤੀ ਸੂਟ ਅਤੇ ਕੋਟ, ਊਨੀ ਮੌਜ਼ੇ, ਮਫ਼ਲਰ ਅਤੇ ਦਸਤਾਨੇ ਪਹਿਨੀ ਮੂੰਹ ਵਿੱਚੋਂ ਧੂੰਆਂ ਕੱਢਦਾ ਹੋਇਆ ਆਪਣੀ ਮੋਟਰ ਵੱਲ ਵਧਰਿਹਾ ਹੈ। ਇੱਕ ਲੰਮੀ ਚੌੜੀ ਮੋਟਰ, ਜਿਸ ਉੱਤੇ ਝੰਡਾ ਲੱਗਾ ਸੀ, ਲਾਗਿਓਂ ਲੰਘ ਗਈ ਅਤੇ ਮੁਸਾਫ਼ਰ ਨੂੰ ਇਸ ਵਿੱਚ ਸਿਰਫ਼ ਇੱਕ ਸਫ਼ੈਦ ਟੋਪੀ ਦੀ ਝਲਕ ਨਜ਼ਰ ਆਈ ਅਤੇ ਕੋਲ ਖੜ੍ਹੇ ਹੋਏ ਕਿਸੇ ਰਾਹਗੀਰ ਨੇ ਕਿਹਾ, "ਵੇਖਿਆ ਤੁਸੀਂ, ਚਾਰੋਂ ਪਾਸੇ ਸ਼ੀਸ਼ੇ ਚੜ੍ਹੇ ਹੋਏ ਹਨ ਕਿ ਕਿਤੇ ਮੰਤਰੀ ਜੀ ਨੂੰ ਛਿੱਕ ਵੀ ਨਾ ਆ ਜਾਵੇ।"

ਅਤੇ ਫਿਰ ਇੱਕ ਉਸ ਤੋਂ ਵੀ ਲੰਮੀ ਮੋਟਰ ਆਈ ਅਤੇ ਇੱਕ ਸਾੜ੍ਹੀਆਂ ਦੀ ਦੁਕਾਨ ਉੱਤੇ ਰੁਕੀ ਅਤੇ ਉਸ ਵਿੱਚੋਂ ਉਤਰ ਕੇ ਇੱਕ ਮੋਟਾ ਤਾਜ਼ਾ ਆਦਮੀ ਅੰਦਰ ਆ ਗਿਆ ਅਤੇ ਉਸ ਦੀਆਂ ਕਾਲੀਆਂ ਕਾਲੀਆਂ ਉਂਗਲਾਂ ਵਿਚ ਅੰਗੂਠੀਆਂ ਦੇ ਹੀਰੇ ਇੰਜ ਚਮਕਰਹੇ ਸਨ ਜਿਵੇਂ ਰਾਤ ਦੇ ਵਕਤ ਗੰਦੀ ਨਾਲੀ ਦੇ ਬਦਬੂਦਾਰ ਪਾਣੀ ਵਿੱਚ ਸਿਤਾਰਿਆਂ ਦਾ ਅਕਸ ਝਿਲਮਿਲਾਉਂਦਾ ਹੈ। ਕਿਸੇ ਨੇ ਕਿਹਾ, "ਪਛਾਣਿਆ ਤੂੰ, ਇਹ ਹਨ ਸੇਠ ਕਰੋੜੀ ਮੱਲ ਪਕੌੜੀ ਮੱਲ। ਕਾਲੇ ਬਜ਼ਾਰ ਵਿੱਚ ਇਹਨਾਂ ਨੇ ਇੱਕ ਕਰੋੜ ਕਮਾਇਆ ਹੈ। ਇਸ ਵਿੱਚੋਂ ਇੱਕ ਲੱਖ ਦਾ ਮੰਦਿਰ ਬਣਾਇਆ ਹੈ ਅਤੇ ਹੁਣ ਆਪਣੀ ਪੁੱਤਰੀ ਨੂੰ ਪੰਜ ਲੱਖ ਦਾ ਦਹੇਜ ਦੇਣ ਵਾਲੇ ਹਨ। ਇਸ ਲਈ ਸਾੜ੍ਹੀਆਂ ਖ਼ਰੀਦਣ ਆਏ ਹਨ। ਸਪੈਸ਼ਲ ਸਾੜ੍ਹੀਆਂ ਬਣਵਾਈ ਗਈਆਂ ਹਨ।

ਕੱਲੀ-ਕੱਲੀ ਪੰਜ ਪੰਜ ਸੌ ਦੀ ਹੈ, ਕੀ ਸਮਝੇ ?"

ਮੁਸਾਫ਼ਰ ਕੁਝ ਨਾ ਸਮਝਿਆ। ਉਸ ਨੇ ਸਿਰਫ਼ ਏਨਾ ਵੇਖਿਆ ਕਿ ਭਿਖਾਰਨ ਕੰਧ ਨਾਲ ਲੱਗੀ ਸਰਦੀ ਦੇ ਮਾਰੇ ਕੰਬ ਰਹੀ ਹੈ ਅਤੇ ਉਸ ਦੀ ਗੋਦ ਵਿਚਲੇ ਬੱਚੇ ਦਾ ਚਿਹਰਾ ਅਤੇ ਪਿੰਡਾ ਨੀਲਾ ਪੈਂਦਾ ਜਾ ਰਿਹਾ ਹੈ।

ਅਤੇ ਉਸੇ ਵੇਲੇ ਨੇੜੇ ਦੇ ਇੱਕ ਮੰਦਰ ਵਿੱਚ ਭਜਨ ਸ਼ੁਰੂ ਹੋ ਗਿਆ।

ਜੈ ਜੈ ਰਾਮ ਕ੍ਰਿਸ਼ਣ ਹਰੇ। ਜੈ ਜੈ ਰਾਮ ਕ੍ਰਿਸ਼ਣ ਹਰੇ।

ਅਤੇ ਮੁਸਾਫ਼ਰ ਨੂੰ ਪਤਾ ਨਹੀਂ ਕੀ ਹੋ ਗਿਆ ਕਿ ਉਹ ਵੀ ਜ਼ੋਰ ਜ਼ੋਰ ਨਾਲ ਭਜਨ ਗਾਉਣ ਲੱਗਾ। ਪਰ ਇਹ ਉਸ ਦਾ ਆਪਣਾ ਭਜਨ ਸੀ ਅਤੇ ਬਜ਼ਾਰ ਦੇ ਸਭ ਲੋਕ ਉਸ ਦੇ ਆਲੇ-ਦੁਆਲੇ ਇੱਕਠੇ ਹੋ ਗਏ। ਕਿਉਂਕਿ ਇਹ ਆਵਾਜ਼ ਜੋ ਉਹਨਾਂ ਨੂੰ ਆਪਣੇ ਮਨ ਦੀ ਆਵਾਜ਼ ਲੱਗਦੀ ਸੀ, ਉਹਨਾਂ ਨੇ ਸਦੀਆਂ ਤੋਂ ਨਹੀਂ ਸੁਣੀ ਸੀ। ਮੁਸਾਫ਼ਰ ਗਾ ਰਿਹਾ ਸੀ।

ਏ ਭਗਵਾਨ। ਇਹ ਕੇਹਾ ਤੇਰਾ ਦਰਬਾਰ
ਜਿੱਥੇ ਹੈ ਜ਼ੁਲਮ ਦੀ ਭਰਮਾਰ
ਰੰਗ-ਮਹਲ ਵਿੱਚ ਵਸਣ ਮਸਖਰੇ
ਐਸ਼ ਕਰਨ ਸਭ ਚੋਰ ਲੁਟੇਰੇ
ਮੂਰਖ ਨੂੰ ਸਭ ਕਹਿਣ ਗਿਆਨੀ
ਗਿਆਨੀ ਨੂੰ ਸਭ ਕਹਿਣ ਗੰਵਾਰ
ਕੋਈ ਪਾਵੇ ਸ਼ਾਲ ਦੋ-ਸ਼ਾਲਾ
ਅਤੇ ਕੋਈ ਨੰਗਾ ਵਿੱਚ ਬਜ਼ਾਰ ....ਇਹ ਕੇਹਾ ਤੇਰਾ ਦਰਬਾਰ
ਇਹ ਕੇਹੀ ਸਰਕਾਰ ਓ ਭਗਵਾਨ। ਇਹ ਕੇਹੀ ਸਰਕਾਰ।

ਇਹ ਸੁਣ ਕੇ ਕਿਸੇ ਨੇ ਕਿਹਾ, "ਜ਼ਰੂਰ ਕੋਈ ਕਮਿਊਨਿਸਟ ਹੈ।"

ਐਪਰ ਦੂਜੇ ਨੇ ਕਿਹਾ, "ਮੈਨੂੰ ਤਾਂ ਕਬੀਰਪੰਥੀ ਲੱਗਦਾ ਹੈ। ਇਹ ਸ਼ਬਦ ਤਾਂ ਕਬੀਰ ਵਰਗੇ ਹਨ।"

ਤੀਸਰੇ ਨੇ ਕਿਹਾ, "ਨਹੀਂ ਜੀ, ਕਬੀਰਪੰਥੀ ਅੱਜਕੱਲ੍ਹ ਕਬੀਰ ਦੇ ਅਜਿਹੇ ਸ਼ਬਦਾਂ ਨੂੰ ਕਦੋਂ ਯਾਦ ਕਰਦੇ ਹਨ।"

ਚੌਥੇ ਨੇ ਕਿਹਾ, "ਮੈਂ ਤਾਂ ਕਹਿੰਦਾ ਹਾਂ ਕੋਈ ਪਾਗਲ ਹੈ, ਪਾਗਲ ਬੇਚਾਰਾ।"

ਪੰਜਵੇਂ ਨੇ ਕਿਹਾ, "ਪਰ ਖ਼ਤਰਨਾਕ ਪਾਗਲ ਹੈ ਜੋ ਅਜਿਹੇ ਖ਼ਤਰਨਾਕ ਭਜਨ ਗਾਉਂਦਾ ਹੈ।"

ਛੇਵੇਂ ਨੇ ਕਿਹਾ, "ਬੇਚਾਰਾ ਗਾ ਹੀ ਤਾਂ ਰਿਹਾ ਹੈ। ਕੁਝ ਕਰ ਤਾਂ ਨਹੀਂ ਰਿਹਾ।"

ਸੱਤਵੇਂ ਨੇ ਕਿਹਾ, "ਤੁਸੀਂ ਕੀ ਜਾਣੋ। ਅਜਿਹੇ ਸ਼ਬਦ ਅੱਗ ਲਗਾ ਦਿੰਦੇ ਹਨ।"

ਅੱਠਵੇਂ ਨੇ ਕਿਹਾ, "ਐਸੇ ਸ਼ਬਦ ਤਾਂ ਉਹ ਜ਼ਹਿਰੀਲਾ ਸੱਪ ਹੈ ਜਿਸ ਦੇ ਕੱਟੇ ਦਾ ਕੋਈ ਮੰਤਰ ਹੀ ਨਹੀਂ।"

ਅਤੇ ਏਨੇ ਵਿੱਚ ਕੋਈ ਚੀਖਿਆ, "ਵੇਖੋ, ਵੇਖੋ, ਉਹ ਸ਼ੁਦਾਈ ਕੀ ਕਰ ਰਿਹਾ ਹੈ ?"

ਸਭ ਨੇ ਮੁੜ ਕੇ ਓਧਰ ਵੇਖਿਆ ਕਿ ਮੁਸਾਫ਼ਰ ਨੇ ਸੇਠ ਦਾ ਦੋ-ਸ਼ਾਲਾ ਖਿੱਚ ਕੇ ਇੱਕ ਸਾਈਕਲ ਰਿਕਸ਼ਾ ਵਾਲੇ ਨੂੰ ਦੇ ਦਿੱਤਾ ਜੋ ਇੱਕ ਫਟੀ ਕਮੀਜ਼ ਅਤੇ ਨਿੱਕਰ ਵਿੱਚ ਖੜ੍ਹਾ ਠਰ ਰਿਹਾ ਸੀ ਅਤੇ ਦੋ-ਸ਼ਾਲਾ ਪਾਉਂਦੇ ਹੀ ਉਹ ਰਿਕਸ਼ਾ ਵਾਲਾ ਪੈਡਲ ਮਾਰਦਾ ਹੋਇਆ ਓਹ

ਗਿਆ ਓਹ ਗਿਆ ਅਤੇ ਹਾਲੇ ਸੇਠ ਜੀ ਰੌਲਾ-ਰੱਪਾ ਪਾ ਹੀ ਰਹੇ ਸਨ ਕਿ ਮੌਲਾਨਾ ਜੋ ਮਸੀਤ ਤੋਂ ਵਾਪਸ ਆ ਰਹੇ ਸਨ, ਅਚਾਨਕ ਚੀਖ ਪਏ, "ਓਏ ਮੇਰਾ ਚੋਗ਼ਾ, ਫੜੋ-ਫੜੋ, ਚੋਰ ਮੇਰਾ ਚੋਗ਼ਾ ਲੈ ਕੇ ਭੱਜ ਗਿਆ।" ਪਰ ਏਨੇ ਵਿਚ ਮੁਸਾਫ਼ਰ ਨੇ ਉਹ ਊਨੀ ਚੋਗ਼ਾ ਭਿਖਾਰਨ ਨੂੰ ਦੇ ਦਿੱਤਾ ਅਤੇ ਉਹ ਇਸ ਵਿੱਚ ਆਪਣੇ ਬੱਚੇ ਨੂੰ ਲਪੇਟੇ ਵਾਹੋ-ਦਾਹੀ ਭੱਜੀ ਜਾ ਰਹੀ ਸੀ, ਅਤੇ ਹੁਣ ਸਭ ਮੁਸਾਫ਼ਰ ਦੀ ਤਲਾਸ਼ ਕਰ ਰਹੇ ਸਨ ਅਤੇ ਮੁਸਾਫ਼ਰ ਉੱਥੋਂ ਗ਼ਾਇਬ ਹੋ ਗਿਆ ਸੀ।

ਮੌਲਾਨਾ ਦੀ ਦਾੜ੍ਹੀ ਗ਼ੁੱਸੇ ਦੇ ਮਾਰੇ ਹਿੱਲ ਰਹੀ ਸੀ ਅਤੇ ਉਹ ਵਾਰ-ਵਾਰ ਕਹਿ ਰਹੇ ਸਨ। ਜਿਵੇਂ ਇਸਮ-ਏ-ਆਜ਼ਮ (ਖ਼ੁਦਾ) ਦਾ ਵਿਰਦ ਕਰ ਰਹੇ ਹੋਣ, "ਯਾ ਮਜ਼ਹਰੁਲ ਅਜਾਇਬ "ਹੁਣੇ ਉਹ ਮਰਦੂਦ ਇੱਥੇ ਸੀ, ਅਤੇ ਹੁਣੇ ਗ਼ਾਇਬ ਯਾ ਮਜ਼ਹਰੁਲ ਅਜਾਇਬ। ਹੁਣੇ ਉਹ ਮਰਦੂਦ ਇੱਥੇ ਸੀ ਅਤੇ ਹੁਣੇ ਗ਼ਾਇਬ!"

ਇੱਕ ਨੇ ਕਿਹਾ, "ਦਿਨ-ਦਿਹਾੜੇ ਡਾਕੇ ਪੈਣ ਲੱਗੇ। ਸੇਠ ਜੀ ਅਤੇ ਮੌਲਾਨਾ ਨੂੰ ਥਾਣੇ ਵਿੱਚ ਰਿਪੋਰਟ ਕਰਨੀ ਚਾਹੀਦੀ ਹੈ। ਚੋਰ ਫ਼ੌਰਨ ਫੜਿਆ ਜਾਵੇਗਾ।"

ਦੂਜੇ ਨੇ ਕਿਹਾ, "ਚੋਰ ਨਹੀਂ ਜੀ ਠੱਗ ਸੀ। ਅੱਖਾਂ ਵਿੱਚਘੱਟਾ ਪਾ ਕੇ ਦੋ-ਸ਼ਾਲਾ ਉਡਾ ਕੇ ਲੈ ਗਿਆ।"

ਤੀਜੇ ਨੇ ਕਿਹਾ, "ਭਈ ਸ਼ਕਲ-ਸੂਰਤ ਤੋਂ ਤਾਂ ਠੱਗ ਨਹੀਂ ਲੱਗਦਾ ਸੀ। ਸਿੱਧਾ ਸਾਧਾ ਬੁੱਢਾ ਸੀ ਕੋਈ।"

ਦੂਜੇ ਨੇ ਜਵਾਬ ਦਿੱਤਾ, "ਬਨਾਰਸ ਵਾਲੇ ਦੇਖਣ ਵਿੱਚ ਇੰਜ ਹੀ ਭੋਲੇ-ਭਾਲੇ ਲੱਗਦੇ ਹਨ। ਜ਼ਰੂਰ ਉਹ ਕੋਈ ਠੱਗ ਹੀ ਸੀ।"

ਚੌਥੇ ਨੇ ਕਿਹਾ, "ਫਿਰ ਮੇਰੇ ਖਿਆਲ ਵਿੱਚ ਵੀ ਉਹ ਠੱਗ ਜਾਂ ਚੋਰ ਨਹੀਂ ਸੀ। ਨਹੀਂ ਤਾਂ ਚੀਜ਼ਾਂ ਚੁਰਾ ਕੇ ਉਹ ਖ਼ੁਦ ਲੈ ਜਾਂਦਾ। ਦੂਜਿਆਂ ਨੂੰ ਕਿਉਂ ਦਿੰਦਾ। ਜ਼ਰੂਰ ਉਹ ਪਾਗਲ ਹੈ!"

ਅਤੇ ਸੇਠ ਜੀ ਦੀ ਗੋਗੜ ਮੌਲਾਨਾ ਦੀ ਦਾੜ੍ਹੀ ਵਾਂਗ ਗ਼ੁੱਸੇ ਦੇ ਮਾਰੇ ਹਿੱਲ ਰਹੀ ਸੀ, ਬੋਲੇ, "ਪਰ ਇਹ ਪਾਗਲਪਨ ਬਹੁਤ ਖ਼ਤਰਨਾਕ ਹੈ ਜੀ। ਦੋ-ਚਾਰ ਅਜਿਹੇ ਪਾਗਲ ਹੋਰ ਆ ਗਏ ਤਾਂ ਸਾਡਾ ਧੰਦਾ ਹੀ ਬੰਦ ਹੋ ਜਾਵੇਗਾ।"

ਇਹ ਆਖ ਕੇ ਉਹਨਾਂ ਨੇ ਕੋਲ ਰੱਖਿਆ ਹੋਇਆ ਟੈਲੀਫ਼ੋਨ ਚੁੱਕਿਆ ਅਤੇ ਡਾਇਲ ਘੁਮਾਇਆ। 8 – 6 – 0 – 4 –

(3)

ਪਰ ਉਹ ਮੁਸਾਫ਼ਰ ਓਥੋਂ ਬਹੁਤ ਦੂਰ ਸਾਰਨਾਥ ਦੇ ਖੰਡਰਾਂ ਵਿੱਚ ਘੁੰਮ ਰਿਹਾ ਸੀ। ਜਿੱਥੇ ਨਾ ਸੇਠ ਆਉਂਦੇ ਹਨ ਨਾ ਮੌਲਾਨਾ। ਨਾ ਮੋਟਰਾਂ ਵਿੱਚ ਘੁੰਮਣ ਵਾਲੇ ਮੰਤਰੀ। ਇੱਥੇ ਖ਼ਾਮੋਸ਼ੀ ਸੀ, ਸਕੂਨ ਸੀ। ਅਤੀਤ ਦੀ ਮਿੱਟੀ ਉੱਤੇ ਚਲਦੇ ਹੋਏ ਪੈਰਾਂ ਦੀ ਆਵਾਜ਼ ਵੀ ਨਹੀਂ ਹੁੰਦੀ ਸੀ।

ਬੜੀ ਦੇਰ ਤੱਕ ਮੁਸਾਫ਼ਰ ਅਜਾਇਬ ਘਰ ਵਿੱਚ ਭਗਵਾਨ ਬੁੱਧ ਦੀ ਮੂਰਤੀ ਦੇ ਸਾਹਮਣੇ ਖੜ੍ਹਾ ਰਿਹਾ ਅਤੇ ਗੌਤਮ ਦੀ ਅਭੈ ਮੁਦਰਾ ਜਿਵੇਂ ਉਸ ਨੂੰ ਦਿਲਾਸਾ ਦਿੰਦੀ ਰਹੀ ਅਤੇ ਪਥਰੀਲੀਆਂਅੱਖਾਂ ਜਿਹਨਾਂ ਨੇ ਦੁਨੀਆ ਦੇ ਗ਼ਮ ਦੀ ਤਹਿ ਨੂੰ ਪਾ ਲਿਆ ਸੀ,ਉਸ ਨੂੰ ਬਹੁਤ ਕੁਝ ਕਹਿੰਦੀਆਂ ਰਹੀਆਂ ਅਤੇ ਉਸ ਨੂੰ ਇੰਜ ਮਹਿਸੂਸ ਹੋਇਆ ਕਿ ਉਹ ਤਰਾਸ਼ੇ ਹੋਏ ਪਥਰੀਲੇ ਹੋਠ ਉਸ ਵੱਲ ਵੇਖਕੇ ਮੁਸਕੁਰਾ ਰਹੇ ਹਨ, ਜਿਵੇਂ ਕਹਿ ਰਹੇ ਹਨ, "ਐ ਮੁਸਾਫ਼ਰ, ਜਿਸ ਰਸਤੇ ਉੱਤੇ ਤੂੰ ਚੱਲ ਰਿਹਾ ਹੈਂ, ਉਸ ਤੋਂ ਭਲੀ-ਭਾਂਤ ਜਾਣੂ ਹਾਂ, ਕਿਉਂਕਿ ਇਹੀ ਸਾਡਾ

ਮਾਰਗ ਸੀ। ਪਰ ਅੱਜ ਇਸ ਮਾਰਗ ਉੱਤੇ ਕੌਣ ਚੱਲਦਾ ਹੈ। ਤੁਹਾਡਾ ਰਸਤਾ ਵੀ ਤਾਂ ਸੁੰਨਾ ਪਿਆ ਹੈ। ਸਾਡੇ-ਤੁਹਾਡੇ ਰਸਤੇ ਦੀ ਧੂੜ ਉੱਤੇ ਤਾਂ ਸਦੀਆਂ ਬਾਅਦ ਕਿਸੇ ਭੁੱਲੇ-ਭਟਕੇ ਦੇ ਕਦਮਾਂ ਦੇ ਨਿਸ਼ਾਨ ਮਿਲਦੇ ਹਨ।"

ਅਤੇ ਮੁਸਾਫ਼ਰ ਦੀਆਂ ਨਿਗਾਹਾਂ ਨੇ ਚੁੱਪ ਦੀ ਜ਼ਬਾਨ ਵਿਚ ਕਿਹਾ, "ਮੈਨੂੰ ਸ਼ਕਤੀ ਦਿਓ। ਮੈਨੂੰ ਸ਼ਾਂਤੀ ਦਿਓ.... ਸ਼ਾਕਯ ਮੁਨੀ। ਮੈਂ ਬਹੁਤ ਦਿਨਾਂ ਬਾਅਦ ਵਾਪਸ ਆਇਆ ਹਾਂ।"

ਅਤੇ ਗੌਤਮ ਦੇ ਹੋਠਾਂ ਨੇ ਬਿਨਾਂ ਖੁੱਲ੍ਹਿਆਂ ਕਿਹਾ, "ਤੁਸੀਂ ਵਾਪਸ ਨਹੀਂ ਆਏ। ਤੁਸੀਂ ਕਿਤੇ ਗਏ ਹੀ ਨਹੀਂ ਸੀ। ਤੁਸੀਂ ਲੋਕਾਂ ਦੇ ਮਨ ਵਿੱਚ ਸੌਂ ਗਏ ਸੀ ਅਤੇ ਹੁਣ ਉਹਨਾਂ ਦੇ ਮਨ ਵਿੱਚ ਤੁਸੀਂ ਜਾਗ ਗਏ ਹੋ। ਤੁਸੀਂ ਇੱਥੇ ਸੀ ਅਤੇ ਇੱਥੇ ਰਹੋਗੇ। ਤੁਸੀਂ ਇੱਥੇ ਹੋ ਅਤੇ ਹਰ ਜਗ੍ਹਾ ਹੋ। ਜਿਵੇਂ ਮੈਂ ਇੱਥੇ ਹਾਂ, ਉੱਥੇ ਹਾਂ ਅਤੇ ਹਰ ਜਗ ?ਹਾ ਹਾਂ। ਅਸੀ ਹਰ ਜਗ੍ਹਾ ਹਾਂ ਅਤੇ ਹਰ ਵਕਤ ਵਿੱਚ ਹਾਂ, ਪਰ ਖ਼ਾਸ ਕਰ ਅਸੀ ਅੱਜ ਹਾਂ ਅਤੇ ਇੱਥੇ ਹਾਂ।"

"ਪਰ ਸ਼ਾਕਯ ਮੁਨੀ। ਅੱਜ ਜੋ ਕੁਝ ਮੈਂ ਵੇਖਿਆ ਹੈ, ਉਸ ਤੋਂ ਮੈਂ ਬਹੁਤ ਦੁਖੀ ਹਾਂ।"

ਅਤੇ ਗੌਤਮ ਦੀਆਂ ਅੱਖਾਂ ਨੇ ਖ਼ਾਮੋਸ਼ੀ ਨਾਲ ਕਿਹਾ, "ਦੁਖ ਕੀ ਹੈ ? ਸੁਖ ਕੀ ਹੈ ? ਕੁਝ ਨਹੀਂ। ਜੋ ਕੁਝ ਹਨ, ਉਹ ਸਾਡੇ ਕਰਮ ਹਨ, ਸਾਡੇ ਅਮਲ ਹਨ ਅਤੇ ਅੱਜ ਤੁਸੀਂ ਆਪਣੇ ਅਮਲ ਨਾਲ ਸਾਬਤ ਕਰ ਦਿੱਤਾ ਹੈ ਕਿ ਤੁਹਾਡੇ ਸ਼ਬਦਾਂ ਵਿੱਚ ਸੰਗੀਤ ਹੀ ਨਹੀਂ ਸ਼ਕਤੀ ਵੀ ਹੈ।" ਅਤੇ ਹੁਣ ਮੁਸਾਫ਼ਰ ਨੇ ਵੇਖਿਆ ਕਿ ਉਹ ਪਥਰੀਲੀ ਅੱਖਾਂ ਉਸ ਵੱਲ ਵੇਖ ਕੇ ਮੁਸਕੁਰਾ ਰਹੀਆਂ ਹਨ....

ਫਿਰ ਉਹ ਘੁੰਮਦਾ ਘੁੰਮਾਉਂਦਾ ਨਵੇਂ ਬਣੇ ਹੋਏ ਬੋਧ ਮੰਦਰ ਵੱਲ ਚਲਾ ਆਇਆ ਅਤੇ ਅੰਦਰ ਜਾਂਦਿਆਂ ਹੋਇਆਂ ਉਸ ਨੇ ਵੇਖਿਆ ਕਿ ਸੰਗਮਰਮਰ ਦੀਆਂ ਸਿਲਾਂ ਉੱਤੇ ਸੇਠਾਂ, ਰਈਸਾਂ ਦੇ ਨਾਮ ਖੁਣੇ ਹੋਏ ਹਨ ਅਤੇ ਉਹਨਾਂ ਵਿੱਚ ਸੇਠ ਕਰੋੜੀ ਮੱਲ ਪਕੌੜੀ ਮੱਲ ਦਾ ਨਾਮ ਵੀ ਹੈ, ਜਿਸ ਦਾ ਦੋ-ਸ਼ਾਲਾ ਅੱਜ ਉਸ ਨੇ ਖੋਹਿਆ ਸੀ।

"ਇਹ ਕੀ ਹੈ ? " ਉਸ ਨੇ ਮੰਦਰ ਦੇ ਇੱਕ ਭਿਕਸ਼ੂ ਤੋਂ ਪੁੱਛਿਆ।

ਅਤੇ ਪੀਲੀ ਕਫ਼ਨੀ ਪਹਿਨੇ ਹੋਏ ਭਿਕਸ਼ੂ ਨੇ ਕਿਹਾ, "ਇਹ ਉਹਨਾਂ ਦਾਨੀਆਂ ਦੇ ਨਾਮ ਹਨ ਜਿਹਨਾਂ ਨੇ ਇਸ ਮੰਦਰ ਨੂੰ ਬਣਾਉਣ ਲਈ ਚੰਦਾ ਦਿੱਤਾ ਸੀ।"

ਮੁਸਾਫ਼ਰ ਨੇ ਬੁੜਬੁੜਾ ਕੇ ਕਿਹਾ, "ਤਾਂ ਉਹਨਾਂ ਨੇ ਚੰਦਾ ਮਹਾਤਮਾ ਬੁੱਧ ਲਈ ਨਹੀਂ ਦਿੱਤਾ ਸੀ, ਧਰਮ ਲਈ ਨਹੀਂ ਦਿੱਤਾ ਸੀ, ਇਸ ਮੰਦਰ ਲਈ ਨਹੀਂ ਦਿੱਤਾ ਸੀ। ਸੰਗਮਰਮਰ ਦੀ ਸਿਲ ਉੱਤੇ ਆਪਣਾ ਨਾਮ ਲਿਖਵਾਉਣ ਲਈ ਦਿੱਤਾ ਸੀ।"

ਫਿਰ ਉਹ ਇਹ ਕਹਿ ਕੇ ਅੰਦਰ ਦਾਖਿਲ ਹੋਇਆ ਅਤੇ ਉਸ ਨੇ ਵੇਖਿਆ ਕਿ ਉਹ ਮਹਾਨ ਆਤਮਾ ਜਿਸ ਨੇ ਦੁਨੀਆ ਦੇ ਲੱਖਾਂ ਕਰੋੜਾਂ ਲੋਕਾਂ ਨੂੰ ਮੁਕਤੀ ਦਿੱਤੀ ਸੀ, ਉੱਥੇ ਇੱਕ ਪੀਲੀ ਧਾਤ ਨਾਲ ਬਣਾਏ ਹੋਏ ਖੋਲ ਵਿੱਚ ਕੈਦ ਸੀ।

ਭਿਕਸ਼ੂ ਨੇ ਕਿਹਾ, "ਇਸ ਮੂਰਤੀ ਉੱਤੇ ਅੱਠ ਮਣ ਸੋਨੇ ਦਾ ਖੋਲ ਚੜ੍ਹਿਆ ਹੋਇਆ ਹੈ।"

ਮੁਸਾਫ਼ਰ ਨੇ ਜਵਾਬ ਦਿੱਤਾ, "ਬੜੀ ਤਾਕਤ ਹੈ ਸੋਨੇ ਦੀ ਜੋ ਬੁੱਧ ਵਰਗੀ ਆਜ਼ਾਦ ਆਤਮਾ ਨੂੰ ਵੀ ਆਪਣੇ ਪੰਜੇ ਵਿੱਚ ਜਕੜ ਕੇ ਰੱਖ ਸਕਦੀ ਹੈ।" ਪਰ ਇਹ ਗੱਲ ਉਸ ਭਿਕਸ਼ੂ ਦੀ ਸਮਝ ਵਿੱਚ ਨਾ ਆਈ।

ਫਿਰ ਮੁਸਾਫ਼ਰ ਨੇ ਵੇਖਿਆ ਕਿ ਚਾਰੋਂ ਪਾਸੇ ਭੱਦੀਆਂ-ਭੱਦੀਆਂ ਤਸਵੀਰਾਂ ਬਣੀ ਹੋਈਆਂ ਹਨ, ਜਿਹਨਾਂ ਵਿੱਚ ਮਹਾਤਮਾ ਬੁੱਧ ਦੀ ਜ਼ਿੰਦਗੀ ਦੇ ਵੱਖ-ਵੱਖ ਦ੍ਰਿਸ਼ ਪੇਸ਼ ਕੀਤੇ ਗਏ ਹਨ।

ਭਿਕਸ਼ੂ ਨੇ ਕਿਹਾ, "ਇਹ ਤਸਵੀਰਾਂ ਜਾਪਾਨ ਦੇ ਇੱਕ ਮਹਿਮਾਨ ਕਲਾਕਾਰ ਨੇ ਆਪਣੀ ਸ਼ਰਧਾ ਨਾਲ ਬਣਾਈਆਂ ਹਨ। ਪੂਰੇ ਚਾਰ ਸਾਲ ਲੱਗੇ ਸਨ ਉਸ ਨੂੰ ਇਹ ਕੰਮ ਪੂਰਾ ਕਰਨ ਵਿੱਚ। ਉਹ ਵੇਖੋ ਕੋਨੇ ਵਿੱਚ ਜਾਪਾਨੀ ਆਰਟਿਸਟ ਦਾ ਪੂਰਾ ਨਾਮ ਪਤਾ ਲਿਖਿਆ ਹੋਇਆ ਹੈ।"

ਇੱਕ ਯਾਤਰੂ ਨੇ ਮੁਸਾਫ਼ਰ ਨੂੰ ਕਿਹਾ, "ਸਿਰਫ ਚਾਰ ਸਾਲ। ਫਿਰ ਵੀ ਆਰਟਿਸਟ ਨੂੰ ਆਪਣਾ ਨਾਮ ਪਤਾ ਲਿਖਣ ਦੀ ਏਨੀ ਫ਼ਿਕਰ ਸੀ ਅਤੇ ਅਜੰਤਾ ਏਲੋਰਾ ਦੀਆਂ ਗੁਫਾਵਾਂ ਵਿੱਚ ਵੇਖੋ। ਇੱਕ ਇੱਕ ਗੁਫਾ ਨੂੰ, ਇਸ ਦੇ ਮੁਜੱਸਮਿਆਂ ਅਤੇ ਤਸਵੀਰਾਂ ਨੂੰ ਪੂਰਾ ਕਰਨ ਵਿੱਚ ਢਾਈ ਢਾਈ ਸੌ ਸਾਲ ਲੱਗੇ ਅਤੇ ਕਲਾਕਾਰਾਂ ਦੀਆਂ ਕਈ ਕਈ ਨਸਲਾਂ ਨੇ ਇੱਕ ਤੋਂ ਬਾਅਦ ਇੱਕ ਉਸ ਸਦੀਵੀ ਆਰਟ ਨੂੰ ਸਿਰਜਿਆ। ਫਿਰ ਵੀ ਕਿਸੇ ਨੇ ਇੱਕ ਜਗ੍ਹਾ ਵੀ ਆਪਣਾ ਨਾਮ ਨਹੀਂ ਲਿਖਿਆ। ਉਸ ਨੂੰ ਕਹਿੰਦੇ ਹਨ ਸੱਚੀ ਸ਼ਰਧਾ। ਸੱਚੀ ਕਲਾ।"

ਮੁਸਾਫ਼ਰ ਨੇ ਇਹ ਗੱਲ ਬੜੇ ਗ਼ੌਰ ਨਾਲ ਸੁਣੀ। ਫਿਰ ਉਹ ਬੋਲਿਆ, "ਨਾਮ ਲਈ ਲੋਕ ਸਭ ਕੁਝ ਕਰਦੇ ਹਨ। ਬੁੱਧ ਨਾਲ ਕੋਈ ਪਿਆਰ ਨਹੀਂ ਕਰਦਾ।

ਪਰ ਇਸ ਸਮੇਂ ਦੌਰਾਨ ਉਹ ਭਿਕਸ਼ੂ ਦੁਕਾਨ ਉੱਤੇ ਖੜ੍ਹਾ ਤਸਵੀਰਾਂ, ਮੂਰਤੀਆਂ ਅਤੇ ਕਿਤਾਬਾਂ ਵੇਚ ਰਿਹਾ ਸੀ। ਹੁਣ ਮੁਸਾਫ਼ਰ ਨੇ ਵੇਖਿਆ ਕਿ ਇੱਕ ਹੋਰ ਭਿਕਸ਼ੂ ਹੈ ਜੋ ਬੁੱਧ ਦੀ ਮੂਰਤੀ ਦੇ ਸਾਹਮਣੇ ਵਾਰ-ਵਾਰ ਸਿਜਦਾ ਕਰ ਰਿਹਾ ਹੈ।

ਅਤੇ ਉਸ ਨੇ ਸੋਚਿਆ, "ਪਰ ਬੁੱਧ ਨੇ ਤਾਂ ਕਿਹਾ ਸੀ, ਮੇਰੀ ਮੂਰਤੀ ਨਾ ਬਣਾਉਣਾ ਅਤੇ ਇਹ ਵੀ ਕਿਹਾ ਸੀ ਕਿ ਕਿਸੇ ਮੂਰਤੀ ਦੇ ਅੱਗੇ ਮੱਥਾ ਨਾ ਟੇਕਣਾ।"

ਪਰ ਉਹ ਭਿਕਸ਼ੂ ਮੂੰਹ ਹੀ ਮੂੰਹ ਵਿੱਚ ਕੋਈ ਦੁਆ ਬੁੜਬੁੜਾ ਰਿਹਾ ਸੀ ਅਤੇ ਹਰ ਵਾਰ ਸਾਰੇ ਸਰੀਰ ਨਾਲ ਜ਼ਮੀਨ ਉੱਤੇ ਡੰਡੌਤ ਕਰ ਰਿਹਾ ਸੀ। ਪਹਿਲਾਂ ਤਾਂ ਮੁਸਾਫ਼ਰ ਨੇ ਸਮਝਿਆ ਕਿ ਉਹ ਕੋਈ ਵਰਜ਼ਿਸ਼ ਕਰ ਰਿਹਾ ਹੈ ਅਤੇ ਉਸ ਨੇ ਇੱਕ ਯਾਤਰੂ ਨੂੰ ਕਿਹਾ ਵੀ, "ਇਹ ਮੰਦਿਰ ਹੈ ਕਿ ਅਖਾੜਾ ?" ਪਰ ਯਾਤਰੂ ਨੇ ਕਿਹਾ, "ਸ਼ ਸ਼ ਭਿਕਸ਼ੂ ਮਹਾਰਾਜ ਪੂਜਾ ਕਰ ਰਿਹਾ ਹੈ। ਭਗਵਾਨ ਬੁੱਧ ਦੀ ਮੂਰਤੀ ਦੀ।"

ਅਤੇ ਹੁਣ ਮੁਸਾਫ਼ਰ ਨੇ ਵੇਖਿਆ ਕਿ ਇਸ ਭਿਕਸ਼ੂ ਨੇ ਸੰਗਮਰਮਰ ਦੇ ਠੰਡੇ ਫ਼ਰਸ਼ ਉੱਤੇ ਦੋ ਗਿੱਠ ਚੌੜਾ ਤਹਿ ਕੀਤਾ ਹੋਇਆ ਊਨੀ ਕੱਪੜਾ ਵਿਛਾ ਰੱਖਿਆ ਹੈ, ਤਾਂ ਕਿ ਉਸ ਦਾ ਸਰੀਰ ਠੰਡੇ ਪੱਥਰ ਨੂੰ ਨਾ ਲੱਗੇ। ਜਿੱਥੇ ਉਸ ਦੇ ਹੱਥ ਜ਼ਮੀਨ ਉੱਤੇ ਆਉਂਦੇ ਸਨ, ਉੱਥੇ ਵੀ ਦੋਵੇਂ ਪਾਸੇ ਇੱਕ ਇੱਕ ਊਨੀ ਕੱਪੜੇ ਦਾ ਟੁਕੜਾ ਪਿਆ ਹੋਇਆ ਹੈ, ਤਾਂ ਕਿ ਭਿਕਸ਼ੂ ਦੇ ਹੱਥਾਂ ਨੂੰ ਵੀ ਠੰਡੇ ਫ਼ਰਸ਼ ਨੂੰ ਨਾ ਛੂਹਣਾ ਪਏ। ਕਿੰਨਾ ਖਿਆਲ ਸੀ ਇਸ ਭਿਕਸ਼ੂ ਨੂੰ ਆਪਣੇ ਰਾਮ ਦਾ, ਪਰ ਉਹ ਬਰਾਬਰ ਆਪਣੀ ਕਸਰਤ ਕਰੀ ਜਾ ਰਿਹਾ ਸੀ। ਝੁਕਦਾ, ਜ਼ਮੀਨ ਉੱਤੇ ਮੂੰਹ ਪਰਨੇ, ਉਲਟਾ ਲੇਟਦਾ, ਫਿਰ ਉੱਠਦਾ, ਫਿਰ ਝੁਕਦਾ ਅਤੇ ਸਾਰੇ ਸਮੇਂ ਦੌਰਾਨ ਕੋਈ ਦੁਆ ਬੁੜਬੁੜਾਉਂਦਾ ਰਿਹਾ ਅਤੇ ਮੁਸਾਫ਼ਰ ਨੂੰ ਅਜਿਹਾ ਲੱਗਾ ਕਿ ਇਹ ਇੱਕ ਭਿਕਸ਼ੂ ਨਹੀਂ ਹੈ ਸਗੋਂ ਪੂਜਾ ਕਰਨ ਦੀ ਇੱਕ ਮਸ਼ੀਨ ਹੈ ਜੋ ਬਟਨ ਦਬਾਉਣ ਨਾਲ ਡੰਡ-ਬੈਠਕ ਮਾਰਨ ਲੱਗਦੀ ਹੈ।

ਅਤੇ ਉਸ ਨੂੰ ਅਜਿਹਾ ਲੱਗਾ ਕਿ ਇਹ ਭਿਕਸ਼ੂ ਆਪਣੀ ਫ਼ਰੇਬ ਨਾਲ ਭਰੀ ਹੋਈ

ਇਬਾਦਤ ਨਾਲ ਭਗਵਾਨ ਬੁੱਧ ਦੀ ਹੱਤਕ ਕਰ ਰਿਹਾ ਹੈ। ਉਹਨਾਂ ਦਾ, ਉਹਨਾਂ ਦੀ ਪਵਿੱਤਰ ਆਤਮਾ ਦਾ ਮੂੰਹ ਚਿੜਾ ਰਿਹਾ ਹੈ ਅਤੇ ਉਸ ਨੇ ਇੱਕ ਹੀ ਵਾਰ ਵਿੱਚ ਭਿਕਸ਼ੂ ਦੇ ਸਾਹਮਣੇ ਤੋਂ ਉਹ ਗੱਦੀਆਂ ਖਿੱਚ ਲਈਆਂ ਅਤੇ ਇਸ ਵਾਰ ਭਿਕਸ਼ੂ ਸਿਜਦੇ ਵਿੱਚ ਗਿਆ ਤਾਂ ਇਸ ਦਾ ਮੱਥਾ ਧੜ ਤੋਂ ਠੰਡੇ ਸਖ਼ਤ ਪੱਥਰ ਉੱਤੇ ਲੱਗਾ ਅਤੇ ਇੱਕ ਪਲ ਵਿੱਚ ਉਸ ਦੀ ਤਪਸਿਆ, ਉਸ ਦੀ ਸ਼ਰਧਾ ਅਤੇ ਉਸ ਦੀ ਪੂਜਾ ਅਤੇ ਉਸ ਦੀ ਅਹਿੰਸਾ ਦਾ ਭਰਮ ਖੁੱਲ ਗਿਆ ਅਤੇ ਮੁਸਾਫ਼ਰ ਨੂੰ ਮਾਰਨ ਲਈ ਉਸ ਦੇ ਪਿੱਛੇ ਭੱਜਿਆ ਪਰ ਇਸ ਅਰਸੇ ਵਿੱਚ ਮੁਸਾਫ਼ਰ ਨੇ ਮੂਰਤੀ ਸਥਾਨ ਦੇ ਕੋਲੋਂ ਘੜਿਆਲ ਵਜਾਉਣ ਦੀ ਇੱਕ ਲੋਹੇ ਦੀ ਮੂੰਗਲੀ ਚੁੱਕ ਲਈ ਸੀ ਅਤੇ ਉਸ ਨਾਲ ਉਹ ਮੂਰਤੀ ਉੱਤੇ ਚੜ੍ਹੇ ਹੋਏ ਪੀਲੀ ਧਾਤ ਦੇ ਖੋਲ ਨੂੰ ਤੋੜ ਰਿਹਾ ਸੀ ਅਤੇ ਬੁੱਧ ਨੂੰ ਸੋਨੇ ਦੀ ਕੈਦ ਤੋਂ ਅਜ਼ਾਦ ਕਰ ਰਿਹਾ ਸੀ।

ਕਿੰਨੇ ਹੀ ਭਿਕਸ਼ੂ, ਪਹਿਰੇਦਾਰ ਯਾਤਰੂ ਮੁਸਾਫ਼ਰ ਦੇ ਪਿੱਛੇ ਭੱਜੇ ਐਪਰ ਉਹ ਉਹਨਾਂ ਦੇ ਹੱਥ ਨਾ ਆਇਆ। ਛਲਾਵੇ ਵਾਂਗ ਗ਼ਾਇਬ ਹੋ ਗਿਆ ਅਤੇ ਜਦੋਂ ਉਸ ਦਾ ਪਿੱਛਾ ਕਰਨ ਵਾਲੇ ਮੰਦਰੋਂ ਬਾਹਰ ਨਿਕਲ ਕੇ ਭੱਜੇ ਤਾਂ ਉਹਨਾਂ ਨੇ ਵੇਖਿਆ ਕਿ ਦਰਵਾਜ਼ੇ ਦੇ ਦੋਵੇਂ ਪਾਸੇ ਜੋ ਸੰਗਮਰਮਰ ਦੀ ਤਖਤੀਆਂ ਲੱਗੀਆਂ ਸਨ, ਜਿਹਨਾਂ ਉੱਤੇ ਚੰਦਾ ਦੇਣ ਵਾਲੇ ਸੇਠਾਂ ਦੇ ਨਾਮ ਅਤੇ ਉਹਨਾਂ ਦੇ ਚੰਦੇ ਦੀਆਂ ਰਕਮਾਂ ਲਿਖੀਆਂ ਹੋਈਆਂ ਸਨ, ਉਹਨਾਂ ਨੂੰ ਕੋਈ ਪਾਗਲ ਇਸ ਤਰ੍ਹਾਂ ਭੰਨ-ਤੋੜ ਗਿਆ ਹੈ ਕਿ ਹੁਣ ਨਾ ਸੇਠ ਕਰੋੜੀ ਮੱਲ ਪਕੌੜੀ ਮੱਲ ਦਾ ਨਾਮ ਪੜ੍ਹਿਆ ਜਾਂਦਾ ਹੈ ਅਤੇ ਨਾ ਉਹਨਾਂ ਦੀ ਦਾਨ ਦਿੱਤੀ ਹੋਈ ਸੌ ਰੁਪਏ ਦੀ ਰਕਮ।

"ਬਿਲਕੁਲ ਪਾਗਲ ਹੈ ਮਹਾਰਾਜ"ਭਿਕਸ਼ੂਆਂ ਨੇ ਮੰਦਰ ਦੇ ਮੈਨੇਜਰ ਨੂੰ ਰਿਪੋਰਟ ਦਿੱਤੀ ਜੋ ਆਪਣੇ ਰਜਿਸਟਰ ਵਿੱਚ ਦਾਨ ਦੀਆਂ ਰਕਮਾਂ ਦਾ ਹਿਸਾਬ ਕਿਤਾਬ ਲਿਖ ਰਿਹਾ ਸੀ ਅਤੇ ਪਹਿਰੇਦਾਰ ਬੋਲਿਆ, ਬਹੁਤ ਖ਼ਤਰਨਾਕ ਪਾਗਲ ਹੈ ਮਹਾਰਾਜ, ਮੂਰਤੀ ਉੱਤੇ ਮੜ੍ਹੇ ਹੋਏ ਸੋਨੇ ਨੂੰ ਚੂਰ-ਚੂਰ ਕਰ ਗਿਆ ਅਤੇ ਖ਼ੁਦ ਇਸ ਵਿੱਚੋਂ ਇੱਕ ਟੁਕੜਾ ਵੀ ਚੁੱਕ ਕੇ ਨਹੀਂ ਲੈ ਕੇ ਗਿਆ....ਬਿਲਕੁਲ ਪਾਗਲ, ਮਹਾਰਾਜ!"

ਅਤੇ ਮੰਦਰ ਦੇ ਮੈਨੇਜਰ ਨੇ ਬੁੱਧਮ ਸ਼ਰਣਮ ਗੱਛਾਮੀ ਆਖ ਕੇ ਟੈਲੀਫ਼ੋਨ ਚੁੱਕਿਆ ਅਤੇ ਡਾਇਲ ਘੁਮਾਇਆ 8 - 6 - 0 - 4 -

(4)

"ਮਹਾਰਾਜ! " ਇੱਕ ਆਵਾਜ਼ ਆਈ ਪਰ ਮੁਸਾਫ਼ਰ ਨੇ ਮੁੜ ਕੇ ਨਾ ਵੇਖਿਆ।

"ਸ਼੍ਰੀਮਾਨ! " ਉਹੀ ਆਵਾਜ ਫਿਰ ਆਈ ਪਰ ਹੁਣ ਵੀ ਉਸ ਨੇ ਓਧਰ ਕੋਈ ਤਵੱਜੋ ਨਹੀਂ ਦਿੱਤੀ।

ਬਜ਼ਾਰ ਵਿੱਚ ਸ਼ਾਮ ਦੇ ਵੇਲੇ ਬਹੁਤ ਭੀੜ ਸੀ ਮੋਢੇ ਨਾਲ ਮੋਢਾ ਖਹਿੰਦਾ ਸੀ....ਹੋ ਸਕਦਾ ਹੈ ਕਿਸੇ ਹੋਰ ਨੂੰ ਹੀ ਆਵਾਜ਼ ਦੇ ਰਿਹਾ ਹੋਵੇ।

"ਓ ਭਾਈ ਸਾਹਿਬ!"

"ਓ ਮਿਸਟਰ!"

"ਓ ਸੁਣੋ ਤਾਂ!"

"ਓਏ. . . .!"

"ਐ. . . .!"

ਅਤੇ ਇਸ ਆਖ਼ਰੀ "ਐ" ਵਿੱਚ ਇੰਨਾ ਜ਼ੋਰ ਸੀ ਕਿ ਮੁਸਾਫ਼ਰ ਠਿਠਕ ਕੇ ਖੜ੍ਹਾ ਹੋ ਹੀ ਗਿਆ। ਪਿੱਛੇ ਮੁੜ ਕੇ ਵੇਖਿਆ ਤਾਂ ਇੱਕ ਆਦਮੀ ਸਫ਼ੈਦ ਕੁੜਤਾ ਧੋਤੀ ਅਤੇ ਊਨੀ ਫਤੂਹੀ ਪਾਈ, ਵਾਲਾਂ ਵਿੱਚ ਤੇਲ ਲਗਾਈ, ਮੱਥੇ ਉੱਤੇ ਚੰਦਨ ਲਗਾਈ ਉਸ ਦਾ ਪਿੱਛਾ ਕਰ ਰਿਹਾ ਹੈ।

"ਕੀ ਹੈ ਭਰਾ?"

"ਤੁਸੀਂ ਬਨਾਰਸ ਵਿੱਚ ਅੱਜ ਹੀ ਆਏ ਲੱਗਦੇ ਹੋ! ਕਿਉਂ ਠੀਕ ਹੈ ਨਾ?"

"ਤੁਸੀਂ ਠੀਕ ਕਹਿੰਦੇ ਹੋ, ਮੈਂ ਹਮੇਸ਼ਾ ਤੋਂ ਹੀ ਬਨਾਰਸ ਵਿੱਚ ਰਹਿੰਦਾ ਆਇਆ ਹਾਂ, ਪਰ ਇਸ ਵਾਰਾਣਸੀ ਵਿੱਚ ਅੱਜ ਪਹਿਲੀ ਵਾਰ ਆਇਆ ਹਾਂ।"

"ਕੀ ਹੈ ਓਥੇ?"

"ਭਗਵਾਨ ਦੇ ਦਰਸ਼ਨ ਹੋਣਗੇ।"

"ਕਿਉਂ ਭਗਵਾਨ ਇੱਥੇ ਨਹੀਂ ਹਨ ਕੀ, ਉੱਥੇ ਕੈਦ ਕਰਕੇ ਰੱਖਿਆ ਹੈ ਕਿਸੇ ਨੇ?"

"ਨਹੀਂ, ਉੱਥੇ ਸ਼ੈਵ ਭਗਵਾਨ ਦੀ ਮੂਰਤੀ ਹੈ, ਇਸ ਦੇ ਦਰਸ਼ਨ ਕਰਨਾ, ਪੂਜਾ ਕਰਨਾ।"

ਮੁਸਾਫ਼ਰ ਨੇ ਕਿਹਾ, "ਜੇ ਪੱਥਰ ਪੂਜਣ ਨਾਲ ਹੀ ਭਗਵਾਨ ਮਿਲਦਾ ਹੈ ਤਾਂ ਚੱਕੀ ਦੀ ਪੂਜਾ ਕਿਉਂ ਨਾ ਕਰਾਂ ਜੋ ਆਟਾ ਪੀਹ ਕੇ ਬੰਦਿਆਂ ਦਾ ਢਿੱਡ ਭਰਦੀ ਹੈ।"

"ਨਹੀਂ, ਇਹ ਪੱਥਰ ਦੀ ਨਹੀਂ, ਸੋਨੇ ਦੀ ਮੂਰਤੀ ਹੈ। ਮੰਦਰ ਦੇ ਕਲਸ ਉੱਤੇ ਛੱਬੀ ਮਣ ਸੋਨਾ ਮੜ੍ਹਿਆ ਹੋਇਆ ਹੈ।"

"ਮੈਂ ਭਗਵਾਨ ਦੀ ਮੂਰਤੀ ਨਹੀਂ ਵੇਖਣੀ। ਨਾ ਪੱਥਰ ਦੀ ਨਾ ਸੋਨੇ ਦੀ। ਮੈਂ ਤਾਂ ਭਗਵਾਨ ਨੂੰ ਹਰ-ਰੋਜ਼, ਹਰ ਘੜੀ, ਹਰ ਪਲ ਵੇਖਦਾ ਹਾਂ।"

ਚਿਕਨੇ ਵਾਲਾਂ ਵਾਲਾ ਸਮਝਿਆ, ਇਹ ਬੁੱਢਾ ਉਸ ਨਾਲ ਮਖ਼ੌਲ ਕਰ ਰਿਹਾ ਹੈ। ਸੋ ਉਹ ਬੋਲਿਆ, "ਕਿਉਂ ਵੱਡੇ ਮੀਆਂ ਭਲਾ ਭਗਵਾਨ ਨੂੰ ਕਿੱਥੇ ਕਿੱਥੇ ਵੇਖਿਆ ਹੈ ਤੁਸੀਂ?"

ਮੁਸਾਫ਼ਰ ਨੇ ਜਵਾਬ ਦਿੱਤਾ, "ਮੈਂ ਭਗਵਾਨ ਨੂੰ ਗਲੀ ਵਿੱਚ ਭੀਖ ਮੰਗਦੇ ਵੇਖਿਆ ਹੈ....ਮੈਂ ਭਗਵਾਨ ਨੂੰ ਫਟੀ ਕਮੀਜ਼ ਪਾਈ ਸਰਦੀ ਵਿੱਚ ਠਰਦੇ ਵੇਖਿਆ ਹੈ। ਮੈਂ ਭਗਵਾਨ ਨੂੰ ਸ਼ਰਾਬ-ਖਾਨੇ ਵਿੱਚ ਵੇਖਿਆ ਹੈ। ਉਹ ਸ਼ਰਾਬ ਵਿੱਚ ਹੈ, ਸ਼ਰਾਬ ਦੀ ਭੱਠੀ ਵਿੱਚ ਵੀ ਹੈ, ਉਹੀ ਸ਼ਰਾਬ ਬਣਾਉਂਦਾ ਹੈ, ਉਹੀ ਪਿਲਾਉਂਦਾ ਹੈ, ਉਹੀ ਪੀਂਦਾ ਹੈ, ਉਹੀ ਸੁਰਾਹੀ ਹੈ, ਉਹੀ ਪਿਆਲਾ ਹੈ, ਉਹੀ ਮਤਵਾਲਾ ਹੈ।"

ਮੁਸਾਫ਼ਰ ਹਾਲੇ ਬੋਲ ਹੀ ਰਿਹਾ ਸੀ ਕਿ ਉਹ ਚਿਕਨੇ ਵਾਲਾਂ ਵਾਲਾ ਘਬਰਾ ਕੇ ਓਥੋਂ ਚੱਲਦਾ ਬਣਿਆ। ਉਹ ਸੋਚ ਰਿਹਾ ਸੀ "ਪਤਾ ਨਹੀਂ ਮੈਂ ਵੀ ਕਿਸ ਪਾਗਲ ਦੇ ਪੱਲੇ ਪੈ ਗਿਆ ਸਾਂ।"

ਮੁਸਾਫ਼ਰ ਅੱਗੇ ਚੱਲਿਆ ਤਾਂ ਉਸ ਨੂੰ ਇੱਕ ਹੋਰ ਪਾਂਡਾ ਮਿਲਿਆ। ਉਹ ਬੋਲਿਆ, "ਮਹਾਰਾਜ ਲੱਗਦਾ ਹੈ, ਅੱਜ ਹੀ ਤੁਸੀ ਇਸ ਪਵਿੱਤਰ ਭੂਮੀ ਵਿੱਚ ਪਧਾਰੇ ਹੋ। ਚਲੋ ਤੁਹਾਨੂੰ ਗੰਗਾ ਜੀ ਵਿੱਚ ਇਸ਼ਨਾਨ ਕਰਵਾ ਲਿਆਵਾਂ!"

ਮੁਸਾਫ਼ਰ ਨੇ ਪੁੱਛਿਆ, "ਕਿਉਂ, ਗੰਗਾ ਵਿੱਚ ਇਸ਼ਨਾਨ ਕਰਨ ਨਾਲ ਕੀ ਹੁੰਦਾ ਹੈ?"

"ਜੀਵਨ ਦੇ ਸਭ ਪਾਪ ਧੁਲ ਜਾਂਦੇ ਹਨ। ਇੱਕ ਵਾਰ ਗੰਗਾ ਇਸ਼ਨਾਨ ਕਰੋਗੇ, ਸਿੱਧੇ ਸਵਰਗ ਵਿੱਚ ਜਾਓਗੇ।"

ਮੁਸਾਫ਼ਰ ਨੇ ਇੱਕ ਪਲ ਸੋਚ ਕੇ ਜਵਾਬ ਦਿੱਤਾ, "ਕਿਉਂ ਸ਼੍ਰੀਮਾਨ, ਜੋ ਕੋਈ ਵੀ ਗੰਗਾ ਨਹਾਵੇ, ਉਹ ਸੱਚਮੁਚ ਸਵਰਗ ਵਿੱਚ ਜਾਂਦਾ ਹੈ ?"

ਪਾਂਡੇ ਨੇ ਕਿਹਾ, "ਬਿਲਕੁਲ ਸਿੱਧਾ ਸਵਰਗ ਵਿੱਚ ਜਾਂਦਾ ਹੈ !"

ਅਤੇ ਮੁਸਾਫ਼ਰ ਬੋਲਿਆ, "ਫਿਰ ਤਾਂ ਸਭ ਧੋਬੀ ਅਤੇ ਦਰਿਆ ਦੇ ਸਭ ਕੱਛੂ ਸਿੱਧੇ ਸਵਰਗ ਜਾਣੇ ਚਾਹੀਦੇ ਹਨ।"

"ਪਾਗਲ ਹੈ ਬੇਚਾਰਾ।" ਪਾਂਡੇ ਨੇ ਸੋਚਿਆ ਅਤੇ ਕਿਸੇ ਹੋਰ ਸ਼ਿਕਾਰ ਦੀ ਤਲਾਸ਼ ਵਿੱਚ ਚੱਲ ਪਿਆ। ਘੁੰਮਦੇ ਘੁੰਮਦੇ ਮੁਸਾਫ਼ਰ ਹੁਣ ਸ਼ਮਸ਼ਾਨਘਾਟ ਉੱਤੇ ਪਹੁੰਚ ਗਿਆ....ਜਿੱਥੇ ਉਸ ਨੇ ਵੇਖਿਆ ਕਿ ਲੱਕੜ ਦੇ ਢੇਰਾਂ ਉੱਤੇ ਚਿਤਾਵਾਂ ਸੜ ਰਹੀਆਂ ਹਨ। ਇਸ ਉੱਤੇ ਘਿਓ ਅਤੇ ਤੇਲ ਪਾਇਆ ਜਾ ਰਿਹਾ ਹੈ। ਸ਼ੋਲੇ ਭੜਕ ਰਹੇ ਹਨ। ਬ੍ਰਾਹਮਣ ਸ਼ਲੋਕ ਪੜ੍ਹ ਰਹੇ ਹਨ। ਮਰਨ ਵਾਲੇ ਦੇ ਰਿਸ਼ਤੇਦਾਰ ਬ੍ਰਾਹਮਣਾਂ ਨੂੰ ਦਾਨ ਕਰ ਰਹੇ ਹਨ।

ਮੁਸਾਫ਼ਰ ਨੇ ਇੱਕ ਆਦਮੀ ਤੋਂ ਪੁੱਛਿਆ ਜੋ ਸੜਦੀਆਂ ਹੋਈਆਂ ਲੱਕੜਾਂ ਨੂੰ ਉਲਟ-ਪਲਟ ਰਿਹਾ ਸੀ, "ਕਿਉਂ ਭਰਾ ਕੀ ਹਾਲ ਹੈ ?"

"ਧੰਦਾ ਬਹੁਤ ਮੰਦਾ ਹੈ ਅੱਜਕੱਲ੍ਹ ਭਰਾ !"

ਮੁਸਾਫ਼ਰ ਨੇ ਪੁੱਛਿਆ, "ਕਿਹੜਾ ਧੰਦਾ ?"

"ਇਹੀ ਕਿਰਿਆ ਕਰਮ ਦਾ ਧੰਦਾ। ਪਤਾ ਨਹੀਂ ਕੀ ਹੋ ਗਿਆ ਹੈ ? ਲੋਕਾਂ ਨੇ ਮਰਨਾ ਹੀ ਘੱਟ ਕਰ ਦਿੱਤਾ ਹੈ। ਕਿੱਥੇ ਦਸ ਵਰ੍ਹੇ ਪਹਿਲਾਂ ਰੋਜ਼ ਸੌ-ਡੇਢ ਸੌ ਲਾਸ਼ਾਂ ਆਉਂਦੀਆਂ ਸਨ। ਹੁਣ ਮੁਸ਼ਕਲ ਨਾਲ ਪੰਝੀ-ਤੀਹ ਆਉਂਦੀਆਂ ਹਨ। ਪਹਿਲਾਂ ਸਾਰੇ ਦੇਸ਼ ਦੇ ਕੋਨੇ ਕੋਨੇ ਤੋਂ ਲੋਕ ਇੱਥੇ ਮਰਨ ਆਉਂਦੇ ਸਨ। ਹੁਣ ਅਧਰਮ ਫੈਲ ਰਿਹਾ ਹੈ ਅਤੇ ਕਿੰਨੇ ਹੀ ਲੋਕ ਆਪਣੇ ਘਰ ਵਿੱਚ ਹੀ ਮਰਨਾ ਪਸੰਦ ਕਰਦੇ ਹਨ।"

ਮੁਸਾਫ਼ਰ ਨੇ ਹਮਦਰਦੀ ਦਾ ਪ੍ਰਗਟਾਵਾ ਕੀਤਾ, "ਬੜਾ ਅਫ਼ਸੋਸ ਹੈ ਭਰਾ। ਫਿਰ ਵੀ ਭਗਵਾਨ ਉੱਤੇ ਭਰੋਸਾ ਰੱਖੀਂ, ਉਹ ਸਭ ਦਾ ਪਾਲਣਹਾਰ ਹੈ।"

ਏਨੇ ਵਿੱਚ ਮੁਸਾਫ਼ਰ ਨੇ ਵੇਖਿਆ ਕਿ ਇੱਕ ਬੁੱਢਾ ਆਦਮੀ ਇਕੱਲਾ ਆਪਣੀਆਂ ਬਾਂਹਵਾਂ ਉੱਤੇ ਕਫ਼ਨ ਵਿੱਚ ਲਪੇਟੀ ਹੋਈ ਇੱਕ ਲਾਸ਼ ਚੁੱਕੀ ਚੱਲਿਆ ਆ ਰਿਹਾ ਹੈ। ਕੋਈ ਅਰਥੀ ਨੂੰ ਮੋਢਾ ਦੇਣ ਵਾਲਾ ਨਹੀਂ ਹੈ।

ਮੁਸਾਫ਼ਰ ਨੇ ਬੁੱਢੇ ਦੇ ਕੋਲ ਜਾ ਕੇ ਕਿਹਾ, "ਤੁਸੀਂ ਥੱਕ ਗਏ ਹੋਵੋਗੇ, ਲਿਆਓ ਲਾਸ਼ ਨੂੰ ਮੈਨੂੰ ਦੇ ਦਿਓ !"

ਬੁੱਢੇ ਦੀਆਂ ਅੱਖਾਂ ਵਿੱਚ ਅੱਥਰੂ ਲਗਾਤਾਰ ਵਗ ਰਹੇ ਸਨ। ਲਾਸ਼ ਨੂੰ ਮੁਸਾਫ਼ਰ ਦੇ ਸਪੁਰਦ ਕਰਦੇ ਹੋਏ ਉਹ ਬੋਲਿਆ, "ਜ਼ਰਾ ਸੰਭਾਲ ਕੇ ਭਰਾ। ਮੇਰਾ ਇਕਲੌਤਾ ਪੁੱਤਰ ਹੈ।" ਇਸ ਲਈ ਉਹ ਹੁਣ ਤੱਕ "ਹੈ" ਸੀ, "ਸੀ" ਨਹੀਂ ਹੋਇਆ ਸੀ।

ਹੁਣ ਉਹ ਦੋਵੇਂ ਘਾਟ ਦੇ ਕਿਨਾਰੇ ਇੱਕ ਜਗ੍ਹਾ ਪੁੱਜੇ, ਜਿੱਥੇ ਲੋਹੇ ਦੇ ਕਟਹਿਰੇ ਦੇ ਕੋਲ ਲੱਕੜਾਂ ਦਾ ਇੱਕ ਢੇਰ ਲੱਗਾ ਹੋਇਆ ਸੀ।

"ਓਏ ਓਏ !" ਇੱਕ ਪਾਂਡਾ ਚੀਖਦਾ ਹੋਇਆ ਆਇਆ, "ਤੁਸੀਂ ਲੋਕ ਏਧਰ ਕਿਵੇਂ ਆਏ ? ਇਹ ਰਾਜਿਆਂ ਮਹਾਰਾਜਿਆਂ ਦੀ ਕਿਰਿਆ ਦੀ ਜਗ੍ਹਾ ਹੈ। ਇੱਥੇ ਅੰਤਮ ਸੰਸਕਾਰ ਕਰਨ ਦੇ ਪੰਜ ਸੌ ਰੁਪਏ ਲੱਗਦੇ ਹਨ।"

"ਪੰਜ ਸੌ ਰੁਪਏ!" ਮੁਸਾਫ਼ਰ ਨੇ ਦੁਹਰਾਇਆ, "ਮੌਤ ਵੀ ਇੰਨੀ ਮਹਿੰਗੀ ਹੋ ਗਈ ਹੈ!"

"ਹਾਂ ਹਾਂ, ਜਾਣਦੇ ਹੋ, ਇਹ ਚੰਦਨ ਦੀ ਲੱਕੜੀ ਹੈ। ਰਾਜਿਆਂ ਮਹਾਰਾਜਿਆਂ ਲਈ ਮੰਗਾਈ ਜਾਂਦੀ ਹੈ। ਜਾਓ ਓਧਰ ਦੇ ਘਾਟ ਉੱਤੇ ਜਾਓ।"

ਪਰ ਦੂਜੇ ਪਾਸੇ ਦੂਜੇ ਪਹਿਰੇਦਾਰ ਖੜੇ ਸਨ। ਮੌਤ ਦੇ ਮਹੱਲ ਦੇ ਚੌਂਕੀਦਾਰ।

"ਚਾਲੀ ਰੁਪਏ ਦੀ ਤਾਂ ਲੱਕੜ ਹੀ ਆਵੇਗੀ। " ਇੱਕ ਨੇ ਕਿਹਾ, "ਰੁਪਏ ਕੱਢੋ।"

"ਪੰਜ ਰੁਪਏ ਦਾ ਘਿਓ।" ਦੂਜੇ ਨੇ ਹੱਥ ਵਧਾਇਆ।

"ਪੰਜ ਰੁਪਏ ਪੰਡਤ ਨੂੰ ਦਾਨ।" ਤੀਜੇ ਨੇ ਆਪਣੀ ਮੁੱਠੀ ਖੋਲੀ।

"ਕੁਲ ਪੰਜਾਹ ਰੁਪਏ ਲੱਗਣਗੇ।" ਚੌਥੇ ਨੇ ਹਿਸਾਬ ਦੱਸ ਦਿੱਤਾ।

"ਪਰ ਸਵਾ ਰੁਪਿਆ ਠੇਕੇਦਾਰ ਨੂੰ ਦੇਣਾ ਪਵੇਗਾ।"

"ਠੇਕੇਦਾਰ!" ਮੁਸਾਫ਼ਰ ਨੇ ਹੈਰਾਨੀ ਨਾਲ ਕਿਹਾ, "ਕੀ ਕਿਸੇ ਨੇ ਮੌਤ ਦਾ ਠੇਕਾ ਵੀ ਲਿਆ ਹੋਇਆ ਹੈ?"

"ਹਾਂ, ਹਾਂ, ਠੇਕੇਦਾਰ ਨੂੰ ਸਵਾ ਰੁਪਏ ਦਿੱਤੇ ਬਿਨਾਂ ਇੱਥੇ ਕੋਈ ਕਿਰਿਆ ਨਹੀਂ ਕਰ ਸਕਦਾ।"

ਦੂਜੇ ਨੇ ਕਿਹਾ, "ਇਕਵੰਜਾ ਰੁਪਏ ਅਤੇ ਪੰਝੀ ਪੈਸੇ ਕੱਢੋ।"

ਤੀਜੇ ਨੇ ਕਿਹਾ, "ਨਹੀਂ ਹਨ ਤਾਂ ਘਰ ਦਾ ਰਸਤਾ ਨਾਪੋ।"

ਚੌਥੇ ਨੇ ਲਾਠੀ ਖੜਕਾਉਂਦਿਆਂ ਕਿਹਾ, "ਚਲੋ ਜਲਦੀ ਕਰੋ। ਧੰਦੇ ਦਾ ਟਾਇਮ ਹੈ।"

ਅਤੇ ਬੁੱਢਾ ਜਿਸ ਦੀਆਂ ਅੱਖਾਂ ਵਿੱਚੋਂ ਹੰਝੂਆਂ ਦੀ ਗੰਗਾ-ਜਮਨਾ ਵਹਿ ਰਹੀ ਸੀ, ਉਸ ਨੇ ਮੁਸਾਫ਼ਰ ਵੱਲ ਵੇਖਕੇ ਕਿਹਾ, "ਮੇਰੇ ਕੋਲ ਤਾਂ ਕੁਝ ਵੀ ਨਹੀਂ, ਜੋ ਸੀ ਉਹ ਉਸ ਦੀ ਦਵਾਈ ਦਾਰੂ ਉੱਤੇ ਲਾ ਦਿੱਤਾ।"

ਏਨੇ ਵਿੱਚ ਕਿਸੇ ਅਮੀਰ ਆਦਮੀ ਦੀ ਅਰਥੀ ਆਈ। ਉਸ ਨਾਲ ਅਣਗਿਣਤ ਆਦਮੀ ਸਨ, ਬੈਂਡ ਵਾਜਾ, ਹਾਰ-ਫੁੱਲ, ਲੱਗਦਾ ਸੀ ਜਿਵੇਂ ਕਿਸੇ ਦੀ ਬਰਾਤ ਹੈ।

ਮੌਤ ਦੇ ਸਭ ਠੇਕੇਦਾਰ ਓਧਰ ਭੱਜੇ ।

ਹੁਣ ਉਹ ਤਿੰਨੇ ਇਕੱਲੇ ਰਹਿ ਗਏ।

ਮੁਸਾਫ਼ਰ,

ਬੁੱਢਾ

ਅਤੇ ਬੁੱਢੇ ਦੇ ਜਵਾਨ ਬੇਟੇ ਦੀ ਲਾਸ਼।

ਮੁਸਾਫ਼ਰ ਨੇ ਵੇਖਿਆ ਕਿ ਲੱਕੜਾਂ ਦੇ ਇੱਕ ਵੱਡੇ ਢੇਰ ਉੱਤੇ ਇੱਕ ਚਿਤਾ ਸੜ ਰਹੀ ਹੈ ਅਤੇ ਉਸ ਦੇ ਕੋਲ ਕੋਈ ਨਹੀਂ ਹੈ ਕਿਉਂਕਿ ਸਭ ਬੈਂਡ ਬਾਜੇ ਵਾਲੀ ਅਰਥੀ ਨੂੰ ਦੇਖਣ ਚਲੇ ਗਏ ਹਨ। ਉਸ ਨੇ ਇੱਕ ਪਲ ਲਈ ਕੁਝ ਸੋਚਿਆ ਅਤੇ ਇਸ ਤੋਂ ਬਾਅਦ ਦੱਬੇ ਪੈਰੀਂ ਸੜਦੀ ਹੋਈ ਚਿਤਾ ਕੋਲ ਗਿਆ ਅਤੇ ਉੱਥੇ ਬੁੱਢੇ ਦੇ ਮੁੰਡੇ ਦੀ ਲਾਸ਼ ਨੂੰ ਸੜਨ ਲਈ ਰੱਖ ਦਿੱਤਾ। ਕੁਝ ਹੀ ਪਲਾਂ ਵਿੱਚ ਇੱਕ ਦੀ ਬਜਾਏ ਦੋ ਲਾਸ਼ਾਂ ਸੜ ਰਹੀਆਂ ਸਨ।

ਬੁੱਢੇ ਨੇ ਕਿਹਾ, "ਧੰਨਵਾਦ ਭਰਾ।" ਅਤੇ ਧਾਹਾਂ ਮਾਰ ਕੇ ਰੋਣ ਲੱਗਾ ਅਤੇ ਉਸ ਦੇ ਰੋਣ ਦੀ ਆਵਾਜ਼ ਸੁਣ ਕੇ ਮੌਤ ਦੇ ਕਈ ਠੇਕੇਦਾਰ ਓਧਰ ਦੌੜੇ-ਦੌੜੇ ਆਏ ਅਤੇ ਜਦੋਂ

ਉਹਨਾਂ ਨੇ ਵੇਖਿਆ ਕਿ ਇੱਕ ਲਾਸ਼ ਨੂੰ ਬਿਨਾਂ ਫ਼ੀਸ ਦਿੱਤੇ ਸਾੜ ਦਿੱਤਾ ਗਿਆ ਹੈ ਤਾਂ ਉਹਨਾਂ ਨੇ ਲਾਠੀਆਂ ਸੰਭਾਲ ਲਈਆਂ।

"ਕਿਸ ਨੇ ਬਿਨਾਂ ਆਗਿਆ ਦੇ ਇਹ ਲਾਸ਼ ਉਸ ਚਿਤਾ ਉੱਤੇ ਰੱਖੀ ?"

"ਮੈਂ !" ਮੁਸਾਫ਼ਰ ਨੇ ਕਿਹਾ।

"ਤਾਂ ਕੱਢੋ ਇੱਕਵੰਜਾ ਰੁਪਏ।" ਇੱਕ ਨੇ ਕਿਹਾ।

ਦੂਜੇ ਨੇ ਯਾਦ ਕਰਾਇਆ, "ਅਤੇ ਪੰਝੀ ਨਵੇਂ ਪੈਸੇ !"

"ਪੈਸੇ ਸਾਡੇ ਕੋਲ ਨਹੀਂ ਹਨ !" ਮੁਸਾਫ਼ਰ ਨੇ ਕਿਹਾ।

"ਤਾਂ ਫਿਰ ਅਸੀਂ ਇਸ ਲਾਸ਼ ਨੂੰ ਚਿਤਾ ਉੱਤੋਂ ਚੁੱਕ ਕੇ ਦਰਿਆ ਵਿੱਚ ਵਹਾ ਦੇਵਾਂਗੇ।"

ਮੁਸਾਫ਼ਰ ਨੇ ਬੜੀ ਨਰਮਾਈ ਨਾਲ ਕਿਹਾ, "ਉਹ ਹੁਣ ਵੀ ਮੁਰਦਾ ਹੈ ਅਤੇ ਤਦ ਵੀ ਮੁਰਦਾ ਰਹੇਗਾ। ਸੜਨ ਨਾ ਸੜਨ ਨਾਲ ਉਸ ਦੀ ਆਤਮਾ ਨੂੰ ਕੋਈ ਫ਼ਰਕ ਨਹੀਂ ਪੈਣ ਵਾਲਾ ਪਰ ਉਸ ਦੇ ਬੁੱਢੇ ਬਾਪ ਨੂੰ ਦੁੱਖ ਹੋਵੇਗਾ...." ਅਤੇ ਫਿਰ ਉਸ ਦੀ ਆਵਾਜ਼ ਵਿੱਚ ਸਖ਼ਤਾਈ ਦਾ ਅੰਦਾਜ਼ ਆ ਗਿਆ, "ਸੋ, ਮੈਂ ਇਹ ਨਹੀਂ ਹੋਣ ਦਿਆਂਗਾ" ਅਤੇ ਉਹ ਚਿਤਾ ਅਤੇ ਮੌਤ ਦੇ ਠੇਕੇਦਾਰਾਂ ਦੇ ਵਿਚਕਾਰ ਆ ਖੜ੍ਹਾ ਹੋ ਗਿਆ।

"ਅਸੀਂ ਤੈਨੂੰ ਵੀ ਇਸ ਅੱਗ ਵਿੱਚ ਸੁੱਟ ਦਿਆਂਗੇ ਵੱਡੇ ਮੀਆਂ।"

"ਸੁੱਟ ਦਿਓ। ਮੈਂ ਹੁਣ ਸੜਨ, ਡੁੱਬਣ, ਮਰਨ ਦੇ ਖ਼ਤਰਿਆਂ ਤੋਂ ਹਮੇਸ਼ਾ ਲਈ ਆਜ਼ਾਦ ਹੋ ਚੁੱਕਿਆ ਹਾਂ। ਪਰ ਤੁਹਾਡੇ ਵਿੱਚੋਂ ਘੱਟੋ ਘੱਟ ਇੱਕ ਨੂੰ ਮੈਂ ਆਪਣੇ ਨਾਲ ਇਸ ਅੱਗ ਵਿੱਚ ਘਸੀਟ ਕੇ ਲੈ ਜਾਵਾਂਗਾ।"

ਲਠੈਤ ਉਸ ਵੱਲ ਵਧਣ ਹੀ ਵਾਲਾ ਸੀ ਕਿ ਇੱਕ ਆਦਮੀ ਨੇ ਚੀਖ ਕੇ ਕਿਹਾ, "ਓਏ ਉਸ ਦੇ ਕੋਲ ਨਾ ਜਾਣਾ। ਇਹ ਤਾਂ ਪਾਗਲ ਹੈ। ਬਹੁਤ ਖ਼ਤਰਨਾਕ ਪਾਗਲ ਹੈ। ਇਸ ਨੇ ਅੱਜ ਬਜ਼ਾਰ ਵਿੱਚ ਸੇਠ ਕਰੋੜੀ ਮੱਲ ਪਕੌੜੀ ਮੱਲ ਦਾ ਦੋ-ਸ਼ਾਲਾ ਉਤਾਰ ਲਿਆ। ਹੁਣ ਸੁਣਿਆ ਹੈ ਸਾਰਨਾਥ ਵਿੱਚ ਜਾ ਕੇ ਭਗਵਾਨ ਬੁੱਧ ਦੀ ਮੂਰਤੀ ਤੋੜ ਸੁੱਟੀ। ਪੁਲਿਸ ਅਤੇ ਪਾਗਲਖਾਨੇ ਵਾਲੇ ਸਾਰੇ ਸ਼ਹਿਰ ਵਿੱਚ ਇਸ ਨੂੰ ਲੱਭ ਰਹੇ ਹਨ। ਇੱਕ ਹੋਰ ਆਦਮੀ ਨੇ ਹਾਂ ਵਿੱਚ ਹਾਂ ਮਿਲਾਈ। "ਤੁਸੀਂ ਠੀਕ ਕਹਿੰਦੇ ਹੋ। ਮੈਂ ਵੀ ਇਹੀ ਸੁਣਿਆ ਹੈ। ਪਾਗਲ ਆਦਮੀ ਦਾ ਕੀ ਪਤਾ, ਅੱਗ ਵਿੱਚ ਕੁੱਦ ਪਏ ਅਤੇ ਨਾਲ ਕਿਸੇ ਹੋਰ ਨੂੰ ਵੀ ਲੈ ਮਰੇ। ਮੈਂ ਤਾਂ ਸੁਣਿਆ ਹੈ ਪੁਲਿਸ ਸ਼ਿਕਾਰੀ ਕੁੱਤੇ ਲੈ ਕੇ ਉਸ ਦਾ ਪਿੱਛਾ ਕਰ ਰਹੀ ਹੈ।" ਸੋ ਲਠੈਤ ਪਿੱਛੇ ਹੱਟ ਗਏ ਅਤੇ ਬੁੱਢੇ ਦੇ ਨੌਜਵਾਨ ਬੇਟੇ ਦੀ ਲਾਸ਼ ਸੜ ਗਈ ਅਤੇ ਜਦੋਂ ਚਿਤਾ ਦੇ ਸ਼ੋਲੇ ਮੱਧਮ ਪਏ ਤਾਂ ਸਭ ਨੇ ਵੇਖਿਆ ਕਿ ਉਹ ਸ਼ੁਦਾਈ ਗ਼ਾਇਬ ਹੈ ਅਤੇ ਬੁੱਢਾ ਇਕੱਲਾ ਖੜ੍ਹਾ ਆਪਣੇ ਬੇਟੇ ਦੀ ਰਾਖ ਇਕੱਠੀ ਕਰ ਰਿਹਾ ਹੈ।

"ਚਲੋ ਚਲੋ !" ਇੱਕ ਨੇ ਕਿਹਾ, "ਥਾਣੇ ਵਿੱਚ ਰਿਪੋਰਟ ਕਰੋ ਕਿ ਸ਼ੁਦਾਈ ਏਧਰ ਹੀ ਕਿਤੇ ਘੁੰਮ ਰਿਹਾ ਹੈ।"

ਥਾਣੇਦਾਰ ਸਾਹਿਬ ਨੇ ਬੜੇ ਗ਼ੌਰ ਨਾਲ ਉਹਨਾਂ ਦੀ ਰਿਪੋਰਟ ਨੂੰ ਸੁਣਿਆ ਅਤੇ ਫਿਰ ਟੈਲੀਫ਼ੋਨ ਚੁੱਕ ਕੇ ਨੰਬਰ ਮਿਲਾਇਆ। 8 - 6 - 0 - 4 -

(5)

ਠੰਢੀ ਹਨ੍ਹੇਰੀ ਰਾਤ ਸੀ। ਕਾਲੇ ਅਸਮਾਨ ਵਿੱਚ ਸਿਤਾਰੇ ਅਜਿਹੇ ਝਿਲਮਿਲਾ ਰਹੇ ਸਨ

ਜਿਵੇਂ ਝੁਕ ਕੇ ਵੇਖਣਾ ਚਾਹੁੰਦੇ ਹੋਣ, ਹੇਠਾਂ ਜ਼ਮੀਨ ਉੱਤੇ ਕੀ ਹੋ ਰਿਹਾ ਹੈ।

ਠਰੀਆਂ ਹੋਈਆਂ ਸੁੰਨਸਾਨ ਸੜਕਾਂ ਉੱਤੇ ਪੁਲਿਸ ਦੇ ਸ਼ਿਕਾਰੀ ਕੁੱਤੇ ਇੱਕ ਪਾਗਲ ਦੀ ਤਲਾਸ਼ ਕਰ ਰਹੇ ਸਨ, ਜਿਸ ਨੇ ਇੱਕ ਦਿਨ ਵਿੱਚ ਸਾਰੇ ਸ਼ਹਿਰ ਨੂੰ ਉਲਟ-ਪੁਲਟ ਕਰਕੇ ਰੱਖ ਦਿੱਤਾ ਸੀ।

ਇੱਕ ਉਜਾੜ ਸੁੰਨਸਾਨ ਮੰਦਰ ਵਿੱਚ ਪੁਜਾਰੀ ਦਰਵਾਜ਼ਾ ਬੰਦ ਕਰ ਰਿਹਾ ਸੀ ਕਿ ਉਸ ਨੇ ਇੱਕ ਪਰਛਾਂਵਾਂ ਵੇਖਿਆ।

"ਕੌਣ ਹੈ ?" ਉਸ ਨੇ ਡਾਂਟਦੇ ਹੋਏ ਕਿਹਾ ਕਿਉਂਕਿ ਉਸ ਨੂੰ ਡਰ ਲੱਗ ਰਿਹਾ ਸੀ।

"ਮੈਂ ਇੱਕ ਮੁਸਾਫ਼ਰ ਹਾਂ। ਰਾਤ ਲਈ ਟਿਕਾਣਾ ਚਾਹੁੰਦਾ ਹਾਂ। ਆਗਿਆ ਹੋਵੇ ਤਾਂ ਮੰਦਰ ਵਿੱਚ ਲੇਟ ਜਾਵਾਂ ?"

"ਕੌਣ ਜਾਤ ਹੋ ?"

"ਮਾਨਸ ਜਾਤ ਹਾਂ, ਮਹਾਰਾਜ !"

"ਉਹ ਜਾਤ ਅਸੀਂ ਨਹੀਂ ਜਾਣਦੇ ....ਧਰਮ ਕੀ ਹੈ ? ਹਿੰਦੂ ਤਾਂ ਹੋ ਨਾ ?"

ਮੁਸਾਫ਼ਰ ਨੇ ਕਈ ਪਲ ਸੋਚਦਿਆਂ ਕੱਢ ਦਿੱਤੇ। ਫਿਰ ਬੋਲਿਆ, "ਨਹੀਂ ਮਹਾਰਾਜ, ਮੈਂ ਝੂਠ ਨਹੀਂ ਬੋਲਾਂਗਾ। ਮੈਂ ਹਿੰਦੂ ਨਹੀਂ ਹਾਂ।"

"ਫਿਰ ਕੀ ਹੋ ?"

"ਇਨਸਾਨ !"

"ਤਾਂ ਫਿਰ ਜਾਓ.... ਇਨਸਾਨਾਂ ਦਾ ਕੋਈ ਮੰਦਰ ਲੱਭੋ।"

ਅਤੇ ਮੁਸਾਫ਼ਰ ਉੱਥੋਂ ਚੱਲ ਪਿਆ।

ਮਸੀਤ ਦਾ ਮੁੱਲਾਂ ਇਸ਼ਾ ਦੀ ਨਮਾਜ਼ ਪੜ੍ਹ ਕੇ ਆਪਣੇ ਹੁਜਰੇ ਵਿੱਚ ਜਾ ਰਿਹਾ ਸੀ ਕਿ ਉਸ ਨੇ ਕੰਧ ਦੇ ਕੋਲ ਇੱਕ ਸਾਈਕਲ ਵੇਖਿਆ,

"ਕੌਣ ਹੈ ?"

"ਮੈਂ ਹਾਂ। ਇੱਕ ਮੁਸਾਫ਼ਰ !"

"ਕੀ ਚਾਹੁੰਦੇ ਹੋ ?"

"ਰਾਤ-ਭਰ ਲਈ ਟਿਕਾਣਾ, ਬਹੁਤ ਥੱਕ ਗਿਆ ਹਾਂ ਮੌਲਵੀ ਜੀ।"

"ਤੁਸੀਂ ਕੌਣ ਹੋ ? ਮੁਸਲਮਾਨ ਤਾਂ ਹੋ ਨਾ ?"

ਇੱਕ ਵਾਰ ਫਿਰ ਮੁਸਾਫ਼ਰ ਨੇ ਜਵਾਬ ਦੇਣ ਤੋਂ ਪਹਿਲਾਂ ਕੁਝ ਸਮਾਂ ਲਿਆ, "ਜੀ ਨਹੀਂ। ਸੱਚ ਗੱਲ ਇਹ ਹੈ ਕਿ ਮੈਂ ਮੁਸਲਮਾਨ ਨਹੀਂ ਹਾਂ।"

"ਤਾਂ ਫਿਰ ਕੀ ਹੋ ?"

"ਇਨਸਾਨ ਹਾਂ !"

ਜਵਾਬ ਵਿੱਚ ਮੁੱਲਾਂ ਨੇ ਦਰਵਾਜ਼ਾ ਬੰਦ ਕਰ ਦਿੱਤਾ।

ਅਤੇ ਹੁਣ ਰਾਤ ਸੀ। ਹਨੇਰਾ ਸੀ। ਸੰਨਾਟਾ ਸੀ। ਬਰਫ਼ੀਲੀ ਸਰਦ ਹਵਾ ਸੀ ਅਤੇ ਇੱਕ ਮੁਸਾਫ਼ਰ ਸੀ। ਨਿਥਾਵਾਂ। ਅਤੇ ਦੂਰੋਂ ਸ਼ਿਕਾਰੀ ਕੁੱਤਿਆਂ ਦੇ ਭੌਂਕਣ ਦੀਆਂ ਆਵਾਜ਼ਾਂ ਕੋਲ ਆ ਰਹੀਆਂ ਸਨ। ਸਿਤਾਰਿਆਂ ਦੀ ਰੌਸ਼ਨੀ ਵਿੱਚ ਇੱਕ ਸਫ਼ੈਦ-ਸਫ਼ੈਦ ਇਮਾਰਤ ਝਿਲਮਿਲਾਈ। ਕੋਲ ਹੀ ਕੁਝ ਲੋਕ ਅੰਗੀਠੀ ਬਾਲ ਕੇ ਹੱਥ ਸੇਕ ਰਹੇ ਸਨ।

"ਕਿਉਂ ਭਰਾ ਇਹ ਇਮਾਰਤ ਕੀ ਹੈ ? ਇੱਕ ਪਾਸੇ ਮਸੀਤ ਲੱਗਦੀ ਹੈ, ਇੱਕ ਪਾਸੇ ਮੰਦਰ।"

"ਜੀ ਇਹ ਮਸੀਤ ਵੀ ਸੀ ਅਤੇ ਮੰਦਰ ਵੀ। ਅਕਬਰ ਬਾਦਸ਼ਾਹ ਦੇ ਜ਼ਮਾਨੇ ਵਿੱਚ ਇਸ ਨੂੰ ਬਣਾਇਆ ਗਿਆ ਸੀ ਕਿ ਹਿੰਦੂ ਮੁਸਲਮਾਨ ਸਭ ਧਰਮਾਂ ਵਾਲੇ ਇੱਕ ਹੀ ਜਗ੍ਹਾ ਆਪਣੀ ਆਪਣੀ ਇਬਾਦਤ ਜਾਂ ਪੂਜਾ ਪਾਠ ਕਰਿਆ ਕਰਨ। ਫਿਰ ਔਰੰਗਜ਼ੇਬ ਨੇ ਉਸ ਨੂੰ ਤੋੜਕੇ ਮਸੀਤ ਬਣਾ ਦਿੱਤਾ। ਬਾਅਦ ਵਿੱਚ ਕਿਸੇ ਰਾਜਾ ਨੇ ਉਸ ਨੂੰ ਮੰਦਰ ਬਣਾ ਦਿੱਤਾ।"

"ਅਤੇ ਹੁਣ ਇਹ ਕੀ ਹੈ ?" ਮੁਸਾਫ਼ਰ ਨੇ ਪੁੱਛਿਆ।

"ਹੁਣ ਇਹ ਨਾ ਮੰਦਰ ਹੈ ਨਾ ਮਸੀਤ। ਕੁਝ ਵੀ ਨਹੀਂ ਹੈ।"

"ਤਾਂ ਬਸ ਫਿਰ, ਮੇਰੇ ਜਿਹੇ ਆਦਮੀ ਲਈ ਜੋ ਸਭ ਕੁਝ ਹੈ ਅਤੇ ਕੁਝ ਵੀ ਨਹੀਂ ਹੈ। ਜੋ ਹਰ ਜਗ੍ਹਾ ਹੈ ਅਤੇ ਕਿਤੇ ਵੀ ਨਹੀਂ ਹੈ। ਇਹੀ ਜਗ੍ਹਾ ਠੀਕ ਹੈ।" ਹਾਲੇ ਉਹ ਇਸ ਇਮਾਰਤ ਦੇ ਬਾਹਰ ਹੀ ਸੀ ਕਿ ਸ਼ਿਕਾਰੀ ਕੁੱਤਿਆਂ ਦੀ ਆਵਾਜ਼ ਕੋਲ ਆ ਗਈ। ਬਹੁਤ ਕੋਲ।

(6)

ਥਾਣੇ ਵਿੱਚ ਸਬ-ਇੰਸਪੈਕਟਰ ਪੁਲਿਸ ਨੇ ਪੁੱਛਿਆ, "ਓ ਬੁੱਢਿਆ ਤੇਰਾ ਨਾਮ ?"

ਮੁਸਾਫ਼ਰ ਨੇ ਆਪਣਾ ਨਾਮ ਦੱਸ ਦਿੱਤਾ।

"ਕੰਮ ਕੀ ਕਰਿਆ ਕਰਦੇ ਹੋ ?"

ਪਹਿਲਾਂ ਬੁਣਕਰ ਸਾਂ ਜਿਸ ਨੂੰ ਤੁਸੀ ਵੱਡੇ ਲੋਕ ਜੁਲਾਹਾ ਵੀ ਕਹਿੰਦੇ ਹੋ....ਕੱਪੜਾ ਬੁਣਿਆ ਕਰਦਾ ਸਾਂ ਅਤੇ ਪ੍ਰੇਮ ਦੇ ਤਾਣੇ ਅਤੇ ਗਿਆਨ ਦੇ ਬਾਣੇ ਨਾਲ ਸੱਚਾਈ ਦੀ ਚਾਦਰ ਬੁਣਨ ਦੀ ਕੋਸ਼ਿਸ਼ ਕਰਦਾ ਸਾਂ ਪਰ ਮੇਰੀ ਖੱਡੀ ਤਾਂ ਕਦੋਂ ਦੀ ਟੁੱਟ ਗਈ। ਉਸੇ ਦੀ ਤਲਾਸ਼ ਵਿੱਚ ਆਇਆ ਸੀ ਕਿ ਸ਼ਾਇਦ ਕਿਸੇ ਹੋਰ ਨੂੰ ਮਿਲਗਈ ਹੋਵੇ ਅਤੇ ਮੇਰਾ ਕੰਮ ਕਰ ਰਿਹਾ ਹੋਵੇ. ਪਰ ਤੁਸੀਂ ਸਮਾਂ ਹੀ ਨਹੀਂ ਦਿੱਤਾ।

"ਸੱਚਮੁੱਚ ਪਾਗਲ ਹੈ।" ਸਬ-ਇੰਸਪੈਕਟਰ ਨੇ ਆਪਣੇ ਹੌਲਦਾਰ ਨੂੰ ਕਿਹਾ, "ਹਾਲੇ ਭੇਜ ਦਿੰਦੇ ਹਨ, ਨਹੀਂ ਤਾਂ ਰਾਤ ਨੂੰ ਪਤਾ ਨਹੀਂ ਇੱਥੇ ਕੀ ਗੁੱਲ ਖਿਲਾਏ।"

ਤਾਂ ਫਿਰ ਉਸ ਨੇ ਟੈਲੀਫ਼ੋਨ ਚੁੱਕਿਆ ਅਤੇ ਡਾਇਲ ਘੁੰਮਾਇਆ।

ਚਾਰ

ਸਿਫ਼ਰ

ਛੇ

ਅੱਠ।

8 - 6 - 0 - 4 -

ਓਧਰੋਂ ਆਵਾਜ਼ ਆਈ, "ਹੈਲੋ, ਅਸੀਂ ਪਾਗਲਖਾਨੇ ਤੋਂ ਬੋਲ ਰਹੇ ਹਾਂ।"

ਅਤੇ ਸਬ-ਇੰਸਪੈਕਟਰ ਨੇ ਕਿਹਾ, "ਓ ਭਈ, ਉਹ ਬਨਾਰਸ ਦਾ ਠੱਗ ਫੜਿਆ ਗਿਆ। ਠੱਗ-ਠੁੱਗ ਨਹੀਂ ਹੈ। ਬੁੱਢਾ ਬਿਲਕੁਲ ਪਾਗਲ ਲੱਗਦਾ ਹੈ। ਸੋ ਉਸ ਨੂੰ ਭੇਜ ਰਹੇ ਹਾਂ, ਕ੍ਰਿਪਾ ਕਰਕੇ ਹੁਣੇ ਦਾਖ਼ਲ ਕਰ ਲਓ।"

ਓਧਰੋਂ ਆਵਾਜ਼ ਆਈ, "ਨਾਮ ? ਨਾਮ ਕੀ ਹੈ ?"

ਸਬ-ਇੰਸਪੈਕਟਰ ਨੇ ਕਿਹਾ, "ਨਾਮ ਹੈ ਕਬੀਰਾ।" ਅਤੇ ਫ਼ੋਨ ਰੱਖ ਦਿੱਤਾ ਪਰ ਮੁਸਾਫ਼ਰ ਉੱਥੋਂ ਜਾ ਚੁੱਕਿਆ ਸੀ।

ਕਹਾਣੀ

# ਡਾਰੋਂ ਵਿਛੜੀ ਕੂੰਜ

**-ਮਹਿੰਦਰਪਾਲ ਸਿੰਘ ਧਾਲੀਵਾਲ**

ਜੱਜ ਫਾਈਲ ਨੂੰ ਅੱਗੇ ਰੱਖੀ ਧਿਆਨ ਨਾਲ ਵੇਖ ਰਿਹਾ ਸੀ। ਬਚਾਅ ਪੱਖ ਦੇ ਵਕੀਲ ਨਾਲ ਕੁਰਸੀ 'ਤੇ ਐਂਜਲਾ ਬੈਠੀ ਜੱਜ ਦੇ ਚਿਹਰੇ ਨੂੰ ਪੜ੍ਹਨ ਦਾ ਯਤਨ ਕਰ ਰਹੀ ਸੀ। ਬਚਾਅ ਪੱਖ ਦੀ ਵਕੀਲ ਮਿਸ ਲਿਜ਼ੀ ਬਰਾਊਨ ਦੇ ਚਿਹਰੇ 'ਤੇ ਕਾਲਖ ਛਾਈ ਹੋਈ ਸੀ ਤੇ ਪ੍ਰਾਸੀਕਿਊਸ਼ਨ ਆਪਣੀ ਖੁਸ਼ੀ ਨੂੰ ਦਬਾਉਣ ਦਾ ਅਸਫਲ ਯਤਨ ਕਰ ਰਿਹਾ ਸੀ। ਦੋਹਾਂ ਧਿਰਾਂ ਨੂੰ ਕੇਸ ਦਾ ਕੀ ਫੈਸਲਾ ਹੋਣ ਵਾਲਾ ਸੀ ? ਤਕਰੀਬਨ ਪਤਾ ਸੀ।

ਐਂਜਲਾ 'ਤੇ ਆਪਣੇ ਵਕਤੀ ਦੋਸਤ 'ਤੇ ਜਾਨ ਲੇਵਾ ਹਮਲਾ ਕਰਨ ਦਾ ਦੋਸ਼ ਸੀ ਜਿਸ ਵਿਚ ਉਸ ਨੂੰ ਸੱਤ ਸਾਲ ਤੱਕ ਦੀ ਕੈਦ ਹੋ ਸਕਦੀ ਸੀ। ਐਂਜਲਾ ਨੇ ਇਕ ਨਵੀਂ ਤੇ ਨਾ-ਤਜਰਬੇਕਾਰ ਵਕੀਲ ਨੂੰ ਆਪਣੇ ਬਚਾਅ ਲਈ ਪੇਸ਼ ਕੀਤਾ ਸੀ। ਵਕੀਲ ਨੂੰ ਹੈਰਾਨੀ ਸੀ ਤੇ ਗੁੱਸਾ ਵੀ ਕਿ ਉਸ ਨੂੰ ਐਂਜਲਾ ਨੇ ਆਪਣੇ ਬਚਾਅ ਲਈ ਕੋਈ ਰਾਹ ਨਹੀਂ ਸੀ ਦਿੱਤਾ। ਹਾਲਾਤ ਦੀ ਜਾਣਕਾਰੀ ਲਈ ਉਸ ਦੇ ਸਵਾਲਾਂ ਦੇ ਜਵਾਬ ਵੀ ਸਹੀ ਨਹੀਂ ਸਨ ਦਿੱਤੇ। ਪੁਲੀਸ ਦੀ ਮੁਢਲੀ ਰਿਪੋਰਟ ਵਿਚੋਂ ਜੋ ਉਸ ਨੂੰ ਲੱਭ ਸਕਿਆ ਸੀ ਉਹੋ ਹੀ ਉਹ ਮੁਦਈ ਤੋਂ ਪੁੱਛ ਸਕੀ ਸੀ। ਇਸ ਸਭ ਕੁਝ ਤੋਂ ਉਸ ਨੂੰ ਕੇਸ ਉਸ ਦੇ ਹੱਕ ਵਿਚ ਹੋਣ ਦੀ ਉਮੀਦ ਨਹੀਂ ਸੀ ਬਝਦੀ।

ਪਰ ਐਂਜਲਾ ਤਾਂ ਜਿਵੇਂ ਕੇਸ ਜਿੱਤਣ ਦੀ ਥਾਂ ਹਾਰਨ ਦਾ ਯਤਨ ਕਰ ਰਹੀ ਸੀ। ਜਦੋਂ ਉਸ ਦੀ ਵਕੀਲ ਲਿਜ਼ੀ ਨੇ ਗੁੱਸੇ ਨਾਲ ਕਿਹਾ "ਜੇ ਤੂੰ ਮੇਰੀ ਮਦਦ ਨਹੀਂ ਕਰਨੀ ਤਾਂ ਮੈਂ ਕੇਸ ਹਾਰ ਜਾਣਾ। ਤੂੰ ਜੇਲ੍ਹ ਜਾਵੇਂਗੀ ਤੇ ਮੇਰੀ ਬੇਇੱਜ਼ਤੀ ਹੋਵੇਗੀ।"

"ਮੈਡਮ, ਮੈਂ ਤੁਹਾਨੂੰ ਭੋਰਾ ਵੀ ਦੋਸ਼ ਨਹੀਂ ਦੇਣ ਲੱਗੀ। ਮੈਨੂੰ ਕੈਦ ਹੋ ਜਾਵੇ ਮੈਨੂੰ ਭੋਰਾ ਦੁੱਖ ਨਹੀਂ ਹੋਣ ਲੱਗਾ।" ਐਂਜਲਾ ਨੇ ਸੰਜੀਦਗੀ ਨਾਲ ਕਿਹਾ ਤਾਂ ਲਿਜ਼ੀ ਨੂੰ ਹੋਰ ਵੀ ਹੈਰਾਨੀ ਹੋਈ।

ਐਂਜਲਾ ਨੂੰ ਛੇ ਸਾਲ ਕੈਦ ਬਾ-ਮੁਸ਼ੱਕਤ ਦਾ ਹੁਕਮ ਸੁਣਾਇਆ ਗਿਆ ਤਾਂ ਉਸ ਦੇ ਚਿਹਰੇ 'ਤੇ ਖੁਸ਼ੀ ਦੀ ਬਹਾਰ ਆ ਗਈ।

ਲਿਜ਼ੀ ਲਈ ਇਹ ਬੁਝਾਰਤ ਸੀ। ਲੋਕ ਤਾਂ ਗੁਨਾਹ ਨੂੰ ਛੁਪਾਉਣ ਲਈ ਹੋਰ ਗੁਨਾਹ ਕਰਨ ਲਈ ਤਿਆਰ ਹੋ ਜਾਂਦੇ ਹਨ। ਝੂਠ ਬੋਲਣਾ ਜਾਂ ਤੱਥ ਤੋੜਨ-ਮਰੋੜਨ ਨੂੰ ਤਾਂ ਉਹ ਸਗੋਂ ਆਪਣਾ ਅਧਿਕਾਰ ਸਮਝਦੇ ਹਨ। ਪਰ ਐਂਜਲਾ ਨੇ ਤਾਂ ਕੋਈ ਤੱਥ ਪੇਸ਼ ਹੀ ਨਹੀਂ ਸੀ ਕੀਤਾ। ਉਸ ਨੇ ਤਾਂ ਕੁਝ ਵੀ ਸਫ਼ਾਈ ਦੇਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਲਿਜ਼ੀ ਦੀ ਹੈਰਾਨੀ ਵਧਦੀ ਗਈ।

ਐਂਜਲਾ ਨੂੰ ਕੈਦ ਦਾ ਹੁਕਮ ਹੋਇਆ ਤਾਂ ਉਸ ਦੇ ਚਿਹਰੇ 'ਤੇ ਭੋਰਾ ਵੀ ਮਲਾਲ ਨਹੀਂ ਸੀ। ਉਸ ਨੇ ਲਿਜ਼ੀ ਦਾ ਦਿਲੀ ਧੰਨਵਾਦ ਕੀਤਾ। ਉਹ ਖੁਸ਼-ਖੁਸ਼ ਪੁਲੀਸ ਨਾਲ ਚਲੀ ਗਈ। ਲਿਜ਼ੀ ਨੂੰ ਉਸ ਦਾ ਵਤੀਰਾ ਅਸਧਾਰਨ ਲੱਗਿਆ।

ਕੁਝ ਦਿਨਾਂ ਬਾਅਦ ਉਹ ਐਂਜਲਾ ਨੂੰ ਮਿਲਣ ਜੇਲ੍ਹ ਚਲੀ ਗਈ। ਉਸ ਲਈ ਕੇਸ

ਹਾਰਨ ਦੀ ਨਮੋਸ਼ੀ ਨਾਲੋਂ ਐਂਜਲਾ ਦੇ ਮਨ ਨੂੰ ਟਟੋਲਣਾ ਜ਼ਰੂਰੀ ਹੋ ਗਿਆ ਸੀ। ਵੇਟਿੰਗ ਰੂਮ ਵਿਚ ਬੈਠੀ ਲਿਜ਼ੀ, ਐਂਜਲਾ ਬਾਰੇ ਸੋਚ ਰਹੀ ਸੀ। ਕੁਝ ਦੇਰ ਬਾਅਦ ਐਂਜਲਾ ਨੂੰ ਮੀਟਿੰਗ ਰੂਮ ਵਿਚ ਲਿਆਂਦਾ ਗਿਆ। ਲਿਜ਼ੀ ਨੂੰ ਵੇਖ ਕੇ ਉਹ ਬਹੁਤ ਖ਼ੁਸ਼ ਹੋਈ ਤੇ ਉਸ ਦੇ ਕੇਸ ਵਿਚ ਦਿੱਤੇ ਯੋਗਦਾਨ ਦਾ ਧੰਨਵਾਦ ਕਰਕੇ ਉਸ ਦੇ ਹੱਥ ਆਪਣੇ ਹੱਥਾਂ ਵਿਚ ਲੈ ਲਏ। ਉਹ ਬਿਨਾਂ ਕੁਝ ਕਹੇ ਲਿਜ਼ੀ ਵੱਲ ਵੇਖਦੀ ਰਹੀ।

"ਐਂਜਲਾ, ਕਿਵੇਂ ਲਗਦਾ ਤੈਨੂੰ ਇਹਨਾਂ ਸਲਾਖਾਂ ਦੇ ਪਿੱਛੇ ਰਹਿਣਾ? ਬਹੁਤ ਔਖਾ ਹੋਵੇਗਾ?" ਲਿਜ਼ੀ ਨੇ ਗੱਲ ਨੂੰ ਮੋੜਾ ਦਿੱਤਾ।

"ਨਹੀਂ ਬਿਲਕੁਲ ਨਹੀਂ। ਸੱਚ ਪੁੱਛੋਂ ਤਾਂ ਜੇਲ੍ਹ ਬਾਹਰ ਨਾਲੋਂ ਕਿਤੇ ਚੰਗੀ ਥਾਂ ਐ।"

ਕੁਝ ਦੇਰ ਚੁੱਪ ਰਹਿਣ ਬਾਅਦ ਐਂਜਲਾ ਨੇ ਜਵਾਬ ਦਿੱਤਾ। ਸੁਣ ਕੇ ਲਿਜ਼ੀ ਦੀ ਹੈਰਾਨੀ ਹੋਰ ਵੀ ਵਧ ਗਈ।

"ਮੈਂ ਤੇਰੀ ਗੱਲ ਸਮਝੀ ਨਹੀਂ।" ਲਿਜ਼ੀ ਨੇ ਹੈਰਾਨੀ ਨਾਲ ਕਿਹਾ।

"ਤੁਸੀਂ ਨਹੀਂ ਸਮਝੋਗੇ।"

ਐਂਜਲਾ ਦਾ ਨਿੱਕਾ ਜਿਹਾ ਜਵਾਬ ਸੁਣ ਕੇ ਲਿਜ਼ੀ ਨੂੰ ਹੋਰ ਵੀ ਅਚੰਭਾ ਹੋਇਆ। ਇਸ ਦੀ ਕਿਹੋ ਜਿਹੀ ਜ਼ਿੰਦਗੀ ਹੋਵੇਗੀ ਜੋ ਉਹ ਆਜ਼ਾਦੀ ਨਾਲੋਂ ਕੈਦ ਨੂੰ ਤਰਜੀਹ ਦੇ ਰਹੀ ਸੀ! ਜ਼ਰੂਰ ਕੋਈ ਭੇਤ ਵਾਲੀ ਗੱਲ ਸੀ।

"ਐਂਜਲਾ, ਮੈਨੂੰ ਦੱਸ ਆਖਰ ਕਿਉਂ ਤੂੰ ਇਹ ਸੋਚ ਰਹੀ ਐਂ? ਆਜ਼ਾਦੀ ਲਈ ਤਾਂ ਮਨੁੱਖ ਨੇ ਬਹੁਤ ਕੁਰਬਾਨੀਆਂ ਕੀਤੀਆਂ ਐ ਤੇ ਕਰ ਰਹੇ ਐ। ਤੇਰਾ ਸਮਾਜ ਤੋਂ ਕੰਨੀ ਛੁਡਾ ਕੇ ਜੇਲ੍ਹ ਵਿਚ ਆ ਬੈਠਣ ਦਾ ਰਾਜ਼ ਮੈਨੂੰ ਸਮਝ ਨਹੀਂ ਆਇਆ।"

"ਬਦਬੂ ਨੂੰ ਜਿੰਨਾ ਡੂੰਘਾ ਸੰਭਵ ਹੋਵੇ ਦਬਾ ਦੇਣਾ ਚਾਹੀਦਾ ਤਾਂ ਕਿ ਕਿਸੇ ਹੋਰ ਨੂੰ ਸੜਿਆਂਦ ਨਾ ਜਰਨੀ ਪਵੇ।" ਐਂਜਲਾ ਹੁਣ ਉਦਾਸ ਸੀ।

"ਐਂਜਲਾ ਮੈਂ ਤੇਰੀ ਦੋਸਤ ਹਾਂ। ਮੈਨੂੰ ਤੂੰ ਸੱਚ ਦੱਸ। ਸੜਿਆਂਦ ਤੋਂ ਖਹਿੜਾ ਛੁਡਾਉਣ ਲਈ ਉਸ ਨੂੰ ਖ਼ਤਮ ਕਰਨਾ ਜ਼ਰੂਰੀ ਐ, ਦੱਬਣ ਨਾਲ ਗੱਲ ਨਹੀਂ ਬਣਦੀ।"

"ਮੈਨੂੰ ਕੁਝ ਸਮਾਂ ਦਿਉ, ਮੈਂ ਤੁਹਾਨੂੰ ਚਿੱਠੀ ਲਿਖ ਕੇ ਬਿਆਨ ਕਰਨ ਦੀ ਕੋਸ਼ਿਸ਼ ਕਰਾਂਗੀ।"

ਸਮਾਂ ਹੋ ਗਿਆ ਸੀ। ਲਿਜ਼ੀ ਤੋਂ ਵੀ ਪਹਿਲਾਂ ਐਂਜਲਾ ਉੱਠ ਖੜ੍ਹੀ ਹੋਈ। ਲਿਜ਼ੀ ਨੂੰ ਵੀ ਉੱਠਣਾ ਪਿਆ।

ਰਾਹ ਵਿਚ ਲਿਜ਼ੀ ਦੇ ਮਨ ਵਿਚ ਵਾਰ ਵਾਰ ਸਵਾਲ ਉੱਠਦਾ ਰਿਹਾ। ਆਖਰ ਐਂਜਲਾ ਕਿਉਂ ਸਮਾਜ ਤੋਂ, ਪਰਿਵਾਰ ਤੋਂ, ਦੋਸਤਾਂ ਮਿੱਤਰਾਂ ਤੇ ਆਜ਼ਾਦੀ ਤੋਂ ਵੀ ਨਿਰਮੋਹੀ ਹੋ ਗਈ ਸੀ? ਉਸ ਨੇ ਅਜਿਹਾ ਕੀ ਹੰਢਾਇਆ ਹੋਇਆ ਜਿਸ ਕਰਕੇ ਉਸ ਨੂੰ ਜੇਲ੍ਹ ਦੀ ਜ਼ਿੰਦਗੀ ਬਾਹਰ ਨਾਲੋਂ ਵੀ ਚੰਗੀ ਲਗ ਰਹੀ ਸੀ?

ਉਹ ਐਂਜਲਾ ਦੀ ਚਿੱਠੀ ਦੀ ਉਡੀਕ ਕਰਨ ਲੱਗੀ। ਆਖ਼ਰ ਇਕ ਦਿਨ ਉਹ ਚਿੱਠੀ ਵੀ ਆ ਗਈ, ਜਿਸ ਵਿਚ ਉਸ ਨੇ ਸਾਰਾ ਹਾਲ ਬਿਆਨ ਕੀਤਾ ਸੀ।

---

ਮੈਂ ਅੱਠ ਕੁ ਸਾਲ ਦੀ ਹੋਵਾਂਗੀ। ਇਕ ਦਿਨ ਸਕੂਲ ਵਿਚ ਮੈਂ ਬਾਕੀ ਬੱਚਿਆਂ ਨਾਲ ਖੇਡ ਰਹੀ ਸੀ। ਅਚਾਨਕ ਕਿਸੇ ਨੇ ਕਿਹਾ ਐਂਜਲਾ ਦੀ ਮਾਂ ਹੀ ਨਹੀਂ ਹੈ। ਕਿਸੇ ਹੋਰ ਨੇ ਕਿਹਾ ਪਿਉ ਵੀ ਨਹੀਂ ਹੈ। ਬੱਚਿਆਂ ਨੇ ਇਸ ਗੱਲ ਨੂੰ ਇਕ ਗੀਤ ਵਾਂਗ ਗਾਉਣਾ ਸ਼ੁਰੂ ਕਰ ਦਿੱਤਾ। ਮੈਨੂੰ ਸਮਝ ਨਹੀਂ ਸੀ ਆ ਰਹੀ ਮੇਰੇ ਮਾਂ ਬਾਪ ਸਨ ਤੇ ਮੈਨੂੰ ਬਹੁਤ ਪਿਆਰ ਵੀ ਕਰਦੇ ਸਨ। ਮਸੀਂ ਉਹ ਦਿਨ ਬੀਤਿਆ। ਰੋਜ਼ ਵਾਂਗ ਮੇਰੀ ਮਾਂ ਮੈਨੂੰ ਸਕੂਲ ਤੋਂ ਲੈਣ ਆਈ ਸੀ। ਉਸ ਨੇ ਮੈਨੂੰ ਚੁੰਮਿਆ ਤੇ ਜੱਫੀ ਵੀ ਪਾਈ ਸੀ। ਮੈਂ ਦੂਸਰੇ ਬੱਚਿਆਂ ਵੱਲ ਵੇਖਿਆ। ਉਹਨਾਂ ਦੇ ਮਾਂ ਬਾਪ ਵੀ ਇਹੀ ਕਰ ਰਹੇ ਸਨ। ਸਵਾਲ ਮੇਰੇ ਸਿਰ ਵਿਚ ਘੰਟੀ ਵਾਂਗ ਖੜਕ ਰਿਹਾ ਸੀ।

"ਕੀ ਗੱਲ ਐਂਜੀ ਤੂੰ ਚੁੱਪ ਜਿਹੀ ਕਿਉਂ ਐਂ ? ਠੀਕ ਐਂ ?" ਮਾਂ ਨੇ ਫਿਕਰ ਕਰਦਿਆਂ ਪੁੱਛਿਆ ਸੀ।

"ਹਾਂ-ਠੀਕ ਆਂ।"

'ਲੌਲੀ ਪਾਪ ਲੇਡੀ ਸਾਨੂੰ ਸੜਕ ਪਾਰ ਕਰਵਾਉਣ ਲਈ 'ਸਟਾਪ ਸਾਈਨ ਲੈ ਕੇ ਸੜਕ ਵਿਚਕਾਰ ਆ ਗਈ ਸੀ। ਦੋਵਾਂ ਪਾਸਿਆਂ ਤੋਂ ਆ ਜਾ ਰਹੀਆਂ ਕਾਰਾਂ ਰੁਕ ਗਈਆਂ ਸਨ। ਮਾਂ ਨੇ ਮੁਸਕਰਾਉਂਦਿਆਂ ਉਸ ਦਾ ਧੰਨਵਾਦ ਕੀਤਾ ਸੀ ਤੇ ਅਸੀਂ ਘਰ ਵੱਲ ਤੁਰ ਪਈਆਂ। ਘਰ ਨੇੜੇ ਹੀ ਸੀ। ਅਸੀਂ ਮਿੰਟਾਂ ਵਿਚ ਘਰ ਪਹੁੰਚ ਗਈਆਂ।

"ਮੰਮ, ਕੀ ਮੇਰਾ ਮਾਂ ਪਿਉ ਨਹੀਂ ਐ ?" ਮੈਂ ਸਿੱਧਾ ਸਵਾਲ ਕੀਤਾ ਸੀ।

ਮੰਮ ਮੇਰੇ ਲਈ ਲੰਚ ਬਣਾਉਂਦੀ ਰੁਕ ਗਈ ਸੀ। ਮੈਂ ਉਸ ਦੇ ਚਿਹਰੇ 'ਤੇ ਘਬਰਾਹਟ ਦੇ ਚਿੰਨ੍ਹ ਵੇਖ ਲਏ ਸਨ। ਉਸ ਨੇ ਮੇਰਾ ਮੱਥਾ ਚੁੰਮਿਆ ਤੇ ਮੈਨੂੰ ਸੈਂਡਵਿਚ ਤੇ ਜੂਸ ਦਾ ਗਲਾਸ ਦੇ ਕੇ ਮੇਰੇ ਨਾਲ ਹੀ ਬੈਠ ਗਈ ਸੀ।

"ਤੂੰ ਇਹ ਸਵਾਲ ਮੇਰੇ ਕੋਲੋਂ ਕਿਉਂ ਪੁੱਛ ਰਹੀ ਐਂ ?"

ਜਵਾਬ ਵਿਚ ਮੈਂ ਸਕੂਲ ਵਿਚ ਵਾਪਰੀ ਸਾਰੀ ਕਹਾਣੀ ਸੁਣਾ ਦਿੱਤੀ।

ਮਾਂ ਚੁੱਪ ਸੀ। ਮੈਂ ਵੀ ਚੁੱਪ। ਘਰ ਵਿਚ ਜਿਵੇਂ ਸੁੰਨ-ਸਰਾਂ ਹੋ ਗਈ ਹੋਵੇ।

ਸ਼ਾਮ ਨੂੰ ਡੈਡ ਆਇਆ ਤਾਂ ਸਦਾ ਵਾਂਗ ਉਸ ਨੇ ਵੀ ਮੈਨੂੰ ਚੁੰਮਿਆ ਸੀ। ਸਦਾ ਵਾਂਗ ਹੀ ਉਸ ਨੇ ਵੀ ਮੈਨੂੰ ਮੇਰੇ ਸਕੂਲ ਬਾਰੇ ਪੁੱਛਿਆ ਸੀ। ਕੁਝ ਦੇਰ ਬਾਅਦ ਮੰਮ ਨੇ ਡੈਡ ਨੂੰ ਇਸ਼ਾਰੇ ਨਾਲ ਸੱਦ ਲਿਆ। ਮੈਂ ਟੈਲੀ ਵੇਖ ਰਹੀ ਸੀ। ਮੈਂ ਉਹਨਾਂ ਦੇ ਗੁਪਤ ਇਸ਼ਾਰੇ ਨੂੰ ਵੇਖ ਲਿਆ ਸੀ। ਵੈਸੇ ਇਹ ਕੋਈ ਨਵੀਂ ਗੱਲ ਵੀ ਨਹੀਂ ਸੀ। ਕੁਝ ਦੇਰ ਬਾਅਦ ਮੰਮ ਤੇ ਡੈਡ ਮੇਰੇ ਕੋਲ ਆ ਬੈਠੇ ਸਨ।

"ਐਂਜੀ ਡਾਰਲਿੰਗ, ਅਸੀਂ ਤੇਰੇ ਨਾਲ ਕੁਝ ਗੱਲ ਕਰਨੀ ਸੀ।" ਡੈਡ ਨੇ ਮੇਰੇ ਮੱਥੇ ਨੂੰ ਚੁੰਮਦਿਆਂ ਕਿਹਾ। ਮੈਂ ਚੁੱਪ ਉਸ ਦੇ ਮੂੰਹ ਵੱਲ ਵੇਖਦੀ ਰਹੀ।

"ਦੇਖ ਅਸੀਂ ਤੈਨੂੰ ਬਹੁਤ ਪਿਆਰ ਕਰਦੇ ਹਾਂ। ਮੰਮ ਨੇ ਦੱਸਿਆ ਬੱਚਿਆਂ ਨੇ ਤੈਨੂੰ ਕੁਝ ਕਿਹਾ ਸੀ।"

"ਹਾਂ ਡੈਡ, ਕਹਿੰਦੇ ਸੀ ਮੇਰੇ ਕੋਲ ਨਾ ਮੰਮ ਐ ਤੇ ਨਾ ਡੈਡ।"

"ਵੇਖ ਵੈਸੇ ਤਾਂ ਅਸੀਂ ਤੇਰੇ ਮੰਮ-ਡੈਡ ਆਂ। ਪਰ ਅਸੀਂ ਤੈਨੂੰ ਜਨਮ ਨਹੀਂ ਦਿੱਤਾ। ਪਰ ਇਹਦੇ ਨਾਲ ਕੀ ਫ਼ਰਕ ਪੈਂਦਾ ਐ!" ਮੰਮ ਨੇ ਹਲਕਾ ਜਿਹਾ ਮੁਸਕਰਾਉਂਦਿਆਂ ਕਿਹਾ ਸੀ।

"ਫੇਰ ਮੇਰੇ ਮੰਮ-ਡੈਡ ?"

"ਸਾਨੂੰ ਨਹੀਂ ਪਤਾ। ਕੁਝ ਵੀ ਨੀ ਪਤਾ। ਅਸੀਂ ਤੈਨੂੰ ਗੋਦ ਲਿਆ ਸੀ। ਅਸੀਂ ਤਾਂ ਤੈਨੂੰ ਵੇਖਣ ਸਾਰ ਹੀ ਤੇਰੇ 'ਤੇ ਲੱਟੂ ਹੋ ਗਏ ਸੀ। ਡਾਰਲਿੰਗ, ਸ਼ਾਇਦ ਜਦੋਂ ਤੂੰ ਵੱਡੀ ਹੋ ਗਈ ਤਾਂ ਤੇਰੇ ਅਸਲੀ ਮਾਂ ਬਾਪ ਦਾ ਪਤਾ ਲੱਗ ਜਾਵੇ।" ਮੈਨੂੰ ਮਾਂ ਨੇ ਜੱਫੀ ਪਾਉਂਦਿਆਂ ਕਿਹਾ ਸੀ।

ਮੰਮ-ਡੈਡ ਸੱਚੀਂ ਮੇਰੇ 'ਤੇ ਜਾਨ ਛਿੜਕਦੇ ਸਨ। ਹੁਣ ਮੈਨੂੰ ਇਹ ਵੀ ਪਤਾ ਲੱਗ ਗਿਆ ਸੀ ਕਿ ਮੇਰਾ ਰੰਗ ਕਾਲਾ ਤੇ ਉਹਨਾਂ ਦੋਵਾਂ ਦਾ ਗੋਰਾ ਕਿਉਂ ਸੀ ? ਮੈਨੂੰ ਕੋਈ ਸ਼ਿਕਾਇਤ ਵੀ ਨਹੀਂ ਸੀ। ਸਕੂਲ ਵਿਚ ਵੀ ਮੈਂ ਸਾਫ਼ ਦੱਸ ਦਿੱਤਾ ਸੀ, ਮੈਂ ਉਹਨਾਂ ਦੀ ਗੋਦ ਲਈ ਬੇਟੀ ਹਾਂ। ਜੇ ਕੋਈ ਮੈਨੂੰ ਖਿਝਾਉਣ ਦੀ ਕੋਸ਼ਿਸ਼ ਕਰਦਾ ਵੀ ਤਾਂ ਮੈਨੂੰ ਹੈਰਾਨੀ ਹੁੰਦੀ ਤੇ ਮੈਨੂੰ ਭੋਰਾ ਵੀ ਖਿਝ ਨਹੀਂ ਸੀ ਆਉਂਦੀ।ਪਰ ਮੇਰੇ ਮਨ ਵਿਚ ਇਕ ਖ਼ਿਲਾਅ ਜਿਹਾ ਪੈਦਾ ਹੋ ਗਿਆ ਸੀ। ਮੈਂ ਆਪਣੇ ਆਪ ਨੂੰ ਪੁੱਛਦੀ ਭਲਾ ਮੇਰੇ ਮਾਪਿਆਂ ਨੇ ਮੈਨੂੰ ਕਿਉਂ ਅਲਗ ਕਰ ਦਿੱਤਾ ? ਇਸ ਦਾ ਮੇਰੇ ਕੋਲ ਕੋਈ ਜਵਾਬ ਨਹੀਂ ਸੀ।

ਫਿਰ ਇਕ ਦਿਨ ਮੇਰਾ ਇਹ ਸੰਸਾਰ ਢਹਿ-ਢੇਰੀ ਹੋ ਗਿਆ ਸੀ।

ਮੰਮ ਤੇ ਡੈਡ ਇਕ ਦੂਜੇ ਨੂੰ ਬਹੁਤ ਪਿਆਰ ਕਰਦੇ ਸਨ। ਮੇਰੇ ਸਾਹਮਣੇ ਉਹਨਾਂ ਵਿਚ ਕੋਈ ਤਲਖ-ਕਲਾਮੀ ਵੀ ਨਹੀਂ ਸੀ ਹੋਈ। ਇਕ ਦਿਨ ਡੈਡ ਮੇਰੇ ਕਮਰੇ ਵਿਚ ਆ ਕੇ ਮੇਰੇ ਬੈਡ 'ਤੇ ਬੈਠ ਗਿਆ। ਛੁੱਟੀ ਦਾ ਦਿਨ ਸੀ ਤੇ ਸੂਰਜ ਵਾਹਵਾ ਚੜ੍ਹਿਆ ਹੋਇਆ ਸੀ।

"ਐਂਜੀ ਇਕ ਮਾੜੀ ਖ਼ਬਰ ਐ। ਮੈਂ ਮੁਆਫ਼ੀ ਚਾਹੁੰਨਾ ਮੈਨੂੰ ਘਰ ਛੱਡ ਕੇ ਜਾਣਾ ਪੈਣਾ।"

ਡੈਡ ਨੇ ਕਿਹਾ ਤਾਂ ਮੈਂ ਛਾਲ ਮਾਰ ਕੇ ਇੰਝ ਉੱਠੀ ਜਿਵੇਂ ਮੇਰੇ ਬਿਸਤਰ ਵਿਚ ਅੰਗਿਆਰ ਬਲ ਰਹੇ ਹੋਣ। ਮੈਂ ਕੁਝ ਵੀ ਬੋਲ ਨਹੀਂ ਸੀ ਸਕੀ। ਸਵਾਲੀਆਂ ਨਜ਼ਰਾਂ ਨਾਲ ਡੈਡ ਨੂੰ ਵੇਖ ਰਹੀ ਸੀ।

"ਐਂਜੀ ਤੇਰੀ ਮੰਮੀ ਬਹੁਤ ਚੰਗੀ ਔਰਤ ਐ। ਪਰ ਸਾਡੇ ਵਿਚ ਕੁਝ ਅਜਿਹਾ ਵਾਪਰ ਗਿਆ ਐ ਅਸੀਂ 'ਕੱਠੇ ਨਹੀਂ ਰਹਿ ਸਕਦੇ। ਕਸੂਰ ਮੇਰਾ ਈ ਐ। ਤੈਨੂੰ ਛੱਡ ਕੇ ਜਾਣ ਦਾ ਬਹੁਤ ਦੁੱਖ ਐ ਮੈਨੂੰ। ਵੈਸੇ ਮੈਂ ਆਉਂਦਾ ਰਹਾਂਗਾ। ਮੈਂ ਤੈਨੂੰ ਬਹੁਤ ਪਿਆਰ ਕਰਦਾ ਐਂਜੀ।"

ਡੈਡ ਚਲਾ ਗਿਆ। ਮੈਂ ਉਸ ਨੂੰ ਸਮਾਨ ਗੱਡੀ ਵਿਚ ਰੱਖਦੇ ਨੂੰ ਖਿੜਕੀ ਵਿਚੋਂ ਦੀ ਵੇਖਦੀ ਰਹੀ। ਮੈਨੂੰ ਸਮਝ ਨਹੀਂ ਸੀ ਆਉਂਦੀ ਮੈਂ ਮੰਮ ਨੂੰ ਕੀ ਕਹਾਂ ? ਮੈਂ ਜਾ ਕੇ ਮੰਮ ਨੂੰ ਜੱਫ਼ੀ ਪਾ ਲਈ। ਮੇਰੇ ਹੰਝੂ ਆਪ-ਮੁਹਾਰੇ ਵਹਿਣ ਲੱਗੇ। ਮੰਮ ਵੀ ਰੋਣ ਲੱਗੀ। ਘਰ ਜਿਵੇਂ ਭਾਂ-ਭਾਂ ਕਰ ਰਿਹਾ ਹੋਵੇ। ਮੇਰੇ ਲਈ ਡੈਡ ਜਾਂ ਮੰਮ ਬਿਨਾਂ ਜ਼ਿੰਦਗੀ ਚਿਤਵਨੀ ਬਹੁਤ ਮੁਸ਼ਕਲ ਸੀ।

ਮਾਂ ਵਿਚ ਹੌਲੀ ਹੌਲੀ ਬਹੁਤ ਬਦਲਾਅ ਆ ਗਿਆ ਸੀ। ਹੁਣ ਉਹ ਪਹਿਲਾਂ ਵਾਲੀ ਮੰਮ ਨਹੀਂ ਸੀ ਰਹੀ। ਉਸ ਨੇ ਨਵੇਂ ਮਿੱਤਰ ਬਣਾ ਲਏ ਸਨ। ਉਹ ਸ਼ਾਮਾਂ ਉਹਨਾਂ ਨਾਲ ਬਤੀਤ ਕਰਦੀ ਤੇ ਮੈਂ ਘਰ ਵਿਚ 'ਕੱਲੀ ਬੈਠੀ ਰਹਿੰਦੀ। ਕਦੀ ਉਸ ਨਾਲ ਕੋਈ ਨਾ ਕੋਈ ਉਸ ਦਾ 'ਮਿੱਤਰ' ਘਰ ਵੀ ਆ ਜਾਂਦਾ। ਦੇਰ ਰਾਤ ਤੱਕ ਟੀ ਵੀ ਦੀ ਉੱਚੀ ਆਵਾਜ਼ ਸੁਣਦੀ ਰਹਿੰਦੀ। ਕਦੇ ਮੈਂ ਡਰਾਇੰਗ ਰੂਮ ਦੇ ਅੱਧ-ਖੁੱਲ੍ਹੇ ਦਰਵਾਜ਼ੇ ਵਿਚੋਂ ਦੀ ਝਾਤੀ ਮਾਰਦੀ ਤਾਂ ਅੱਗੇ ਦਾ ਸੀਨ ਮੈਨੂੰ ਸ਼ਰਮਸਾਰ ਕਰ ਦਿੰਦਾ। ਹੌਲੀ ਹੌਲੀ ਇਹ ਸ਼ਰਮ ਵੀ ਅਲਵਿਦਾ ਕਹਿ ਗਈ ਤੇ ਮੇਰਾ ਮਨ

ਵੀ ਕਿਸੇ ਨਾਲ ਉਹੋ ਜਿਹਾ ਹੀ ਸਾਥ ਮਾਣਨ ਲਈ ਉਤਾਵਲਾ ਹੋ ਜਾਂਦਾ।

ਜਿਵੇਂ ਜਿਵੇਂ ਮਾਂ ਦੇ ਪਿਆਰੇ ਤੇ ਮਿੱਠੜੇ ਬੋਲ ਘਟਦੇ ਗਏ ਤਾਂ ਮੈਨੂੰ ਉਹਨਾਂ ਬੋਲਾਂ ਦੀ ਤਾਂਘ ਵਧਦੀ ਗਈ। ਡੈਡ ਵੀ ਹੁਣ ਪਹਿਲਾਂ ਨਾਲੋਂ ਘੱਟ ਹੀ ਆਉਂਦਾ। ਜੇ ਆਉਂਦਾ ਤਾਂ ਉਸ ਨਾਲ ਉਸ ਦੀ ਨਵੀਂ ਗਰਲ ਫਰੈਂਡ ਹੁੰਦੀ ਜਿਸ ਨਾਲ ਉਹ ਵਿਆਹ ਕਰਵਾਉਣਾ ਚਾਹੁੰਦਾ ਸੀ। ਹੁਣ ਮੇਰੀ ਲੋੜ ਕਿਸੇ ਨੂੰ ਵੀ ਨਹੀਂ ਸੀ ਰਹੀ।

———

ਮੈਂ ਬਾਰਾਂ ਕੁ ਸਾਲ ਦੀ ਤੇ ਹੈਰੀ ਮੇਰੇ ਨਾਲੋਂ ਚਾਰ ਕੁ ਸਾਲ ਵੱਡਾ ਸੀ। ਪਰ ਉਹਦੇ ਵਿਚ ਕੋਈ ਖਿੱਚ ਸੀ। ਬਹੁਤ ਪਿਆਰ ਨਾਲ ਗੱਲ ਕਰਦਾ। ਮੇਰੇ ਬਿਨਾਂ ਜਿਵੇਂ ਉਸ ਨੂੰ ਹੋਰ ਕੁਝ ਵੀ ਨਾ ਦਿਸਦਾ ਹੋਵੇ। ਬੱਸ ਉਸ ਦੇ ਮਿੱਠੇ ਬੋਲ ਹੀ ਮੈਨੂੰ ਉਸ ਦੇ ਕਮਰੇ ਤੱਕ ਲੈ ਗਏ। ਇਕ ਪਾਸੇ ਮੈਨੂੰ ਲਗਦਾ ਮੈਂ ਗਲਤ ਸੀ ਤੇ ਭਟਕ ਗਈ ਸੀ। ਦੂਜੇ ਪਾਸੇ ਲਗਦਾ ਮੈਨੂੰ ਹੈਰੀ ਚਾਹੁੰਦਾ ਸੀ। ਪਿਆਰਦਾ ਸੀ। ਭਲਾ ਪਿਆਰ ਵਿਚ ਕੀ ਗਲਤ ਹੋ ਸਕਦਾ!

ਕੁਝ ਹੀ ਦੇਰ ਵਿਚ ਮੈਨੂੰ ਪਤਾ ਚੱਲ ਗਿਆ, ਪਿਆਰ ਵਿਚ ਵੀ ਬਹੁਤ ਕੁਝ ਗਲਤ ਹੋ ਸਕਦਾ। ਹੈਰੀ ਕਿਸੇ ਹੋਰ ਪੰਛੀ ਨਾਲ ਉੱਡਣ ਲੱਗਾ ਸੀ ਤੇ ਮੈਂ ਫਿਰ 'ਕੱਲੀ ਰਹਿ ਗਈ। ਹੈਰੀ ਤੋਂ ਬਦਲਾ ਲੈਣ ਨੂੰ ਵੀ ਦਿਲ ਕਰਦਾ। ਪਤਾ ਨੀ ਕਿਵੇਂ ਮੈਂ ਉਹਦੇ ਖਾਸ ਦੋਸਤ 'ਨਿੱਕ ਦੀ ਛਤਰੀ 'ਤੇ ਜਾ ਬੈਠੀ। ਐਨਾ ਗੰਦਾ ਤੇ ਬੇਵਕੂਫ ਕੁਝ ਦਿਨਾਂ ਵਿਚ ਹੀ ਉਹਨੂੰ ਮੈਂ ਦਫਾ ਕਰ ਦਿੱਤਾ।

ਬੱਸ ਫੇਰ ਕੀ ਸੀ। ਕਦੀ ਕੋਈ ਆਉਂਦਾ ਤੇ ਕਦੀ ਕੋਈ ਜਾਂਦਾ। ਨਾ ਮਾਂ ਨੂੰ ਮੇਰਾ ਫ਼ਿਕਰ ਸੀ ਤੇ ਨਾ ਮੈਨੂੰ ਮਾਂ ਦਾ। ਅਸੀਂ ਇਕੋ ਘਰ ਵਿਚ ਰਹਿ ਵੀ ਰਹੀਆਂ ਸੀ ਤੇ ਨਹੀਂ ਵੀ। ਜਿਹੜਾ ਵੀ ਦੋ ਮਿੱਠੇ ਬੋਲ ਬੋਲਦਾ ਮੈਂ ਉਹਨੂੰ ਆਪਣਾ ਹਮਦਰਦ ਸਮਝ ਬੈਠਦੀ ਤੇ ਆਪਣਾ ਆਪ ਉਸ 'ਤੇ ਨਿਸ਼ਾਵਰ ਕਰ ਦਿੰਦੀ। ਪਤਾ ਨੀ ਕਿੰਨੇ ਲੋਕ ਮੇਰੇ ਦੋਸਤ ਬਣੇ ਤੇ ਬਦਲੇ,ਹੁਣ ਤਾਂ ਗਿਣਤੀ ਵੀ ਯਾਦ ਨਹੀਂ।

ਜੇ ਯਾਦ ਹੈ ਤਾਂ ਹਰਾਮੀ ਐਂਡੀ। ਗੱਲਾਂ ਤਾਂ ਉਹ ਇੰਝ ਕਰਦਾ ਜਿਵੇਂ ਫਿਲਾਸਫਰ ਹੋਵੇ। ਜਿਵੇਂ ਸੱਚ ਅਤੇ ਹਮਦਰਦੀ ਤੋਂ ਬਿਨਾਂ ਉਸ ਨੂੰ ਕੁਝ ਹੋਰ ਦਿਸਦਾ ਹੀ ਨਾ ਹੋਵੇ। ਜਿਵੇਂ ਦੀਨ-ਦੁਖੀ ਲਈ ਆਪਣੀ ਜਾਨ ਵੀ ਕੁਰਬਾਨ ਕਰਨ ਲਈ ਤਿਆਰ ਹੋਵੇ। ਲੱਗਿਆ ਮੈਨੂੰ ਜ਼ਿੰਦਗੀ ਭਰ ਦਾ ਸਾਥ ਮਿਲ ਗਿਆ ਸੀ। ਐਂਡੀ ਕੁਝ ਵੀ ਕਹਿੰਦਾ ਮੈਂ ਬਿਨਾਂ ਸੋਚਿਆਂ ਹੀ 'ਹਾਂ ਕਰਦੀ। ਐਂਡੀ ਮੇਰੀ ਪ੍ਰਸ਼ੰਸਾ ਕਰਨ ਲਗਦਾ ਤਾਂ ਕੋਈ ਹੱਦ ਬੰਨਾ ਨਾ ਹੁੰਦਾ। ਮੈਨੂੰ ਕਦੇ ਵੀ ਨਾ ਲਗਦਾ ਉਹ ਝੂਠ ਕਹਿ ਰਿਹਾ ਸੀ। ਉਂਝ ਮੈਨੂੰ ਵੀ ਆਪਣਾ ਆਪ ਚੰਗਾ ਲਗਦਾ। ਮੈਨੂੰ ਲਗਦਾ ਜਿਵੇਂ ਐਂਡੀ ਦੇ ਬੋਲ ਮੇਰੇ ਸਹੁੱਪਣ ਨੂੰ ਧੋ ਕੇ ਹੋਰ ਵੀ ਸਵੱਛ ਕਰ ਦਿੰਦੇ ਹੋਣ ਤੇ ਮੈਂ ਹੋਰ ਵੀ ਨਿੱਖਰ ਜਾਂਦੀ ਹੋਵਾਂ।

ਅਸੀਂ ਤਕਰੀਬਨ ਰੋਜ਼ ਮਿਲਦੇ। ਪਹਿਲਾਂ ਪਹਿਲ ਸਾਫਟ ਡਰਿੰਕ ਹੀ ਪੀਂਦੇ। ਫਿਰ ਐਂਡੀ ਨੇ ਮੈਨੂੰ ਵਾਈਨ ਪਿਲਾਉਣੀ ਸ਼ੁਰੂ ਕਰ ਦਿੱਤੀ। ਮੈਂ ਵੀ ਸੋਚਦੀ ਸਾਰੇ ਈ ਪੀਂਦੇ ਐ ਜੇ ਮੈਂ ਪੀ ਲੀ ਤਾਂ ਮੈਂ ਕਿਹੜਾ ਗੁਨਾਹ ਕਰ ਲਿਆ! ਫਿਰ ਪਤਾ ਨੀ ਕਿਵੇਂ ਤੇ ਕਦੋਂ ਕੋਕ ਵਿਚ ਬਕਾਰਡੀ ਜਾਂ ਜੂਸ ਵਿਚ ਵੋਦਕਾ ਆਉਣ ਲੱਗੀ। ਕਦੀ ਕਦੀ ਮੈਨੂੰ ਲਗਦਾ ਮੇਰੇ ਪੈਰ ਧਰਤੀ

’ਤੇ ਨਾ ਲੱਗ ਰਹੇ ਹੋਣ। ਐਂਡੀ ਨਾਲ ਹੁੰਦਾ ਤਾਂ ਮੈਨੂੰ ਕੋਈ ਫ਼ਿਕਰ ਵੀ ਨਾ ਹੁੰਦਾ।

ਇਕ ਦਿਨ ਇਹੋ ਜਿਹੀ ਹਾਲਤ ਵਿਚ ਹੀ ਪਤਾ ਨਹੀਂ ਕਿਸ ਦੇ ਘਰ ਅਸੀਂ ਪਹੁੰਚ ਗਏ ਸੀ। ਮੈਨੂੰ ਯਾਦ ਐ ਐਂਡੀ ਨੇ ਮੇਰੀ ਉਸ ਨਾਲ ‘ਦੋਸਤ’ ਕਹਿ ਕੇ ਜਾਣ-ਪਛਾਣ ਕਰਾਈ ਸੀ ਤੇ ਅਸੀਂ ਤਿੰਨਾਂ ਨੇ ਡਰਿੰਕ ਵੀ ਪੀਤੀ ਸੀ। ਅਗਲੀ ਸਵੇਰ ਜਦ ਮੈਨੂੰ ਜਾਗ ਆਈ ਤਾਂ ਉਹ ਬੰਦਾ ਮੇਰੇ ਬੈਡ ਵਿਚ ਪਿਆ ਸੀ। ਮੈਂ ਛਾਲ ਮਾਰ ਕੇ ਉੱਠੀ। ਹੇਠਾਂ ਵੱਲ ਭੱਜੀ। ਐਂਡੀ ਸੋਫ਼ੇ ’ਤੇ ਟੇਢਾ ਹੋਇਆ ਪਿਆ ਸੀ ਜਾਂ ਬਹਾਨਾ ਕਰ ਰਿਹਾ ਸੀ।

ਮੈਂ ਉਸ ਦਿਨ ਐਂਡੀ ਨਾਲ ਗੁੱਸੇ ਹੋਈ ਤੇ ਬਹੁਤ ਗੁੱਸੇ ਹੋਈ। ਐਂਡੀ ਚੁੱਪ ਸੀ। ਪਾਰਕ ਦੀ ਬੈਂਚ ’ਤੇ ਬੈਠਿਆਂ ਐਂਡੀ ਰੋਣ ਲੱਗਾ ਸੀ। ਮੇਰੇ ਕੋਲੋਂ ਮੁਆਫੀਆਂ ਮੰਗ ਰਿਹਾ ਸੀ। ਕਸਮਾਂ ਤਾਂ ਇੰਝ ਖਾ ਰਿਹਾ ਸੀ ਜਿਵੇਂ ਸਾਖਸ਼ਾਤ ਜੀਸਜ਼ ਦੇ ਪੈਰਾਂ ਵਿਚ ਬੈਠਾ ਹੋਵੇ। ਮੈਂ ਵੀ ਢੈਲੀ ਹੋ ਗਈ।

“ਦੇਖ ਇਹੋ ਜਿਹੀ ਗੱਲ ਹੋਣੀ ਨਹੀਂ ਚਾਹੀਦੀ। ਪਰ ਇਹ ਕੋਈ ਐਨੀ ਵੱਡੀ ਗੱਲ ਨਹੀਂ। ਲੋਕ ਤਾਂ ਜਾਣ ਬੁਝ ਕੇ ਪਾਰਟਨਰ ਬਦਲ ਲੈਂਦੇ ਐ। ਇਹਦਾ ਕਹਿੰਦੇ ਆਵਦਾ ਸੁਆਦ ਹੁੰਦਾ। ਪਰ ਮੈਂ ਇਸ ਹੱਕ ’ਚ ਨਹੀਂ। ਸਿਰਫ਼ ਇਸ ਲਈ ਕਹਿ ਰਿਹਾਂ ਤੂੰ ਐਂਵੇਂ ਦਿਲ ’ਤੇ ਨਾ ਲਾ।”

ਅਸੀਂ ਫਿਰ ਪਹਿਲਾਂ ਵਾਂਗ ਹੀ ਜਾਣ ਆਉਣ ਲੱਗੇ। ਹੌਲੀ ਹੌਲੀ ਮੈਨੂੰ ਮਹਿਸੂਸ ਹੋਣ ਲਗਾ ਸ਼ਾਮ ਨੂੰ ਮੇਰਾ ਸਰੀਰ ਨਿਢਾਲ ਜਿਹਾ ਹੋ ਜਾਂਦਾ। ਮੈਂ ਐਂਡੀ ਨੂੰ ਕਹਿੰਦੀ ਤਾਂ ਉਹ ਡਰਿੰਕ ਬਣਾ ਲਿਆਉਂਦਾ। ਡਰਿੰਕ ਪੀ ਕੇ ਜਿਵੇਂ ਮੇਰੇ ਵਿਚ ਨਵੀਂ ਰੂਹ ਫੂਕੀ ਜਾਂਦੀ। ਸਰੀਰ ਉਡੂੰ-ਉਡੂੰ ਕਰਦਾ। ਮੇਰੇ ਕਦੇ ਸੁਪਨੇ ਵਿਚ ਵੀ ਨਾ ਆਇਆ ਬਈ ਐਂਡੀ ਮੈਨੂੰ ਡਰੱਗ ਦੇ ਰਿਹਾ ਸੀ। ਉਹ ਦਿਨ ਵੀ ਆ ਗਿਆ ਜਦੋਂ ਮੈਂ ਐਂਡੀ ਦੀ ਡਰਿੰਕ ਬਿਨਾਂ ਅੱਧ-ਮਰੀ ਪਈ ਰਹਿੰਦੀ।

ਐਂਡੀ ਤਾਂ ਪੂਰਾ ਖਿਲਾੜੀ ਸੀ। ਉਸ ਨੂੰ ਪਤਾ ਸੀ ਮੈਨੂੰ ਕਿਵੇਂ ਵਰਤਣਾ ਸੀ ਤੇ ਉਸ ਨੇ ਸਹਿੰਦਾ-ਸਹਿੰਦਾ ਮੈਨੂੰ ਵਰਤਣਾ ਸ਼ੁਰੂ ਕਰ ਦਿੱਤਾ ਸੀ। ਪਹਿਲਾਂ ਬਹਾਨੇ ਤੇ ਮਿੰਨਤਾਂ ਨਾਲ ਕਿਸੇ ਨਾਲ ਸੌਣ ਲਈ ਕਹਿੰਦਾ। ਸਰੀਰ ਵਿਚ ਸੱਤਿਆ ਨਾ ਹੁੰਦੀ। ਸੋਚਦੀ ਜੇ ਇਹਦੀ ਗੱਲ ਨਾ ਮੰਨੀ ਤਾਂ ਮੰਜੇ ਵਿਚੋਂ ਉੱਠ ਨਹੀਂ ਹੁਣਾ। ਹੌਲੀ ਹੌਲੀ ਮੈਂ ਐਂਡੀ ਨੂੰ ਪੁੱਛਣ ਲੱਗੀ, ਅੱਜ ਕਿੰਨੇ ਗਾਹਕ ਭੁਗਤਾਉਣੇ ਐ ?

ਇਕ ਐਂਜਲਾ ਮਰ ਗਈ ਸੀ ਤੇ ਉਸ ਦੇ ਕਲਬੂਤ ’ਤੇ ਇਕ ਹੋਰ ਰੂਹ ਨੇ ਕਬਜ਼ਾ ਕਰ ਲਿਆ ਸੀ। ਐਂਡੀ ਦਾ ਸੱਚ ਸਾਹਮਣੇ ਸੀ। ਮੈਨੂੰ ਮੇਰਾ ਸੱਚ ਵੀ ਭੁੱਲਿਆ ਨਹੀਂ ਸੀ। ਮੈਨੂੰ ਆਪਣਾ ਆਪ ਗੰਦਾ ਲਗਦਾ। ਪਰ ਜਦੋਂ ਨਸ਼ਾ ਅੰਦਰ ਚਲਾ ਜਾਂਦਾ ਤਾਂ ਗੰਦਗੀ ਦਾ ਅਹਿਸਾਸ ਖਤਮ ਹੋ ਜਾਦਾ। ਜਦ ਨਸ਼ੇ ਦੀ ਲੋਰ ਘਟ ਜਾਂਦੀ ਤਾਂ ਫਿਰ ਆਪਣੇ ਆਪ ਦਾ ਸਾਹਮਣਾ ਕਰਨਾ ਮੁਸ਼ਕਲ ਹੋ ਜਾਂਦਾ। ਐਂਡੀ ਜਿਸ ਨੂੰ ਕਦੇ ਬਹੁਤ ਪਿਆਰ ਕਰਦੀ ਸੀ, ਹੁਣ ਉਸ ਨੂੰ ਸਭ ਤੋਂ ਵੱਧ ਨਫ਼ਰਤ ਕਰਦੀ।

ਮੈਂ ਕਿੰਨੀ ਪਾਗਲ ਸੀ, ਕਦੇ ਧਿਆਨ ਵਿਚ ਹੀ ਨਾ ਆਇਆ। ਭਲਾ ਇਹ ਸਿਲਸਿਲਾ ਕਿੰਨੀ ਦੇਰ ਤੱਕ ਚੱਲੇਗਾ ? ਕਦੋਂ ਤੱਕ ਐਂਡੀ ਮੈਨੂੰ ਡਰੱਗ ਦਿੰਦਾ ਰਹੇਗਾ ਤੇ ਮੇਰਾ ਸਰੀਰ ਹਰਕਤ ਵਿਚ ਰਹੇਗਾ। ਕਦੇ ਇਹ ਵੀ ਖਿਆਲ ਨਾ ਆਇਆ ਜਿਹੜਾ ਐਂਡੀ ਮੈਨੂੰ ਇਸ

ਗੰਦਗੀ ਵਿਚ ਧਕੇਲ ਚੁੱਕਿਆ ਸੀ ਮੇਰੇ ਵਰਗੀਆਂ ਹੋਰ ਵੀ ਤਾਂ ਉਸ ਦੇ ਚੁੰਗਲ ਵਿਚ ਆਉਣਗੀਆਂ। ਇਹ ਤਾਂ ਇਕ ਦਿਨ ਅਚਾਨਕ ਹੀ ਵਾਪਰੀ ਘਟਨਾ ਨੇ ਸਭ ਬਦਲ ਦਿੱਤਾ ਸੀ।

ਐਂਡੀ ਅਚਾਨਕ ਮੇਰੇ ਕੋਲੋਂ ਡਰੱਗ ਦੇ ਪੈਸੇ ਮੰਗਣ ਲੱਗਾ ਮੈਂ ਉਸ ਤੋਂ ਆਪਣੇ ਨੋਚੇ ਜਾਂਦੇ ਸਰੀਰ ਦੇ ਪੈਸੇ ਮੰਗ ਲਏ। ਓਦੋਂ ਮੈਨੂੰ ਇਹ ਤਾਂ ਖਿਆਲ ਹੀ ਨਾ ਅਇਆ ਕਿ ਮੇਰੀ ਲੀਰੋ-ਲੀਰ ਰੂਹ ਦੀ ਕੀਮਤ ਵੀ ਉਸ ਤੋਂ ਮੰਗਾਂ। ਐਨੀ ਤਾਂ ਦਿਮਾਗ ਵਿਚ ਤਾਕਤ ਹੀ ਨਹੀਂ ਸੀ। ਝਗੜਾ ਵਧ ਗਿਆ ਤੇ ਐਂਡੀ ਨੇ ਮੇਰੇ ਥੱਪੜ ਮਾਰ ਦਿੱਤਾ ਮੈਂ ਕੁਰਸੀ ਚੁੱਕ ਕੇ ਐਂਡੀ ਦੇ ਸਿਰ ਵਿਚ ਮਾਰੀ ਤਾਂ ਲਹੂ ਨਾਲ ਐਂਡੀ ਦਾ ਮੂੰਹ ਸਿਰ ਭਰ ਗਿਆ। ਮੈਂ ਡਰ ਗਈ ਸੀ ਪਰ ਮੈਂ ਗਾਹਲਾਂ ਕਢਦੀ ਕਮਰੇ ਵਿਚੋਂ ਬਾਹਰ ਨਿਕਲ ਗਈ। ਸ਼ਾਮ ਨੂੰ ਮੈਨੂੰ ਪੁਲੀਸ ਨੇ ਆ ਦਬੋਚਿਆ ਤੇ ਮੇਰੇ ’ਤੇ ਪਰਚਾ ਦਰਜ ਕਰਕੇ ਅਗਲੇ ਦਿਨ ਕੋਰਟ ਵਿਚ ਲੈ ਗਏ। ਮੇਰੇ ਕੋਲ ਕਿਹੜਾ ਕੋਈ ਜ਼ਮਾਨਤ ਦੇਣ ਵਾਲਾ ਸੀ। ਮੈਨੂੰ ਜੇਲ੍ਹ ਭੇਜ ਦਿੱਤਾ।

ਜੇਲ੍ਹ ਵਿਚ ਮੇਰਾ ਹਾਲ ਮਾੜਾ ਸੀ। ਨਸ਼ੇ ਬਿਨਾਂ ਮੇਰੀ ਜਾਨ ਨਿਕਲ ਰਹੀ ਸੀ। ਮੇਰੇ ਕੋਲ ਪੈਸਾ ਨਹੀਂ ਸੀ। ਨਸ਼ਾ ਤਾਂ ਸ਼ਾਇਦ ਜੇਲ੍ਹ ਵਿਚੋਂ ਵੀ ਮਿਲ ਜਾਂਦਾ। ਮੇਰੀ ਹਾਲਤ ਕੁਝ ਦਿਨ ਮਾੜੀ ਰਹੀ ਫਿਰ ਕੁਝ ਕੁ ਚੈਨ ਆਉਣ ਲੱਗਾ। ਕੰਧਾਂ ’ਤੇ ਮੁੱਕੀਆਂ ਮਾਰ ਮਾਰ ਮੇਰੇ ਹੱਥ ਜ਼ਖਮੀ ਹੋ ਗਏ। ਪਰ ਹੁਣ ਮੈਨੂੰ ਲਗਦਾ ਚੰਗਾ ਹੀ ਹੋਇਆ। ਜੇਲ੍ਹ ਵਿਚ ਰਹਿ ਕੇ ਮੇਰੀ ਇਹ ਆਦਤ ਤਾਂ ਛੁੱਟ ਗਈ।

ਅਸਲ ’ਚ ਮੇਰੇ ਮਨ ਚੋਂ ਨਸ਼ੇ ਦਾ ਅਸਰ ਪੂਰਾ ਖੁਰਿਆ ਨਹੀਂ। ਚੰਗਾ ਐ ਮੈਂ ਕੁਝ ਦੇਰ ਹੋਰ ਜੇਲ੍ਹ ਵਿਚ ਹੀ ਰਹਿ ਸਕਾਂ। ਨਾ ਮੈਨੂੰ ਕਿਧਰੇ ਰਹਿਣ ਲਈ ਸਿਰ ਢਕਣ ਦਾ ਫ਼ਿਕਰ ਐ ਤੇ ਨਾ ਖਾਣ-ਪੀਣ ਦਾ। ਬਾਹਰ ਆ ਕੇ ਤਾਂ ਮੇਰੇ ਲਈ ਕਮਰਾ ਲੱਭਣਾ ਤੇ ਕੰਮ ਲਭਣਾ ਵੀ ਸੰਭਵ ਨਹੀਂ ਹੁਣਾ। ਵੈਸੇ ਵੀ ਮੇਰਾ ਕੌਣ ਆ ਬਾਹਰ! ਸੋਚਦੀ ਆਂ ਇਥੇ ਜਿਹੜੇ ਦਿਨ ਨਿਕਲ ਜਾਣ ਚੰਗਾ।

———

ਲਿਜ਼ੀ ਚਿੱਠੀ ਪੜ੍ਹ ਕੇ ਮਨੋ ਹਿਲ ਗਈ ਸੀ। ਉਹ ਸੋਚ ਰਹੀ ਸੀ ਐਂਜੀ ਵਰਗੀਆਂ ਹੋਰ ਕਿੰਨ੍ਹੀਆਂ ਕੁ ਜਿੰਦਾਂ ਇਹੋ ਕੁਝ ਹੰਢਾ ਰਹੀਆਂ ਹੋਣਗੀਆਂ?

ਉਹਦੀਆਂ ਅੱਖਾਂ ਅੱਗੇ ਐਂਜਲਾ ਦਾ ਚਿਹਰਾ ਆਇਆ। ਕੁਝ ਦਿਨ ਉਹ ਉਸ ਨੂੰ ਮਨ ਵਿਚੋਂ ਕੱਢ ਨਾ ਸਕੀ ਉਸ ਨੂੰ ਪਤਾ ਨਹੀਂ ਸੀ ਲਗ ਰਿਹਾ ਉਹ ਕਿਵੇਂ ਐਂਜਲਾ ਦੀ ਮਦਦ ਕਰੇ? ਸੋਚ ਕੇ ਉਹ ਐਂਜਲਾ ਨੂੰ ਮਿਲਣ ਚਲੀ ਗਈ।ਐਂਜਲਾ ਉਸ ਨੂੰ ਮਿਲ ਕੇ ਖੁਸ਼ ਹੋਈ। ਹੁਣ ਉਹ ਕਾਫੀ ਹੱਦ ਤੱਕ ਸ਼ਾਂਤ ਲਗ ਰਹੀ ਸੀ।

“ਐਂਜਲਾ ਤੇਰੇ ਬਾਰੇ ਜਾਣ ਕੇ ਮੈਨੂੰ ਬਹੁਤ ਤਕਲੀਫ਼ ਹੋਈ। ਮੈਨੂੰ ਤੇਰੇ ਨਾਲ ਦਿਲੀ ਹਮਦਰਦੀ ਐ।”

“ਤੇਰੀ ਮਿਹਰਬਾਨੀ ਤੂੰ ਮੈਨੂੰ ਮਿਲਣ ਆਈ ਐਂ। ਮੇਰਾ ਕੋਈ ਵੀ ਨੀ ਦੁਨੀਆਂ ’ਚ। ਨਾਂ ਕੋਈ ਦੋਸਤ ਨਾ ਪਰਿਵਾਰ। ਦੇਖ ਮੈਂ ਕੱਲਮ-ਕੱਲੀ ਆਂ ਦੁਨੀਆਂ ’ਚ।” ਐਂਜਲਾ ਦੀਆਂ ਅੱਖਾਂ ਭਰ ਆਈਆਂ।

"ਤੂੰ ਮੈਨੂੰ ਆਪਣੀ ਦੋਸਤ ਸਮਝ। ਮੈਂ ਦੱਸ ਤੇਰੇ ਲਈ ਕੀ ਕਰ ਸਕਦੀ ਆਂ ?"

ਐਂਜਲਾ ਕੁਝ ਦੇਰ ਸੋਚਦੀ ਰਹੀ। ਲਿਜ਼ੀ ਉਹਦੀ ਵਕੀਲ ਸੀ। ਉਸ ਦੀ ਵਡਿੱਤਣ ਸੀ, ਉਹ ਉਹਨੂੰ ਮਿਲਣ ਆਈ ਸੀ। ਉਹ ਦੋਸਤ ਕਹਿ ਰਹੀ ਸੀ ਪਰ ਦੋਸਤੀ ਵੀ ਤਾਂ ਬਰਾਬਰ ਦੇ ਲੋਕਾਂ ਨਾਲ ਹੁੰਦੀ ਐ। ਐਂਜਲਾ ਭਲਾ ਉਸ ਤੋਂ ਕੀ ਉਮੀਦ ਰੱਖ ਸਕਦੀ ਸੀ ?

"ਲਿਜ਼ੀ ਤੇਰੀ ਮਿਹਰਬਾਨੀ, ਤੂੰ ਆਈ ਐਂ। ਮੈਨੂੰ ਕਿਸੇ ਚੀਜ਼ ਦੀ ਲੋੜ ਨੀ। ਮੈਨੂੰ ਪਤਾ ਨਹੀਂ ਲਗਦਾ ਮੈਂ ਤੇਰਾ ਕਿਵੇਂ ਧੰਨਵਾਦ ਕਰਾਂ ?" ਐਂਜਲਾ ਦੇ ਬੋਲਾਂ ਵਿਚ ਥਰਥਰਾਹਟ ਸੀ।

"ਧੰਨਵਾਦ ਕਿਸ ਗੱਲਦਾ। ਮੈਂ ਤੇਰੇ ਲਈ ਕੁਝ ਕੀਤਾ ਈ ਨੀ ਅਜੇ।"

"ਐਨੇ ਵੱਡੇ ਸੰਸਾਰ ਵਿਚ ਮੈਂ ਬਿਨਾਂ ਕਿਸੇ ਰਿਸ਼ਤੇ ਤੋਂ ਜੀ ਰਹੀ ਆਂ। ਤੂੰ ਦੋਸਤ ਕਹਿ ਕੇ ਰਿਸ਼ਤਾ ਤਾਂ ਜੋੜਿਆ ਐ ਨਾ। ਇਸ ਤੋਂ ਵੱਡਾ ਅਹਿਸਾਨ ਮੇਰੇ 'ਤੇ ਹੋਰ ਕੀ ਹੋ ਸਕਦਾ ?"

"ਐਂਜਲਾ, ਅਸਲ 'ਚ ਮੈਂ ਤੇਰੇ ਨਾਲ ਗੱਲ ਕਰਨੀ ਸੀ। ਕਿਉਂ ਨੀ ਤੂੰ ਆਵਦੇ ਅਸਲੀ ਮਾਂ-ਬਾਪ ਜਾਂ ਹੋਰ ਕਿਸੇ ਰਿਸ਼ਤੇਦਾਰ ਨੂੰ ਲੱਭਣ ਦਾ ਯਤਨ ਕਰਦੀ ?" ਲਿਜ਼ੀ ਨੇ ਮਨ ਦੀ ਗੱਲ ਕਹਿ ਦਿੱਤੀ।

ਸੁਣ ਕੇ ਇਕ ਵਾਰ ਤਾਂ ਐਂਜਲਾ ਚੁੱਪ ਉਸ ਵੱਲ ਵੇਖਦੀ ਰਹੀ। ਉਸ ਨੂੰ ਕੋਈ ਜਵਾਬ ਨਾ ਅਹੁੜਿਆ।

"ਪਰ ਮੈਂ ਉਹਨਾਂ ਨੂੰ ਲੱਭਾਂ ਕਿਵੇਂ ? ਕਿਸੇ ਬਾਰੇ ਕੁਝ ਪਤਾ ਨੀ। ਮੈਨੂੰ ਤਾਂ ਉਹਨਾਂ ਦੇ ਨਾਂ ਦਾ ਵੀ ਨੀ ਪਤਾ।"

"ਠੀਕ ਐ ਵੇਖਦੇ ਆਂ।" ਕਹਿ ਕੇ ਲਿਜ਼ੀ ਨੇ ਘੜੀ ਵੇਖੀ। ਮੁਲਾਕਾਤ ਦਾ ਸਮਾਂ ਵੀ ਤਕਰੀਬਨ ਖਤਮ ਹੋ ਗਿਆ ਸੀ। ਉਹ ਉੱਠੀ ਤੇ ਜੱਫੀ ਪਾ ਕੇ ਉਸ ਤੋਂ ਵਿਛੜ ਗਈ।

———

ਕੋਰਟ ਵਿਚ ਫਿਰ ਉਹੋ ਸੀਨ ਦੁਹਰਾਇਆ ਜਾ ਰਿਹਾ ਸੀ। ਵਿਜ਼ਟਰ ਗੈਲਰੀ ਵਿਚ ਵੀ ਲੋਕ ਬੈਠੇ ਸਨ। ਇਸ ਵਾਰ ਲਿਜ਼ੀ ਪੂਰੇ ਵਿਸ਼ਵਾਸ਼ ਨਾਲ ਐਂਜਲਾ ਨਾਲ ਗੱਲ ਕਰ ਰਹੀ ਸੀ। ਉਸ ਦੇ ਮਨ ਵਿਚ ਵਿਚਾਰ ਸੀ ਕਿ ਉਹ ਐਂਡੀ ਖਿਲਾਫ ਕੇਸ ਨਹੀਂ ਲੜ ਰਹੀ ਸੀ ਸਗੋਂ ਇਕ ਸਿਸਟਮ ਖਿਲਾਫ ਲੜ ਰਹੀ ਸੀ ਤੇ ਉਸ ਲਈ ਬਹੁਤ ਸਬਰ ਦੀ ਲੋੜ ਸੀ।

ਕੇਸ ਸ਼ੁਰੂ ਹੋਇਆ ਤਾਂ ਇਸ ਵਾਰ ਐਂਡੀ 'ਤੇ ਸਵਾਲਾਂ ਦੀ ਝੜੀ ਲੱਗ ਗਈ ਸੀ। ਉਸ ਦੇ ਕੰਮ-ਧੰਦੇ ਦੀਆਂ ਪਰਤਾਂ ਖੁੱਲ੍ਹ ਰਹੀਆਂ ਸਨ, ਐਂਡੀ ਦਾ ਵਕੀਲ ਛਟਪਟਾ ਰਿਹਾ ਸੀ। ਐਂਜਲਾ ਦੀ ਲਿਖੀ ਚਿੱਠੀ ਨੂੰ ਪੜ੍ਹ ਕੇ ਜਿਊਰੀ ਨੂੰ ਸੁਣਾਇਆ ਗਿਆ ਸੀ ਤਾਂ ਔਰਤਾਂ ਦੀਆਂ ਅੱਖਾਂ ਤਰਹੋ ਗਈਆਂ ਸਨ।

"ਮੈਂ ਪੁੱਛਣਾ ਚਾਹੁੰਦੀ ਹਾਂ ਸਾਡੇ ਸਿਸਟਮ ਵਿਚ ਕਿੱਥੇ ਨੁਕਸ ਹੈ ਜੋ ਇਸ ਸਿਸਟਮ ਵਿਚ ਐਂਡੀ ਪੈਦਾ ਹੋ ਗਿਆ ਤੇ ਉਸੇ ਸਿਸਟਮ ਨੇ ਬੇਗੁਨਾਹ ਐਂਜਲਾ ਦੀ ਰੂਹ ਨੂੰ ਲੀਰੋ-ਲੀਰ ਕਰ ਸੁੱਟਿਆ। ਆਖਰ ਐਂਜਲਾ ਦੇ ਮਾਪਿਆਂ ਦੀ ਕਿਹੜੀ ਮਜਬੂਰੀ ਸੀ ? ਜਿਸ ਨੂੰ ਸਿਸਟਮ ਨੇ ਅਣ-ਦੇਖੀ ਕੀਤਾ ਤੇ ਉਹਨਾਂ ਨੂੰ ਆਪਣੀ ਬੱਚੀ ਨੂੰ ਹਸਪਤਾਲ ਦੀਆਂ ਬਰੂਹਾਂ 'ਤੇ ਗੱਤੇ ਦੇ ਡੱਬੇ ਵਿਚ ਪਾ ਕੇ ਛੱਡਣਾ ਪਿਆ—।"

ਲਿਜ਼ੀ ਬੋਲ ਰਹੀ ਸੀ ਤੇ ਜਿਊਰੀ ਦੇ ਮੈਂਬਰ ਮੰਤਰ-ਮੁਗਧ ਸੁਣ ਰਹੇ ਸਨ। ਵਿਜ਼ਟਰ

ਗੈਲਰੀ ਵਿਚੋਂ ਵੀ ਕੋਈ ਆਵਾਜ਼ ਨਹੀਂ ਸੀ ਆ ਰਹੀ। ਏਨੀ ਚੁੱਪ ਕੋਰਟ ਵਿਚ ਕਦੇ ਹੀ ਵਰਤਦੀ ਹੈ।

ਆਖ਼ਰ ਜਿਊਰੀ ਦੇ ਮੈਂਬਰ ਫੈਸਲਾ ਕਰਨ ਲਈ ਚਲੇ ਗਏ। ਘੰਟੇ ਬਾਅਦ ਹੀ ਸਾਰਿਆਂ ਨੇ ਸਰਬਸੰਮਤੀ ਨਾਲ ਫੈਸਲਾ ਐਂਜਲਾ ਦੇ ਹੱਕ ਵਿਚ ਸੁਣਾ ਦਿੱਤਾ। ਐਂਜਲਾ ਹੁਣ ਆਜ਼ਾਦ ਸੀ। ਲਿਜ਼ੀ ਨੂੰ ਐਂਡੀ ਦੇ ਵਕੀਲ ਨੇ ਰਸਮੀ ਵਧਾਈ ਦਿੱਤੀ ਤੇ ਉਹ ਕੋਰਟ ਵਿਚੋਂ ਬਾਹਰ ਆ ਗਈਆਂ।

ਪਰ ਅਜੇ ਲੜਾਈ ਖਤਮ ਨਹੀਂ ਸੀ ਹੋਈ।

———

"ਐਂਜਲਾ ਤੂੰ ਆਪਣੇ ਮਾਪਿਆਂ ਨੂੰ ਤੇ ਬਾਕੀ ਪਰਿਵਾਰ ਨੂੰ ਲੱਭਣ ਦੀ ਕੋਸ਼ਿਸ਼ ਕਰ।" ਲਿਜ਼ੀ ਨੇ ਐਂਜਲਾ ਨੂੰ ਉਕਸਾਇਆ।

"ਤੂੰ ਤਾਂ ਮੈਨੂੰ ਸਮੁੰਦਰ 'ਚੋਂ ਸੂਈ ਲੱਭਣ ਨੂੰ ਕਹਿ ਰਹੀ ਐਂ।"

"ਮੈਂ ਤੈਨੂੰ ਕਹਿ ਰਹੀ ਐਂ ਤੂੰ ਕੋਸ਼ਿਸ਼ ਕਰ। ਪਹਿਲਾਂ ਤੂੰ ਆਪਣੇ ਪਾਲਕ ਮਾਪਿਆਂ ਨਾਲ ਗੱਲ ਕਰ। ਉਹਨਾਂ ਨੂੰ ਪੁੱਛ ਉਹ ਤੇਰੇ ਬਾਰੇ ਜਾਂ ਤੇਰੇ ਮਾਪਿਆਂ ਬਾਰੇ ਕੀ ਕੁਝ ਜਾਣਦੇ ਐ ? ਉਸ ਤੋਂ ਅੱਗੇ ਸੋਚਾਂਗੇ।"

ਲਿਜ਼ੀ ਦੇ ਮਨ ਵਿਚ ਜਿਵੇਂ ਕਿਸੇ ਸਕੀਮ ਦਾ ਖਾਕਾ ਤਿਆਰ ਹੀ ਹੋਵੇ। ਐਂਜਲਾ ਨੇ ਅਗਲੇ ਦਿਨਾਂ ਵਿਚ ਆਪਣੇ ਮਾਪਿਆਂ ਨੂੰ ਮਿਲਣ ਦਾ ਵਾਇਦਾ ਕੀਤਾ ਤੇ ਸੋਚਣ ਲੱਗੀ।

ਹੁਣ ਉਸ ਦੀ ਮਾਂ ਉਸ ਘਰ ਵਿਚ ਨਹੀਂ ਸੀ ਤੇ ਕਿਸੇ ਗੁਆਂਢੀ ਨੂੰ ਉਸ ਬਾਰੇ ਕੋਈ ਜਾਣਕਾਰੀ ਨਹੀਂ ਸੀ। ਐਂਜੀ ਨੇ ਆਪਣਾ ਰੁਖ ਪਿਉ ਵੱਲ ਕੀਤਾ। ਐਤਵਾਰ ਦੀ ਸਵੇਰ ਨੂੰ ਉਹ ਉਹਨਾਂ ਦੇ ਘਰ ਅੱਗੇ ਖੜ੍ਹੀ ਸੀ। ਦਰਵਾਜ਼ਾ ਉਸ ਦੇ ਪਿਉ ਨੇ ਹੀ ਖੋਲ੍ਹਿਆ ਸੀ। ਪਹਿਲਾਂ ਤਾਂ ਉਹ ਐਂਜੀ ਨੂੰ ਪਛਾਣ ਹੀ ਨਾ ਸਕਿਆ। ਜਦ ਐਂਜੀ ਨੂੰ ਪਛਾਣਿਆ ਤਾਂ ਉਹ ਉਸ ਨੂੰ ਜੱਫੀ ਪਾ ਕੇ ਮਿਲਿਆ। ਦੋਵਾਂ ਦੀਆਂ ਅੱਖਾਂ ਨਮ ਹੋ ਗਈਆਂ ਸਨ।

"ਡੈਡ ਮੈਨੂੰ ਕੁਝ ਮਦਦ ਦੀ ਲੋੜ ਐ।" ਐਂਜੀ ਨੇ ਗੱਲ ਤੋਰੀ। ਉਸ ਦੇ ਪਿਉ ਦੀ ਘਰ ਵਾਲੀ ਵੀ ਉਹਨਾਂ ਕੋਲ ਹੀ ਬੈਠੀ ਸੀ।

"ਦੱਸ ਐਂਜੀ ਜੇ ਸੰਭਵ ਹੋਇਆ ਤਾਂ ਜ਼ਰੂਰ ਕਰਾਂਗਾ।"

"ਮੈਨੂੰ ਮੇਰੇ ਜਨਮ ਦੇਣ ਵਾਲੇ ਮਾਪਿਆਂ ਬਾਰੇ ਜਾਣਕਾਰੀ ਚਾਹੀਦੀ ਐ।"

ਉਸ ਦੇ ਪਿਉ ਨੇ ਐਨਕਾਂ ਲਾਹ ਕੇ ਮੇਜ਼ 'ਤੇ ਰੱਖ ਦਿੱਤੀਆਂ ਤੇ ਅੱਖਾਂ ਮਲਣ ਲੱਗਾ। ਐਂਜੀ ਉਸ ਵੱਲ ਬੇਸਬਰੀ ਨਾਲ ਵੇਖ ਰਹੀ ਸੀ। ਫਿਰ ਉਹ ਉੱਠ ਕੇ ਚਲਾ ਗਿਆ ਤੇ ਕੁਝ ਮਿੰਟਾਂ ਬਾਅਦ ਇਕ ਫਾਈਲ ਹੱਥ ਵਿਚ ਫੜੀ ਆ ਗਿਆ।

"ਐਂਜੀ ਆਹ ਫਾਈਲ ਵਿਚ ਜਿੰਨੀ ਕੁ ਜਾਣਕਾਰੀ ਹੈ, ਇਹ ਜਦੋਂ ਅਸੀਂ ਤੈਨੂੰ ਪਾਲਣ ਲਈ ਲੈ ਕੇ ਆਏ ਸੀ ਉਦੋਂ ਦੀ ਐ। ਤੈਨੂੰ ਅਸੀਂ ਬਾਅਦ ਵਿਚ ਗੋਦ ਲੈ ਲਿਆ ਸੀ। ਇਸ ਤੋਂ ਵੱਧ ਮੈਨੂੰ ਵੀ ਕੁਝ ਪਤਾ ਨਹੀਂ।"

ਐਂਜੀ ਨੇ ਫਾਈਲ ਨੂੰ ਇੰਝ ਛਾਤੀ ਨਾਲ ਘੁੱਟ ਲਿਆ, ਜਿਵੇਂ ਆਪਣੀ ਮਾਂ ਨੂੰ ਘੁੱਟ ਰਹੀ ਹੋਵੇ ਤੇ ਜਾਣ ਲਈ ਉੱਠੀ।

"ਐਂਜੀ ਮੈਂ ਉਮੀਦ ਕਰਦਾਂ ਤੇਰੀ ਇੱਛਾ ਪੂਰੀ ਹੋਵੇਗੀ। ਪਰ ਕਦੇ-ਕਦਾਈਂ ਮਿਲਦੀ ਰਿਹਾ ਕਰ। ਮੈਂ ਤੈਨੂੰ ਯਾਦ ਕਰਦਾ ਰਹਿਨਾ।"

ਐਂਜੀ ਲਿਜ਼ੀ ਦੇ ਫਲੈਟ ਵਿਚ ਪਹੁੰਚੀ ਤੇ ਫਾਈਲ ਪੜ੍ਹਨ ਲੱਗੀ। ਜਨਮ ਤਾਰੀਕ, ਪਿਉ ਦਾ ਨਾਂ, ਮਾਂ ਦਾ ਨਾਂ, ਘਰ ਦਾ ਪਤਾ,ਸਭ ਕੁਝ ਅੱਗੇ 'ਪਤਾ ਨਹੀਂ ਲਿਖਿਆ ਹੋਇਆ ਸੀ। ਐਂਜੀ ਸਿਰ ਫੜ ਕੇ ਬੈਠ ਗਈ। ਅੱਗੇ ਤੁਰਨ ਲਈ ਕੋਈ ਇਸ਼ਾਰਾ ਮਾਤਰ ਵੀ ਨਹੀਂ ਸੀ। ਉਸ ਦੀ ਭਾਲ ਸ਼ੁਰੂ ਹੋਣ ਤੋਂ ਪਹਿਲਾਂ ਹੀ ਖਤਮ ਹੋ ਗਈ ਸੀ ਉਹ ਲਿਜ਼ੀ ਦੀ ਉਡੀਕ ਕਰਨ ਲੱਗੀ।

"ਕਿਵੇਂ ਕੋਈ ਮਿਹਨਤ ਪੱਲੇ ਪਈ ?" ਲਿਜ਼ੀ ਨੇ ਆਉਂਦਿਆਂ ਹੀ ਸਵਾਲ ਕੀਤਾ।

"ਮੇਰੀ ਭਾਲ ਤਾਂ ਸ਼ੁਰੂ ਹੋ ਕੇ ਖਤਮ ਵੀ ਹੋ ਗਈ।" ਉਸ ਨੇ ਫਾਈਲ ਨੂੰ ਲਿਜ਼ੀ ਵੱਲ ਖਿਸਕਾਉਂਦਿਆਂ ਕਿਹਾ।

ਲਿਜ਼ੀ ਨੇ ਫਾਈਲ ਚੁੱਕੀ ਤੇ ਵੇਖਣ ਲੱਗੀ। ਇਕ ਪੇਪਰ ਉਸ ਨੇ ਫਾਈਲ ਵਿਚੋਂ ਕੱਢ ਕੇ ਫਾਈਲ ਨੂੰ ਮੇਜ਼ 'ਤੇ ਰੱਖ ਦਿੱਤਾ।

"ਭਾਲ ਤਾਂ ਸ਼ੁਰੂ ਹੋ ਗਈ ਐ ਤੇ ਤੂੰ ਕਹਿਨੀ ਐਂ ਖ਼ਤਮ ਹੋ ਗਈ।"

"ਕੀ ਮਤਲਬ!" ਐਂਜੀ ਹੈਰਾਨੀ ਨਾਲ ਬੋਲੀ।

"ਜਿਸ ਕੁੜੀ ਨੂੰ ਤੂੰ ਲੱਭੀ ਸੀ ਉਹਦਾ ਨਾਂ ਤੇ ਪਤਾ ਰੀਕਾਰਡ ਕੀਤਾ ਹੋਇਆ। ਕੁੜੀ ਸੋਫੀ ਅਨਵਿੰਨ ਐ ਤੇ ਆਹ ਉਹਦਾ ਪਤਾ ਏ। ਜੇ ਉਹ ਜਾਂ ਉਹਦਾ ਕੋਈ ਰਿਸ਼ਤੇਦਾਰ ਜਾਂ ਜਾਣ-ਪਛਾਣ ਵਾਲਾ ਉਥੇ ਜਾਂ ਉਸ ਦੇ ਗੁਆਂਢ ਰਹਿੰਦਾ ਹੋਇਆ ਤਾਂ ਉਸ ਤੋਂ ਕੋਈ ਮਹੱਤਵ ਪੂਰਨ ਜਾਣਕਾਰੀ ਮਿਲ ਸਕਦੀ ਐ।"

"ਵਕੀਲ ਹੋਣ ਦਾ ਤੇ ਸਧਾਰਨ ਵਿਅੱਕਤੀ ਹੋਣ ਦਾ ਫਰਕ ਤਾਂ ਪੈਂਦਾ ਈ ਆ।" ਐਂਜੀ ਛਾਲ ਮਾਰ ਕੇ ਉੱਠੀ ਤੇ ਪਤਾ ਨੋਟ ਕਰਨ ਲਈ ਪੈਨ ਪੇਪਰ ਲੈ ਆਈ।

ਇਹ ਪਤਾ ਉਸ ਦੇ ਘਰ ਤੋਂ ਛੇ ਸੱਤ ਮੀਲ ਦੂਰ ਸੀ। ਅਗਲੇ ਦਿਨ ਐਤਵਾਰ ਸੀ ਤੇ ਸਵੇਰੇ ਉਹਨਾਂ ਦੇ ਘਰ ਮਿਲ ਸਕਣ ਦੀ ਉਮੀਦ ਵੀ ਸੀ। ਐਂਜੀ ਨੇ ਦਸ ਕੁ ਵਜੇ ਉਸ ਘਰ ਦੀ ਡੋਰ ਬੈਲ ਕੀਤੀ। ਕਾਫੀ ਦੇਰ ਕੋਈ ਜਵਾਬ ਨਾ ਮਿਲਿਆ। ਉਸ ਨੇ ਫਿਰ ਡੋਰ ਬੈਲ ਕੀਤੀ ਪਰ ਸ਼ਾਇਦ ਕੋਈ ਘਰ ਨਹੀਂ ਸੀ। ਉਸ ਨੇ ਆਪਣਾ ਟੈਲੀਫੋਨ ਨੰਬਰ ਤੇ ਈਮੇਲ ਐਡਰੈਸ ਲਿਖ ਕੇ ਰਾਬਤਾ ਕਾਇਮ ਕਰਨ ਦੀ ਬੇਨਤੀ ਲਿਖ ਕੇ ਨੋਟ ਅੰਦਰ ਸੁੱਟ ਦਿੱਤਾ। ਉਹ ਵਾਪਿਸ ਆ ਰਹੀ ਸੀ ਤਾਂ ਹਸਪਤਾਲ ਕੋਲ ਰੁਕ ਗਈ। 'ਇਥੋਂ ਮੇਰੀ ਜ਼ਿੰਦਗੀ ਸ਼ੁਰੂ ਹੋਈ ਸੀ। ਐਂਜੀ ਨੇ ਹਾਉਕਾ ਲਿਆ।

ਸਾਰਾ ਹਫ਼ਤਾ ਉਹ ਦੋ ਤਿੰਨ ਵਾਰ ਦਿਨ ਵਿਚ ਈ-ਮੇਲ ਚੈਕ ਕਰਦੀ। ਵਾਰ ਵਾਰ ਫ਼ੋਨ ਵੱਲ ਵੇਖਦੀ ਪਰ ਉਦਾਸ ਹੋ ਜਾਂਦੀ। 'ਭਲਾ ਕਿਸੇ ਨੂੰ ਕੀ ਪਿਆ ਐਂਵੇਂ ਫ਼ੋਨ ਕਰਦਾ ਫਿਰੇ। ਉਸ ਨੇ ਲਿਜ਼ੀ ਨਾਲ ਆਪਣਾ ਸੰਸਾਂਝਾ ਕੀਤਾ।

"ਆਪਾਂ ਐਤਵਾਰ ਨੂੰ ਫਿਰ ਚੱਲ ਆਵਾਂਗੀਆਂ। ਹੋਰ ਨੀ ਤਾਂ ਘੁੰਮ ਹੀ ਆਵਾਂਗੀਆਂ।" ਲਿਜੀ ਨੇ ਹੱਸਦਿਆਂ ਕਿਹਾ।

ਰਾਤ ਦੇ ਨੌਂ ਵੱਜੇ ਸਨ ਤੇ ਸਨਿਚਰਵਾਰ ਦਾ ਦਿਨ ਸੀ। ਫ਼ੋਨ ਦੀ ਘੰਟੀ ਵੱਜੀ।ਲਿਜ਼ੀ ਦਾ ਦਿਲ ਧੜਕਿਆ ਤੇ ਉਸ ਨੇ ਕਾਹਲੀ ਨਾਲ 'ਹੈਲੋ' ਕਿਹਾ।

“ਮੈਡਮ ਆਹ ਕਿਸੇ ਐਂਜਲਾ ਨੇ ਮੇਰੇ ਘਰ ਨੰਬਰ ਛੱਡਿਆ ਸੀ ਤੇ ਫ਼ੋਨ ਕਰਨ ਲਈ ਕਿਹਾ ਸੀ।ਅਸੀਂ ਅੱਜ ਹੀ ਛੁੱਟੀਆਂ ਤੋਂ ਵਾਪਿਸ ਆਏ ਹਾਂ। ” ਕੋਈ ਮਰਦਾਵੀਂ ਆਵਾਜ਼ ਸੀ।

“ਮੈਂ ਅਸਲ ’ਚ ਸੋਫ਼ੀ ਅਨਵਿੰਨ ਨਾਲ ਗੱਲ ਕਰਨਾ ਚਾਹੁੰਦੀ ਸੀ। ਮੁਆਫੀ ਚਾਹੁੰਨੀ ਐਂ ਤੁਹਾਨੂੰ ਤਕਲੀਫ਼ ਦਿੱਤੀ।”

“ਸੋਫ਼ੀ ਮੇਰੀ ਭੈਣ ਐ ਤੇ ਉਹ ਹੁਣ ਕੈਨੇਡਾ ਰਹਿੰਦੀ ਐ। ਜਿਥੋਂ ਤੱਕ ਮੇਰਾ ਖਿਆਲ ਐ ਇਹ ਨਾਂ ਮੈਂ ਕਦੇ ਉਹਦੇ ਮੂੰਹੋਂ ਤਾਂ ਨੀ ਸੁਣਿਆ।”

“ਤੁਸੀਂ ਠੀਕ ਕਹਿੰਦੇ ਓ। ਦਰਅਸਲ ਉਸ ਨੂੰ ਮੈਂ ਹਸਪਤਾਲ ਦੇ ਗੇਟ ਕੋਲੋਂ ਇਕ ਗੱਤੇ ਦੇ ਬਕਸੇ ਵਿਚ ਲੱਭੀ ਸੀ ਤੇ ਇਸ ਸਬੰਧ ਵਿਚ ਹੀ ਮਿਲਣਾ ਚਾਹੁੰਦੀ ਸੀ।”

“ਓਹ ਮੇਰਿਆ ਰੱਬਾ!ਤੂੰ ਉਹ ਕੁੜੀ ਐਂ। ਸੋਫ਼ੀ ਤੈਨੂੰ ਘਰ ਲੈ ਆਈ ਸੀ।ਅਸੀ ਤੇਰਾ ਨਾਂ ਏਂਜਲ ਰੱਖਿਆ ਸੀ। ਮੇਰੀ ਮਾਂ ਨੂੰ ਪਤਾ ਨਾ ਲੱਗੇ ਕੀ ਕਰੇ! ਫੇਰ ਉਹਨੇ ਪੁਲੀਸ ਨੂੰ ਫ਼ੋਨ ਕੀਤਾ ਤੇ ਸੋਸ਼ਲ ਸਕਿਉਰਿਟੀ ਵਾਲੇ ਤੈਨੂੰ ਲੈ ਗਏ। ਅਸੀਂ ਤੇਰੇ ਬਾਰੇ ਬਹੁਤ ਵਾਰ ਗੱਲਾਂ ਕੀਤੀਆਂ ਤੇ ਸੋਚਦੇ ਤੂੰ ਅੱਜ ਕੱਲ੍ਹ ਕਿਥੇ ਤੇ ਕਿਵੇਂ ਹੋਵੇਂਗੀ?”

ਐਂਜੀ ਰੋਣ ਲੱਗੀ।

“ਐਂਜਲਾ ਮੇਰਾ ਨਾ ਜੌਹਨ ਅਨਵਿੰਨ ਐ ਤੇ ਮੈਂ ਸੋਫ਼ੀ ਤੋਂ ਚਾਰ ਸਾਲ ਛੋਟਾ ਆਂ। ਮੈਂ ਤੈਨੂੰ ਮਿਲਣਾ ਚਾਹਾਂਗਾ। ਫਿਲਹਾਲ ਮੈਂ ਸੋਫ਼ੀ ਦਾ ਨੰਬਰ ਤੈਨੂੰ ਟੈਕਸਟ ਕਰ ਰਿਹਾਂ।”

ਅਜੇ ਉਹ ਸੋਫ਼ੀ ਨੂੰ ਫ਼ੋਨ ਕਰਨ ਬਾਰੇ ਸੋਚ ਰਹੀ ਸੀ ਤੇ ਕੈਨੇਡਾ ਦੇ ਸਮੇਂ ਦਾ ਅੰਦਾਜ਼ਾ ਲਗਾ ਰਹੀ ਸੀ। ਮਨੋ ਮਨ ਤਿਆਰ ਵੀ ਹੋ ਰਹੀ ਸੀ ਭਲਾ ਸੋਫ਼ੀ ਕੀ ਕਹੇਗੀ ਤੇ ਕਿਹੋ ਜਿਹਾ ਪ੍ਰਤੀਕ੍ਰਮ ਹੋਵੇਗਾ।ਉਸ ਦੇ ਫ਼ੋਨ ਦੀ ਘੰਟੀ ਵੱਜੀ।ਫ਼ੋਨ ’ਤੇ ਨੰਬਰ ਵੇਖਿਆ ਤਾਂ ਇਹ ਬਾਹਰਲੇ ਦੇਸ਼ ਤੋਂ ਫ਼ੋਨ ਕਾਲ ਸੀ। ਉਸ ਨੇ ਹੈਲੋ ਕਿਹਾ।

“ਓਹ ਐਂਜਲਾ ਮੈਨੂੰ ਹੁਣੇ ਜੌਹਨ ਨੇ ਫ਼ੋਨ ਕੀਤਾ ਸੀ। ਕਿੰਨੀ ਹੈਰਾਨੀ ਦੀ ਗੱਲ ਐ ਆਪਾਂ ਗੱਲਾਂ ਕਰ ਰਹੀਆਂ। ਮੈਨੂੰ ਲਗਦਾ ਸੀ ਮੈਂ ਤੈਨੂੰ ਕਦੇ ਮਿਲ ਨਹੀਂ ਸਕਾਂਗੀ। ਮੈਂ ਬਹੁਤ ਖੁਸ਼ ਆਂ——।” ਐਂਜਲਾ ਦੇ ਕੁਝ ਵੀ ਬੋਲਣ ਤੋਂ ਪਹਿਲਾਂ ਹੀ ਸੋਫ਼ੀ ਨੇ ਭਾਵੁਕਤਾ ਨਾਲ ਕਾਫੀ ਕੁਝ ਕਹਿ ਦਿੱਤਾ ਸੀ।

“ਮੈਂ ਤੇਰੀ ਦੇਣਦਾਰ ਆਂ ਸੋਫ਼ੀ। ਤੂੰ ਹੀ ਮੈਨੂੰ ਜ਼ਿੰਦਗੀ ਦਿੱਤੀ ਐ। ਨਹੀਂ ਤਾਂ ਪਤਾ ਨੀ ਉਸ ਗੱਤੇ ਦੇ ਬਕਸੇ ਨੇ ਹੀ ਮੇਰਾ ਤਬੂਤ ਬਣ ਜਾਣਾ ਸੀ।”

“ਮੂਰਖ ਨਾ ਬਣ ਏਂਜਲ। ਅਸੀਂ ਤਾਂ ਤੈਨੂੰ ਆਪਣੇ ਘਰ ਹੀ ਰੱਖਣਾ ਚਾਹੁੰਦੇ ਸੀ ਪਰ ਮੇਰੀ ਮਾਂ ਕੋਲ ਦੇਖ-ਭਾਲ ਲਈ ਸਮਾਂ ਨਹੀਂ ਸੀ। ਮੇਰਾ ਪਿਉ ਹੈ ਨਹੀਂ ਸੀ ਤੇ ਉਸ ਨੇ ਸਾਡਾ ਵੀ ਢਿੱਡ ਭਰਨਾ ਸੀ।”

ਉਹ ਕੁਝ ਦੇਰ ਉਸ ਸਮੇਂ ਬਾਰੇ ਗੱਲਾਂ ਕਰਦੀਆਂ ਰਹੀਆਂ।ਜਦ ਮੁਢਲੀਆਂ ਗੱਲਾਂ ਨਾਲ ਉਹਨਾਂ ਦੇ ਮਨ ਹਲਕੇ ਹੋ ਗਏ ਤਾਂ ਐਂਜਲਾ ਆਪਣੇ ਸਵਾਲ ਵੱਲ ਆਈ।

“ਸੋਫ਼ੀ ਭਲਾ ਤੂੰ ਕਿਸੇ ਨੂੰ ਮੇਰੇ ਨੇੜੇ-ਤੇੜੇ ਵੇਖਿਆ ਹੋਵੇ ਜਾਂ ਬਾਅਦ ਵਿਚ ਵੀ ਤੈਨੂੰ ਕਿਸੇ ’ਤੇ ਮੇਰੀ ਮਾਂ ਹੋਣ ਦਾ ਸ਼ੱਕ ਹੀ ਹੋਇਆ ਹੋਵੇ?”

“ਨਹੀਂ। ਉਸ ਵੇਲੇ ਉਥੇ ਕੋਈ ਨਹੀਂ ਸੀ। ਪਰ ਮੈਂ ਸੋਚਦੀ ਆਂ ਜ਼ਰੂਰ ਤੇਰੀ ਮਾਂ ਲੁਕ ਕੇ

ਵੇਖ ਰਹੀ ਹੋਵੇਗੀ। ਉਹ ਤੈਨੂੰ ਜਿਉਂਦਾ ਵੇਖਣਾ ਚਾਹੁੰਦੀ ਸੀ। ਉਸ ਨੇ ਤੈਨੂੰ ਚੰਗੀ ਤਰ੍ਹਾਂ ਲਪੇਟ ਕੇ ਬੌਕਸ ਵਿਚ ਪਾਇਆ ਹੋਇਆ ਸੀ ਤਾਂ ਕਿ ਤੈਨੂੰ ਕੋਈ ਨੁਕਸਾਨ ਨਾ ਹੋਵੇ।"

"ਮੈਨੂੰ ਸਮਝ ਨੀ ਆਉਂਦੀ ਮੈਂ ਕਿਵੇਂ ਆਪਣੇ ਮਾਪਿਆਂ ਜਾਂ ਪਰਿਵਾਰ ਨੂੰ ਲੱਭਾਂ ?"

"ਇਕ ਗੱਲ ਤਾਂ ਪੱਕੀ ਐ ਉਹ ਉਸ ਵੇਲੇ ਹਸਪਤਾਲ ਦੇ ਨੇੜੇ-ਤੇੜੇ ਰਹਿੰਦੇ ਹੋਣਗੇ। ਤੂੰ ਲੋਕਲ ਅਖ਼ਬਾਰ ਵਿਚ ਆਪਣੀ ਜਾਣਕਾਰੀ ਦੇ ਕੇ ਇਸ਼ਤਿਹਾਰ ਪਾ ਦੇਵੇਂ ਤਾਂ ਸ਼ਾਇਦ ਕੋਈ ਤੈਨੂੰ ਲਭ ਪਵੇ। ਹਾਂ ਮੇਰੇ ਕੋਲ ਤੇਰੀ ਉਸ ਗੱਤੇ ਦੇ ਡੱਬੇ ਵਾਲੀ ਤਸਵੀਰ ਹੈਗੀ ਤੇ ਮੈਂ ਤੈਨੂੰ ਭੇਜ ਦਿੰਨੀ ਆ। ਜੇ ਤੂੰ ਉਹ ਤਸਵੀਰ ਪਾ ਦੇਵੇਂ ਤਾਂ ਤੇਰੀ ਮਾਂ ਜ਼ਰੂਰ ਪਛਾਣ ਲਵੇਗੀ। ਤੇ ਤੂੰ ਮੈਨੂੰ ਆਪਣੀਆਂ ਕੁਝ ਤਸਵੀਰਾਂ ਵਟਸ-ਅੱਪ 'ਤੇ ਭੇਜ। ਮੈਂ ਤੈਨੂੰ ਜਲਦੀ ਮਿਲਾਂਗੀ——।"

ਜਦ ਲਿਜ਼ੀ ਆਈ ਤਾਂ ਐਂਜਲਾ ਨੇ ਉਸ ਨੂੰ ਜੱਫ਼ੀ ਪਾ ਲਈ ਤੇ ਸਿਸਕੀਆਂ ਲੈਣ ਲੱਗੀ ਤੇ ਉਸ ਨੂੰ ਸਾਰਾ ਹਾਲ ਬਿਆਨ ਕੀਤਾ। ਅਗਲੇ ਹਫ਼ਤੇ ਉਹਨਾਂ ਨੇ ਲੋਕਲ ਅਖ਼ਬਾਰ ਵਿਚ ਇਸ਼ਤਿਹਾਰ ਦੇ ਦਿੱਤਾ ਤੇ ਸੋਸ਼ਲ ਮੀਡੀਏ ਦੀ ਵੀ ਵਰਤੋਂ ਕੀਤੀ। ਐਂਜਲਾ ਉਡੀਕਣ ਲੱਗੀ। ਸਾਰਾ ਹਫ਼ਤਾ ਲੰਘ ਗਿਆ ਪਰ ਕੋਈ ਫ਼ੋਨ ਨਾ ਆਇਆ।

ਇਕ ਦਿਨ ਜੌਹਨ ਨੇ ਉਸ ਨੂੰ ਖਾਣੇ ਦਾ ਸੱਦਾ ਦਿੱਤਾ ਤੇ ਉਹ ਉਸ ਨਾਲ ਖਾਣੇ 'ਤੇ ਚਲੀ ਗਈ। ਜੌਹਨ ਦੀ ਪਤਨੀ ਵੀ ਨਾਲ ਸੀ। ਉਹ ਸ਼ਾਮ ਉਸ ਨੂੰ ਆਪਣੀਆਂ ਯਾਦਾਂ ਦੀ ਬਹੁਤ ਸੁੰਦਰ ਸ਼ਾਮ ਲਗੀ।ਜੌਹਨ ਨੇ ਉਸ ਨਾਲ ਬਹੁਤ ਪਿਆਰ ਅਤੇ ਹਮਦਰਦੀ ਜ਼ਾਹਰ ਕੀਤੀ। ਐਂਜਲਾ ਨੇ ਆਪਣੀ ਬੀਤੀ ਜ਼ਿੰਦਗੀ ਬਾਰੇ ਵੀ ਉਸ ਨੂੰ ਸਭ ਕੁਝ ਦੱਸ ਦਿੱਤਾ ਸੀ।ਜੌਹਨ ਦੇ ਵਰਤਾਅ ਨੇ ਐਂਜੀ ਨੂੰ ਭਾਵੁਕ ਕਰ ਦਿੱਤਾ। ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ। ਜੌਹਨ ਨੇ ਵੇਖਿਆ ਤੇ ਉੱਠ ਕੇ ਐਂਜੀ ਦੀ ਕੁਰਸੀ ਦੇ ਪਿੱਛੇ ਚਲਾ ਗਿਆ।

"ਐਂਜੀ ਯਕੀਨ ਕਰ ਤੈਨੂੰ ਮਿਲ ਕੇ ਮੈਨੂੰ ਬਹੁਤ ਖੁਸ਼ੀ ਹੋਈ ਐ। ਸੋਫੀ ਨੂੰ ਮੈਂ ਦੱਸਿਆ ਸੀ ਤੇ ਉਹ ਤਾਂ ਸਗੋਂ ਮੇਰੇ ਨਾਲ ਈਰਖਾ ਕਰਦੀ ਸੀ ਕਿ ਮੈਂ ਤੈਨੂੰ ਉਸ ਤੋਂ ਪਹਿਲਾਂ ਮਿਲ ਰਿਹਾਂ। ਤੂੰ ਹੁਣ ਰੋ ਨਾ। ਆਪਣੀ ਖੂਨ ਦੀ ਸਾਂਝ ਨਾ ਵੀ ਸਹੀ ਪਰ ਫਿਰ ਵੀ ਤੂੰ ਸਾਡੇ ਪਰਿਵਾਰ ਦਾ ਅੰਗ ਹੀ ਏਂ।"

ਜੌਹਨ ਦੀ ਪਤਨੀ ਨੇ ਐਂਜਲਾ ਦਾ ਹੱਥ ਘੁੱਟਿਆ।

"ਜੌਹਨ ਹੁਣ ਤੱਕ ਮੈਂ ਸਮਝਦੀ ਸੀ ਮੇਰਾ ਦੁਨੀਆਂ ਵਿਚ ਹੈ ਹੀ ਕੌਣ ? ਜੇ ਮੈਂ ਅੱਜ ਮਰ ਜਾਵਾਂ ਤਾਂ ਕਿਸੇ ਨੂੰ ਭੋਰਾ ਫਰਕ ਨਹੀਂ ਪੈਣ ਲੱਗਾ। ਤੁਹਾਡੇ ਮਿਲਣ ਨਾਲ ਜਿਵੇਂ ਮੈਂ ਵੀ ਦੁਨੀਆਂ ਦੀ ਹਿੱਸੇਦਾਰ ਬਣ ਗਈ ਹੋਵਾਂ।" ਐਂਜਲਾ ਉੱਠੀ ਤੇ ਉਸ ਨੇ ਜੌਹਨ ਨੂੰ ਜੱਫੀ ਪਾ ਲਈ। ਉਸ ਦੇ ਮੱਥੇ ਨੂੰ ਚੁੰਮਿਆ। ਜੌਹਨ ਉਸ ਨੂੰ ਆਪਣਾ ਸਕਾ ਭਰਾ ਹੀ ਲੱਗਿਆ।

ਭਾਵੁਕਤਾ ਦਾ ਹੜ੍ਹ ਰੁਕ ਗਿਆ ਸੀ। ਜੌਹਨ ਐਂਜੀ ਦਾ ਹੱਥ ਫੜ ਕੇ ਕਹਿਣ ਲੱਗਾ-

"ਮੇਰੇ ਖਿਆਲ 'ਚ ਤੈਨੂੰ ਡੀ ਐਨ ਏ ਦਾ ਸਹਾਰਾ ਲੈਣਾ ਚਾਹੀਦਾ। ਕਈ ਏਜੰਸੀਆ ਹਨ ਜਿਹੜੀਆਂ ਤੇਰੇ ਵਰਗੇ ਕੇਸਾਂ ਵਿਚ ਮਦਦ ਕਰ ਸਕਦੀਆਂ। ਉਹ ਤੇਰਾ ਡੀਐਨ ਏ ਹੋਰ ਲੋਕਾਂ ਨਾਲ ਮੇਲ ਕੇ ਤੇਰੇ ਨੇੜੇ ਦੇ ਰਿਸ਼ਤੇਦਾਰਾਂ ਨੂੰ ਲਭ ਸਕਦੇ ਐ।" ਜੌਹਨ ਨੇ ਵਿਸਥਾਰ ਨਾਲ ਉਸ ਨੂੰ ਦੱਸਿਆ।

"ਮਿਹਰਬਾਨੀ ਜੌਹਨ ਤੇਰੇ ਪਿਆਰ ਤੇ ਹਮਦਰਦੀ ਨੇ ਮੈਨੂੰ ਮਹਿਸੂਸ ਕਰਵਾਇਆ ਐ

ਕਿ ਮੈਂ ਵੀ ਜਿਉਂਦੀ ਜਾਗਦੀ ਔਰਤ ਇਨਸਾਨ ਹਾਂ।" ਉਹ ਜੱਫ਼ੀ ਪਾ ਕੇ ਮਿਲੇ ਤੇ ਵਿਛੜੇ ਤੇ ਫਿਰ ਮਿਲਣ ਦਾ ਵਾਇਦਾ ਵੀ ਕੀਤਾ।

ਐਂਜਲਾ ਖੁਸ਼ ਸੀ ਤੇ ਉਸ ਨੇ ਜੌਹਨ ਨਾਲ ਹੋਈ ਗੱਲ ਬਾਤ ਲਿਜ਼ੀ ਨਾਲ ਸਾਂਝੀ ਕੀਤੀ। ਲਿਜੀਨੇ ਵੀ ਉਸ ਨਾਲ ਸਹਿਮਤੀ ਪ੍ਰਗਟ ਕੀਤੀ ਤੇ ਉਹ ਅਜਿਹੀ ਕਿਸੇ ਏਜੰਸੀ ਨੂੰ ਲੱਭਣ ਲੱਗੀਆਂ।

ਕੁਝ ਦਿਨਾਂ ਬਾਅਦ ਐਂਜਲਾ ਦੇ ਖ਼ੂਨ ਦਾ ਨਮੂਨਾ ਲੈ ਕੇ ਉਸ ਦਾ ਡੀਐਨ ਏ ਤਿਆਰ ਕੀਤਾ ਗਿਆ। ਫਿਰ ਏਜੰਸੀ ਨੇ ਉਸ ਦਾ ਡੀਐਨ ਏ ਮੇਲਣ ਦਾ ਕੰਮ ਕਰਨਾ ਸੀ। ਇਸ ਸਭ ਕੁਝ ਨੂੰ ਕੁਝ ਸਮਾਂ ਤਾਂ ਲੱਗਣਾ ਹੀ ਸੀ। ਐਂਜਲਾ ਕੋਲ ਸਬਰ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਇਕ ਦਿਨ ਏਜੰਸੀ ਨੇ ਉਸ ਨੂੰ ਦਫ਼ਤਰ ਸੱਦਿਆ।

"ਐਂਜਲਾ ਅਸੀਂ ਤੇਰੀ ਅੱਧੀ-ਭੈਣ (ਸੌਤੇਲੀ) ਲਭ ਲਈ ਐ। ਉਹ ਲੰਡਨ ਰਹਿੰਦੀ ਐ ਤੇ ਉਹ ਤੈਨੂੰ ਮਿਲਣ ਲਈ ਤਿਆਰ ਐ। ਉਹਦਾ ਨਾਂ ਕੈਮੀਲਾ ਕੂਪਰ ਐ। ਆਹ ਉਹਦਾ ਫ਼ੋਨ ਨੰਬਰ ਐ।"

ਹਫ਼ਤੇ ਦੇ ਅਖ਼ੀਰ 'ਤੇ ਉਹ ਲੰਡਨ ਦੇ ਬਾਰਕਿੰਗ ਇਲਾਕੇ ਵਿਚ ਕੈਮੀਲਾ ਦੇ ਦਰਵਾਜ਼ੇ ਦੀ ਘੰਟੀ ਖੜਕਾ ਰਹੀ ਸੀ। ਦਰਵਾਜ਼ਾ ਕੈਮੀਲਾ ਨੇ ਖੋਲ੍ਹਿਆ। ਉਹ ਦੋਵੇਂ ਪਲ ਕੁ ਇਕ ਦੂਜੀ ਵੱਲ ਵੇਖਦੀਆਂ ਰਹੀਆਂ ਤੇ ਫਿਰ ਇਕ ਦੂਜੀ ਦੀਆਂ ਬਾਹਾਂ ਵਿਚ ਸਮਾ ਗਈਆਂ। ਐਂਜਲਾ ਨੂੰ ਆਪਣੇ ਸਵਾਲਾਂ ਦੇ ਜਵਾਬ ਮਿਲਣ ਦੀ ਆਸ ਬੱਝ ਗਈ ਸੀ।

"ਐਂਜਲਾ ਤੇਰੀ ਇਕ ਹੋਰ ਵੱਡੀ ਭੈਣ ਤੇ ਭਰਾ ਵੀ ਆ। ਤੇਰਾ ਪਿਉ ਤੁਹਾਨੂੰ ਛੱਡ ਕੇ ਚਲਾ ਗਿਆ ਸੀ। ਉਸ ਸਮੇਂ ਦੀ ਹਾਲਤ ਬਾਰੇ ਤਾਂ ਬਹੁਤਾ ਉਹੀ ਬਿਆਨ ਕਰ ਸਕਦੇ ਐ। ਕੁਝ ਦੇਰ ਬਾਅਦ ਤੇਰੀ ਮਾਂ ਨੇ ਮੇਰੇ ਪਿਉ ਨਾਲ ਵਿਆਹ ਕਰ ਲਿਆ ਸੀ। ਕਈ ਸਾਲ ਪਹਿਲਾਂ ਉਸ ਦੀ ਮੌਤ ਹੋ ਚੁੱਕੀ ਐ—।"

ਕੈਮੀਲਾ ਉਸ ਨੂੰ ਮਾਂ ਬਾਰੇ, ਉਸ ਦੇ ਸੁਭਾਅ ਬਾਰੇ ਤੇ ਜੋ ਵੀ ਉਹ ਜਾਣਦੀ ਸੀ, ਦਸਦੀ ਰਹੀ। ਐਂਜਲਾ ਸੁਣਦੀ ਰਹੀ ਤੇ ਇਕ ਇਕ ਸ਼ਬਦ ਨੂੰ ਪੀਂਦੀ ਰਹੀ। ਕੈਮੀਲਾ ਨੇ ਉਸ ਦੀ ਭੈਣ ਅਤੇ ਭਰਾ ਨੂੰ ਵੀ ਘਰ ਵਿਚ ਸੱਦਿਆ ਹੋਇਆ ਸੀ ਪਰ ਉਹ ਅਜੇ ਦੂਸਰੇ ਕਮਰੇ ਵਿਚ ਬੈਠੇ ਸਨ। ਸਹੀ ਸਮਾਂ ਵੇਖ ਕੇ ਉਹਨਾਂ ਨੂੰ ਕੈਮੀਲਾ ਲੈ ਆਈ। ਹੰਝੂ ਤੇ ਹਾਸੇ ਆਪਸੀ ਮਿਲਣੀ ਦੇ ਚਸ਼ਮਦੀਦ ਗਵਾਹ ਬਣ ਗਏ ਸਨ।

"ਉਹਨਾਂ ਦਿਨਾਂ ਵਿਚ ਮਾਂ ਦੀ ਹਾਲਤ ਮਾੜੀ ਸੀ। ਉਹ ਕੰਮ ਕਰਦੀ ਪਰ ਕੰਮ ਵੀ ਕੋਈ ਬਹੁਤੇ ਚੰਗੇ ਨਹੀ ਸੀ। ਤੇਰੇ ਜੰਮਣ ਨਾਲ ਉਹ ਜਾਂ ਤੈਨੂੰ ਪਾਲ ਸਕਦੀ ਸੀ ਤੇ ਸਾਨੂੰ ਦੋਂਹ ਨੂੰ ਛੱਡਦੀ ਜਾਂ ਉਹ ਤੈਨੂੰ ਛੱਡਦੀ ਤੇ ਕੰਮ ਕਰਦੀ ਰਹਿੰਦੀ। ਉਸ ਨੇ ਜੋ ਵੀ ਫ਼ੈਸਲਾ ਕੀਤਾ ਉਹ ਸੌਖਾ ਨਹੀਂ ਸੀ। ਸਾਰੀ ਉਮਰ ਉਹ ਆਪਣੇ ਆਪ ਨੂੰ ਮੁਆਫ਼ ਨਹੀ ਸੀ ਕਰ ਸਕੀ—।"

ਉਸ ਦੇ ਭੈਣ ਭਰਾ ਨੇ ਸਾਰਾ ਹਾਲ ਬਿਆਨ ਕੀਤਾ। ਐਂਜਲਾ ਅੱਗੇ ਲਿਜ਼ੀ ਦਾ ਕੋਰਟ ਵਿਚ ਉਠਾਇਆ ਸਵਾਲ ਫਿਰ ਖੜ੍ਹਾ ਸੀ, 'ਆਖਰ ਇਸ ਬੇਇਨਸਾਫੀ ਦਾ ਕੌਣ ਜ਼ਿੰਮੇਵਾਰ ਸੀ ? ਐਂਜਲਾ ਤੋਂ ਉਸ ਦਾ ਬਚਪਨ ਖੋਹਣ ਲਈ ਕਿਸ ਨੂੰ ਕਟਿਹਰੇ ਵਿਚ ਖੜ੍ਹਾ ਕੀਤਾ ਜਾਵੇ ?

ਕਹਾਣੀ

# ਹੁਣ ਕੀ ਹੋਇਆ

**–ਹਰਮੇਸ਼ ਮਾਲੜੀ**

"... ਹਾਅਛੀ... ਹਰਰ... ਹਰਰ... ਹਾ... ਆ... ਛੀ..." ਸਰਦਾਰ ਨੱਥਾ ਸਿੰਘ ਦੀ ਕੋਠੀ ਦੇ ਬਾਹਰਲੇ ਗੇਟ ਕੋਲ ਪਹੁੰਚਦਿਆਂ ਹੀ ਮਹਿੰਗਾ ਕਬੂਤਰਾਂ ਨੂੰ ਤਾੜੀਆਂ ਮਾਰਕੇ ਉਡਾਉਣ ਲੱਗ ਪਿਆ। ".... ਹਾਅ 'ਤਾਡਾ ਬੇੜਾ ਤਰਜੇ, ਕਿੱਦਾਂ ਉਜਾੜਾਂ ਪਾਈਆਂ..."। ...ਉਹ ਕਬੂਤਰਾਂ ਨੂੰ ਇਉਂ ਬੋਲ ਕਬੋਲ ਬੋਲਣ ਲੱਗ ਪਿਆ, ਜਿਵੇਂ ਕਬੂਤਰ ਉਹਦੀ ਭਾਸ਼ਾ ਸਮਝਦੇ ਹੋਣ।

ਇਕ ਦਮ ਹੋਈ ਹਾਅਛੀ ਹਰਰ ਹਰਰ ਤੇ ਤਾੜੀ ਦੀ ਆਵਾਜ਼ ਸੁਣਕੇ, ਕਈ 'ਮਹਿਮਾਨ' ਕਬੂਤਰ ਉੱਡ ਵੀ ਗਏ, ਪਰ 'ਪੱਕੇ ਰਿਹਾਇਸ਼ੀ' ਧੌਣਾਂ ਦੇ ਵਾਲ਼ ਖੜ੍ਹੇ ਕਰਕੇ ਚੁੰਝਾਂ ਹੇਠਾਂ ਉਤਾਂਹ ਕਰਦਿਆਂ ਗੁਟਰ ਗੂੰ... ਗੁਟਰ ਗੂੰ ਕਰਦੇ ਪਰ੍ਹ ਫੜ੍ਹਫੜਾਉਣ ਲੱਗ ਪਏ, ਜਿਵੇਂ ਆਪਣੇ ਘਰ ਆਏ ਮਹਿਮਾਨ ਦਾ ਸੁਆਗਤ ਕਰ ਰਹੇ ਹੋਣ।

ਮਹਿੰਗਾ, ਜੰਗਾਲੇ ਜਿੰਦਰੇ 'ਚ ਚਾਬੀ ਅੰਦਰ ਬਾਹਰ ਕਰਦਿਆਂ ਹੋਰ ਉੱਚੀ ਬੋਲਣ ਲੱਗ ਪਿਆ "ਓਏ ਇਹਨਾਂ ਨੂੰ ਬਿੱਲੀਆਂ ਵੀ ਨਹੀਂ ਫੜਦੀਆਂ, ਹੈਂ! ਵੇਖ ਖਾਂ ਕਿੱਦਾਂ ਕੋਠੀ ਦੇ ਮਾਲਕ ਬਣੇ ਬੈਠੇ ਆ।"... ਜਿੰਦਾ ਖੁੱਲ੍ਹ ਜਾਣ ਤੱਕ ਉਹ ਹੋਰ ਵੀ ਕਈ ਕੁਝ ਬੋਲੀ ਗਿਆ। ਗੇਟ ਦੇ ਭਾਰੇ ਦਰਵਾਜ਼ਿਆਂ ਨੂੰ ਅੰਦਰ ਵੱਲ ਧੱਕਦਿਆਂ, ਜੰਗਾਲੇ ਕਬਜ਼ਿਆਂ ਦੀ ਲੰਮੀ ਚੀਂ ਈਂ ਈਂ ਦੀ 'ਭੂਤੀਆ' ਆਵਾਜ਼ ਦੇ ਨਾਲ ਹੀ ਉਹਨੇ ਸੁਰ ਬਦਲ ਗਈ... "ਇਥੇ ਉਜਾੜਾਂ ਹੀ ਪੈਣੀਆਂ ਹੋਰ ਕੀ ਹੋਣਾ... ਕੀ ਫਾਇਦਾ ਏਡੇ ਮਹੱਲ ਛੱਤਣ ਦਾ ਜਦੋਂ ਇਥੇ ਰਹਿਣਾ ਈ ਨਹੀਂ...।" ... ਇਹ ਬੋਲ ਉਸ ਏਨ੍ਹੀ ਧੀਮੀਂ ਆਵਾਜ਼ 'ਚ ਕਹੇ, ਮਤੇ ਕਬੂਤਰਾਂ ਨੂੰ ਵੀ ਸੁਣ ਨਾ ਪੈਣ। ...ਵੈਸੇ ਉਹਦਾ ਸਰੀਰ ਵੀ ਹਾਲੇ ਤਰਾਰੇ ਵਿਚ ਨਹੀਂ ਸੀ... ਜਦੋਂ ਦੇ ਸਰਦਾਰਨੀ ਤੇ ਸਰਦਾਰ ਨੱਥਾ ਸਿੰਘ ਕਨੇਡਾ ਗਏ ਸੀ... ਉਦੋਂ ਦਾ ਹੀ ਉਹ ਬਿਮਾਰ ਪਿਆ ਸੀ। ਭਾਵੇਂ ਕੋਠੀ ਦੇ ਰੱਖ ਰਖਾਵ ਤੇ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਉਹਦੀ ਸੀ, ਪਰ ਬੁੱਢੇ ਹੱਡ 'ਤੁਰਦੇ' ਹੀ ਨਹੀਂ ਸੀ...ਕੀ ਕਰਦਾ ? ... ਵਿਚ ਵਾਰ ਉਹਦੀ ਨੂੰਹ, ਕੋਠੀ ਦੀ ਸਫ਼ਾਈ ਕਰ ਗਈ ਸੀ। ਉਹ ਆਪ ਤਾਂ ਅੱਜ ਢਾਈ ਮਹੀਨਿਆਂ ਪਿੱਛੋਂ ਕੋਠੀ ਵੜਿਆ ਸੀ... ਪਰ ਏਨ੍ਹੇ ਕੁ ਵਕਫ਼ੇ ਅੰਦਰ ਹੀ ਕਈ ਜੋੜੇ ਜੰਗਲੀ ਕਬੂਤਰਾਂ ਨੇ ਜਿਥੇ ਲੁਕੋਂ ਮਿਲੀ ਉੱਥੇ ਉੱਥੇ ਆਲਣੇ ਪਾ ਲਏ। ਮਹਿੰਗੇ ਨੂੰ ਬੜੀ ਹੈਰਾਨੀ ਹੋਈ 'ਏਡੀ ਛੇਤੀ ਇੰਨੇ ਕਬੂਤਰ ਕਿੱਥੋਂ ਆ ਗਏ ?"...

ਪਿੰਡ ਦੇ ਐਨ ਵਿਚਕਾਰ ਸਰਦਾਰ ਨੱਥਾ ਸਿੰਘ ਦੀ ਕੋਠੀ, ਜੀਹਨੂੰ ਦੇਖ ਕੇ ਲੋਕੀਂ ਅੰਦਾਜ਼ੇ ਲਾਉਂਦੇ ਸਨ; "ਭਲਾ ਕਿੰਨ੍ਹੇ ਕੁ ਲੱਖ ਲੱਗ ਗਿਆ ਹਊ ? ਕਮਾਲ ਕਰਤੀ ਬਾਈ, ਬੜੀ ਵੱਡੀ ਕੋਠੀ ਆ।" ਹੁਣ ਕਬੂਤਰਾਂ ਦੀ ਠਾਹਰ ਬਣ ਗਈ ਸੀ। ਕਬੂਤਰਾਂ ਨੂੰ ਇਉਂ ਉੱਡਦੇ ਬਹਿੰਦੇ ਦੇਖ ਕੇ ਮਹਿੰਗੇ ਨੂੰ ਇਉਂ ਭਾਸਿਆਂ ਜਿਵੇਂ ਸੱਚੀਂ ਕੋਠੀ 'ਤੇ ਕਿਸੇ ਦਾ ਕਬਜ਼ਾ ਹੋ ਗਿਆ ਹੋਵੇ।...ਉਹਦਾ ਮਨ ਡਾਹਡਾ ਦੁਖੀ ਹੋਇਆ..., ਕਿਉਂ ਜੋ ਕੋਠੀ ਦੀ ਨਿਉਂ ਰੱਖਣ ਤੋਂ ਲੈ ਕੇ ਤਿਆਰ ਹੋਣ ਤੱਕ, ਚੌਕੀਦਾਰੀ ਮਹਿੰਗੇ ਨੇ ਹੀ ਕੀਤੀ ਸੀ। ਚੌਕੀਦਾਰੀ ਹੀ ਨਹੀਂ, ਉਹ ਤਾਂ ਬਚਪਨ ਤੋਂ ਲੈ ਕੇ ਹੁਣ ਤੱਕ ਇਸੇ ਘਰ ਦਾ ਕਾਮਾ ਰਿਹਾ ਸੀ। ਸਾਰੀ ਜਵਾਨੀ ਉਸ ਨੱਥਾ

ਸਿੰਘ ਕੇ ਖੇਤਾਂ 'ਚ ਕੰਮ ਕਰਦਿਆਂ ਗੁਜ਼ਾਰੀ ਸੀ... ਇਸ ਘਰ ਦੀਆਂ ਖ਼ੈਰਾਂ ਮੰਗਦਿਆਂ ਉਹ ਕੋਠੀ ਦੀਆਂ ਸਿਫ਼ਤਾਂ ਦੇ ਪੁੱਲ ਬੰਨ੍ਹ ਦਿੰਦਾ ਸੀ। ਸਰਦਾਰ ਨੱਥਾ ਸਿੰਘ ਨੇ ਰੀਝ ਵੀ ਪੂਰੀ ਲਾਈ ਸੀ ਕੋਠੀ ਬਣਾਉਣ 'ਤੇ... ਜਗ੍ਹਾ ਬਥੇਰੀ ਖੁੱਲ੍ਹੀ ਸੀ 'ਕੋਈ ਸ਼ਹਿਰੀ ਕਲੋਨੀਆਂ ਵਾਂਗ ਗਜ਼ਾਂ, ਮਰਲਿਆਂ 'ਚ ਥੋੜੋਂ ਸੀ।' ਨੱਥਾ ਸਿੰਘ ਨੇ ਕਈ ਨਕਸ਼ੇ ਰੱਦ ਕੀਤੇ ਸਨ, ਉਹਦੀ ਮਨਸ਼ਾ ਸੀ ਬਈ ਕੋਠੀ ਦੀ ਲੁੱਕ ਆਮ ਕੋਠੀਆਂ ਵਰਗੀ ਨਾ ਹੋਵੇ, ਜ਼ਰਾ ਵੱਖਰੀ ਹੋਵੇ... ਲੋਕੀਂ ਖੜ੍ਹ ਖੜ੍ਹ ਵੇਖਣ" ਕੋਠੀ ਅੰਦਰਲੀ ਸਜ ਸਜਾਵਟ ਲਈ ਉਸ ਹਰ ਚੀਜ਼ ਇੰਮਪੋਰਟਡ ਲਵਾਈ ਸੀ। ਪੈਸੇ ਦੀ ਨੱਥਾ ਸਿੰਘ ਕੋਲ ਘਾਟ ਨਹੀਂ ਸੀ... 'ਠਾਰਾਂ ਵੀਹ ਕਿੱਲੇ ਪੈਲ਼ੀ ਸੀ... ਦੋਏ ਮੁੰਡੇ ਕਨੇਡਾ 'ਚ ਸੈੱਟ ਸਨ... ਉਹ ਆਪ ਮੰਡੀ ਕਰਨ ਬੋਰਡ 'ਚੋਂ ਰਿਟਾਇਰ ਹੋਇਆ ਸੀ... 'ਹੋਰ ਬੰਦੇ ਨੂੰ ਕੀ ਚਾਹੀਦਾ' ਪਰ ਏਨੀ ਜਾਇਦਾਦ ਤੇ ਪੈਸੇ ਦੇ ਬਾਵਜੂਦ ਵੀ, ਨੱਥਾ ਸਿੰਘ ਆਪਣੇ ਪਿਉ ਵਾਂਗ ਸਿਆਸਤ ਨਹੀਂ ਸੀ ਜਾਣਦਾ ਉਹ ਸਿੱਧਾ ਸਾਦਾ ਤੇ ਖੁਸ਼ਮਿਜ਼ਾਜ ਬੰਦਾ ਸੀ... ਪਿੰਡ 'ਚ ਹਰ ਕਿਸੇ ਨਾਲ ਬਣਾਕੇ ਰੱਖਣ ਵਾਲਾ। ਕਨੇਡਾ ਦੀਆਂ ਕਈ ਫੇਰੀਆਂ ਨੇ ਉਹਨੂੰ ਹੋਰ ਵੀ ਨਰਮ ਦਿਲ ਤੇ ਮਿਲਣਸਾਰ ਬਣਾ ਦਿੱਤਾ ਸੀ, ਜਿਉਂ ਜਿਉਂ ਉਮਰ ਬੀਤਦੀ ਜਾਂਦੀ ਸੀ...ਉਹਦਾ ਆਪਣੇ ਘਰ ਨਾਲ, ਪਿੰਡ ਤੇ ਲੋਕਾਂ ਨਾਲ ਸਨੇਹ ਵਧਦਾ ਜਾਂਦਾ ਸੀ, ਪਰ ਪਤਾ ਨੀ ਕਿਉਂ ਉਹ ਨੂੰ ਲੱਗਦਾ ਸੀ ਕਿ ਪਿੰਡ ਦੇ ਲੋਕ ਉਹਨੂੰ ਭੁੱਲਦੇ ਜਾ ਰਹੇ ਹਨ। ਦਰਅਸਲ ਕਈ ਵਰ੍ਹੇ ਬੀਤ ਗਏ ਸਨ, ਨੱਥਾ ਸਿੰਘ ਦੇ ਮੁੰਡਿਆਂ ਦਾ ਇੰਡੀਆ ਆਉਣ ਦਾ ਕੋਈ ਸਬੱਬ ਹੀ ਨਹੀਂ ਸੀ ਬਣਿਆ। ਪੋਤੀਆਂ, ਪੋਤੇ ਤਾਂ ਇੰਡੀਆ ਆਉਣ ਲਈ ਤਿਆਰ ਹੀ ਨਹੀਂ ਸਨ। ਨੱਥਾ ਸਿੰਘ ਤੇ ਉਹਦੇ ਘਰਵਾਲੀ ਸਾਲ 'ਚ ਛੇ ਮਹੀਨੇ ਓਧਰ ਬੱਚਿਆਂ ਕੋਲ ਜਾ ਰਹਿੰਦੇ ਹਨ।... ਜਦੋਂ ਨੱਥਾ ਸਿੰਘ ਤੇ ਉਹਦੀ ਪਤਨੀ ਕਨੇਡਾ ਹੁੰਦੇ ਤਾਂ... ਮਹਿੰਗਾ ਉਹਨਾਂ ਦੀ ਕੋਠੀ ਦੀ ਦੇਖਭਾਲ, ਸਾਫ਼-ਸਫ਼ਾਈ ਕਰਦਾ ਸੀ। ਇਸ ਬਦਲੇ... ਵਰ੍ਹੇ ਛਿਮਾਈਂ ਨੱਥਾ ਸਿੰਘ ਕੁਝ ਹੱਥ ਝਾੜ ਦਿੰਦਾ ਸੀ। ਮਹਿੰਗੇ ਦੇ ਪੁੱਤ ਪੋਤੇ ਉਹਨੂੰ ਵਰਜਦੇ ਸਨ, "ਛੱਡ ਪਰਾਂ ਭਾਪਾ... ਕੀ ਦਿੰਦੇ ਤੈਨੂੰ... ? ਐਵੇਂ ਠੇਡੇ ਖਾਂਦਾ ਜਾਨਾ ਉੱਥੇ" ਪਰ ਇਹਨਾਂ ਨਿਗੂਣੇ ਪੈਸਿਆਂ ਨਾਲੋਂ ਵੱਧ ਮਹਿੰਗੇ ਦੀਆਂ ਇਸ ਘਰ ਨਾਲ ਕਈ ਯਾਦਾਂ ਜੁੜੀਆਂ ਹੋਈਆਂ ਸਨ। ...ਉਹ ਜਦੋਂ ਵੀ ਇਸ ਘਰੇ ਪੈਰ ਪਾਉਂਦਾ ਉਹਨੂੰ ਆਪਣਾ ਬਚਪਨ ਇਥੇ ਹੀ ਤੁਰਦਾ ਫਿਰਦਾ ਨਜ਼ਰ ਆਉਂਦਾ ਸੀ।

ਢਾਈ ਮਹੀਨਿਆਂ ਤੋਂ ਵੀ ਕੁਝ ਦਿਨ ਉੱਤੇ ਹੋ ਗਏ ਸੀ ਸਰਦਾਰ ਤੇ ਸਰਦਾਰਨੀ ਨੂੰ ਗਿਆਂ... ਪਰ ਗੇਟ ਖੋਲ੍ਹ ਕੇ ਅੰਦਰ ਵੜਦਿਆਂ ਹੀ ਮਹਿੰਗੇ ਨੂੰ ਇਉਂ ਲੱਗਾ ਜਿਵੇਂ ਨੱਥਾ ਸਿੰਘ ਅੰਦਰ ਹੀ ਹੋਵੇ ਤੇ ਉਹ, ਕੋਠੀ ਦੇ ਕਿਸੇ ਥਮਲੇ ਨੂੰ ਜੱਫਾ ਪਾਈ ਖੜ੍ਹਾ ਰੋ ਰਿਹਾ ਹੋਵੇ।

...ਉਸ ਦਿਨ ਏਦਾਂ ਹੀ ਹੋਇਆ ਸੀ। ...ਸੜਕ 'ਚ ਗੱਡੀ ਸਟਾਰਟ ਖੜ੍ਹੀ ਸੀ, ਸਰਦਾਰਨੀ ਮਹਿੰਦਰ ਕੌਰ ਤਾਂ ਪਹਿਲਾ ਹੀ ਗੱਡੀ ਵਿੱਚ ਬੈਠ ਚੁੱਕੀ ਸੀ... ਮਹਿੰਗਾ, ਗੇਟ ਦੀਆਂ ਚਾਬੀਆਂ ਫੜ੍ਹਨ ਲਈ, ਗੇਟ 'ਚ ਅੰਦਰ ਬਾਹਰ ਜਿਹੇ ਖਲੋਤਾ; ਨੱਥਾ ਸਿੰਘ ਦੀ ਉਡੀਕ ਕਰ ਰਿਹਾ ਸੀ ਪਰ ਨੱਥਾ ਸਿੰਘ ਅੰਦਰੋਂ ਬਾਹਰ ਹੀ ਨਹੀਂ ਸੀ ਆ ਰਿਹਾ।

ਸਰਦਾਰਨੀ ਦਾ ਭਤੀਜਾ, ਹਰਕੰਵਲ; ਜਿਹੜਾ ਭੂਆ ਫੁੱਫੜ ਨੂੰ ਏਅਰਪੋਰਟ ਤਾਈਂ ਛੱਡਣ ਜਾ ਰਿਹਾ ਸੀ... ਦੋ ਤਿੰਨ ਵਾਰੀ ਗੱਡੀ ਦਾ ਹੌਰਨ ਵਜਾ ਕੇ ਬੀਤਦੇ ਜਾਂਦੇ ਸਮੇਂ ਦੀ ਚੇਤਾਵਨੀ ਦੇ ਚੁੱਕਿਆ ਸੀ।... ਉਸ ਐਕਸੀਲੀਟਰ 'ਤੇ ਪੈਰ੍ਹ ਰੱਖਕੇ ਗੁਰਰ ਗੁਰਰ ਵੀ ਕਰਵਾਈ – ਪਰ ਨੱਥਾ ਸਿੰਘ ਫਿਰ ਵੀ ਅੰਦਰੋਂ ਬਾਹਰ ਨਾ ਨਿਕਲਿਆ। ਮਹਿੰਗਾ, ਦੇਖ ਰਿਹਾ ਸੀ; ਨੱਥਾ

ਸਿੰਘ ਗਲ਼ ’ਚ ਗਾਤਰੇ ਰੁੱਖ ਪਾਏ ਛੋਟੇ ਬੈਗ ਵਿਚਲੀਆਂ ਚੀਜ਼ਾਂ ਨੂੰ ਵਾਰ–ਵਾਰ ਟਟੋਲ ਰਿਹਾ ਸੀ, ਜੀਹਦੇ ’ਚ ਹਵਾਈ ਜਹਾਜ਼ ਦੀਆਂ ਟਿਕਟਾਂ, ਪਾਸਪੋਰਟ ਕੁਝ ਡਾਲਰ ਤੇ ਕੁਝ ਇੰਡੀਅਨ ਕਰੰਸੀ ਸੀ, ਸਭ ਕੁਝ ਤਾਂ ਹੈ ਸੀ। ... ਜੋ ਜੋ ਬੱਚਿਆਂ ਨੇ ਫ਼ਰਮਾਇਸ਼ਾਂ ਕੀਤੀਆਂ ਸਨ, ਉਹ ਤਾਂ ਪਹਿਲਾਂ ਹੀ ਖਰੀਦ–ਖਰੀਦ ਕੇ ਬੈਗ ਭਰ ਲਏ ਸੀ, ਬੜੇ ਇਹਤਿਆਤ ਨਾਲ ਹੁਣੇ ਹੀ ਸਰਦਾਰਨੀ ਨੇ ਬੈਗ ਆਪ ਗੱਡੀ ’ਚ ਰਖਵਾਏ ਸਨ। ਹੁਣ ਤੇ ਬਸ ‘ਤੁਰਨਾ’ ਹੀ ਸੀ ਪਰ ਨੱਥਾ ਸਿੰਘ ਦਾ ਪਤਾ ਨੀ ਕੀ ਭੁੱਲ ਗਿਆ ਸੀ, ਜਿਹੜਾ ਅੰਦਰੋਂ ਬਾਹਰ ਨਹੀਂ ਸੀ ਨਿਕਲ ਰਿਹਾ। ਗੱਡੀ ’ਚ ਬੈਠੀ ਸਰਦਾਰਨੀ ਨੂੰ ਕੁਝ ਤੌਖਲਾ ਹੋਇਆ “ਹੈਂ! ਕੀ ਗੱਲ ਹੋਗੀ...? ਕੋਈ ਪਹਿਲੀ ਵਾਰ ਥੋੜੋਂ ਚੱਲੇ ਆਂ ਮਸੀਂ ਤਾਂ ਕਿਤੇ ਵਾਹਿਗੁਰੂ ਨੇ ਮੇਹਰ ਕੀਤੀ ਆ... ਵਾਰ–ਵਾਰ ਆਉਣ ਜਾਣ ਤੋਂ ਖਹਿੜਾ ਛੁੱਟਿਆ... ਪਰ ਹੁਣ ?”

ਮਹਿੰਦਰ ਕੌਰ ਗੱਡੀ ’ਚੋਂ ਉੱਤਰ ਖਲੋਤੀ...ਮਨ ਦਾ ਉੱਧੜਦਾ ਗਲੋਟਾ ਉਹਨੂੰ ਪਲ ਦੀ ਪਲ ਯਾਦਾਂ ਦੇ ਪਿਛਵਾੜੇ ਲੈ ਵੜ੍ਹਿਆ। ...ਉਹਨੂੰ ਯਾਦ ਸੀ ਜਦੋਂ ਪਹਿਲੀ ਵਾਰ ਦੋਹਾਂ ਜੀਆਂ ਦਾ ਵੀਜ਼ਾ ਲੱਗਿਆ... ਤਾਂ ਨੱਥਾ ਸਿੰਘ ਦਾ ‘ਧਰਤੀ ’ਤੇ ਪੱਬ’ ਨਹੀਂ ਸੀ ਲੱਗਦਾ। ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਉਹਨਾਂ ਆਪਣੇ ਘਰ ਅਖੰਡ ਪਾਠ ਕਰਾਕੇ ਸਾਰੇ ਪਿੰਡ ਨੂੰ ਨਿਉਤਾ ਦਿੱਤਾ ਸੀ। ਕਨੇਡਾ ਪਹੁੰਚ ਕੇ, ਕਿਵੇਂ ਨੱਥਾ ਸਿੰਘ ਆਪਣੇ ਯਾਰਾਂ ਬੇਲੀਆਂ ਨੂੰ ਲੰਮੀਆਂ ਲੰਮੀਆਂ ਫੋਨ ਕਾਲਾਂ ਕਰਿਆ ਕਰਦਾ ਸੀ... ਪਿੰਡ ਦੀ ਹਰ ਖ਼ਬਰਸਾਰ ਉਹ ਪੁੱਛਦਾ ਤੇ ਆਪ ਕਨੇਡਾ ਦੀਆਂ ਬਰਕਤਾਂ ਬਾਰੇ... ਲੋਕਾਂ ਦੇ ਰਹਿਣ ਸਹਿਣ ਬਾਰੇ... ਉਥੋਂ ਦੇ ਮੌਸਮਾਂ ਬਾਰੇ ਲੰਮੀਆਂ ਗੱਲਾਂ ਕਰਦਾ। ਫਿਰ ਹੌਲੀ ਹੌਲੀ ਉਹਦੀਆਂ ਫੋਨ ਕਾਲਾਂ ਘੱਟਦੀਆਂ ਗਈਆਂ... ਸ਼ਾਇਦ ਯਾਰਾਂ ਬੇਲੀਆਂ ਨੂੰ ਬਹੁਤੀ ਦਿਲਚਸਪੀ ਨਹੀਂ ਸੀ ਰਹੀ... ਨਾਲੇ ਹੁਣ ਤਾਂ ਪਤਾ ਈ ਨਹੀਂ ਸੀ ਲੱਗਦਾ ਉਹ ਕਦੋਂ ਆ ਗਏ ਤੇ ਕਦੋਂ ਚਲੇ ਗਏ।

...ਤੇ ਓੱਦਣ ਉਹ ਪੱਕੇ ਤੌਰ ’ਤੇ ਕਨੇਡਾ ਲਈ ਜਾ ਰਹੇ ਸਨ... ਬੱਚਿਆਂ ਨੇ ਪੇਪਰ ਵਰਕ ਪੂਰਾ ਕਰ ਲਿਆ ਸੀ। ਹੁਣ ਉਹਨਾਂ ਨੂੰ ਪੀ.ਆਰ. ਮਿਲ ਜਾਣੀ ਸੀ... ਤੇ ਫਿਰ ਇਧਰ ਕੀ ਕਰਨ ਆਉਣਾ ਸੀ ?

...ਫਰੜ ਫਰੜ ਕਰਕੇ ਅੱਠ–ਦੱਸ ਕਬੂਤਰਾਂ ਦਾ ਇਕ ਹੋਰ ਝੁੰਡ ਆਣ ਲੱਥਾ, ਜੀਹਨੇ ਮਹਿੰਗੇ ਦੀ ਬਿਰਤੀ ਖੰਡਿਤ ਕਰ ਦਿੱਤੀ। ਉਹਦਾ ਸਾਰਾ ਧਿਆਨ ਕਬੂਤਰਾਂ ’ਤੇ ਹੀ ਕੇਂਦਰਿਤ ਹੋ ਗਿਆ ਪਰ ਉਸ ਮੁੜ ਹਾਅਛੀ ਹਰਰ... ਹਰਰ ਨਹੀਂ ਸੀ ਕੀਤੀ। ਗੇਟ ਨੂੰ ਅੰਦਰੋਂ ਢੋਅ ਕੇ ਉਸ ਸਾਰੀ ਕੋਠੀ ਦੇ ਦੁਆਲੇ ਗੇੜਾ ਕੱਢਿਆ, ਥਾਂ ਥਾਂ ਬਿੱਠਾਂ ਦੀਆਂ ਢੇਰੀਆਂ ਦੇਖ ਕੇ ਮਨ ਕਚਿਆਣ ਨਾਲ ਭਰ ਗਿਆ ਤੇ ਚਿਹਰੇ ’ਤੇ ਗੁੱਸੇ ਦੇ ਚਿੰਨ੍ਹ ਉੱਭਰ ਆਏ... ਕਹਿਰਵਾਨ ਅੱਖਾਂ ਕਰਕੇ ਉਸ ਕਬੂਤਰਾਂ ਵੱਲ ਦੇਖਿਆ, ਪਰ ਕਬੂਤਰ ਬੜੀ ਮਾਸੂਮੀਅਤ ਨਾਲ ਪਰ੍ਹ ਫੜਫੜਾਕੇ ਮਹਿੰਗੇ ਵੱਲ ਦੇਖ ਰਹੇ ਸਨ, ਜਿਵੇਂ ਕਹਿ ਰਹੇ ਹੋਣ “ਬਾਬਾ ਅਸੀਂ ਤੇਰੇ ਰਹਿਮੋ ਕਰਮ ’ਤੇ ਹਾਂ... ਤੂੰ ਚਾਹੇ ਤਾਂ ਸਾਨੂੰ ਉਜਾੜ ਦੇ... ਤੂੰ ਚਾਹੇ ਤਾਂ ਸਾਨੂੰ ਵਸਣ ਦੇ”।

ਮਹਿੰਗੇ ਦੇ ਮੱਥੇ ਦੀਆਂ ਤਿਊੜੀਆਂ ਕੁਝ ਢਿੱਲੀਆਂ ਪੈ ਗਈਆਂ। ਉਸ ਹੋਰ ਗਹੁ ਨਾਲ ਦੇਖਿਆ ਕਈ ਆਲ੍ਹਣਿਆਂ ’ਚ ਬੋਟ ਚੀਂ ਚੀਂ ਕਰਦੇ ਸਨ, ਕਈਆਂ ’ਚ ਕਬੂਤਰੀਆਂ ਆਂਡਿਆਂ ’ਤੇ ਬੈਠੀਆਂ ਸਨ। ਕੁਝ ਪਲ ਮਹਿੰਗਾ ਟਿਕਟਿਕੀ ਲਾ ਕੇ ਦੇਖਦਾ ਰਿਹਾ। ਦੇਖਦਿਆਂ–ਦੇਖਦਿਆਂ ਉਹਦੇ ਮੂੰਹੋਂ ਸੁਭਾਵਕ ਹੀ ਨਿਕਲ ਗਿਆ “ਹੁਣ ਏਡਾ ਪਾਪ ਤੇ ਨਹੀਂ ਹੁੰਦਾ

ਮੈਥੋਂ’। ਉਹਦਾ ਮਨ ਅਸਲੋਂ ਹੀ ਪਚੀਸ ਗਿਆ... ਆਪਣਾ ਧਿਆਨ ਹੋਦਰੇ ਪਾਉਣ ਲਈ ਉਹ ਸ਼ੈੱਡ ਹੇਠੋਂ ਆਪਣੀ ਮੰਜੀ ਕੱਢ ਲਿਆਇਆ ਤੇ ਸੋਟੀ ਨਾਲ ਉਹਦਾ ਵਾਣ ਝੰਬਣ ਲੱਗ ਪਿਆ। ਢਾਈ ਤਿੰਨ ਮਹੀਨਿਆਂ ਤੋਂ ਕੰਧ ਨਾਲ ਖੜੀ ਕੀਤੀ ਮੰਜੀ ’ਚੋਂ ਲੋਹੜੇ ਦਾ ਘੱਟਾ ਉੱਡਣ ਲੱਗ ਪਿਆ, ਉੱਡੇ ਘੱਟੇ ਤੇ ਠੱਕ-ਠੱਕ ਦੀ ਆਵਾਜ਼ ਨੇ ਕਬੂਤਰਾਂ ਨੂੰ ਫਿਰ ਉੱਡਣ ਲਈ ਮਜਬੂਰ ਕਰ ਦਿੱਤਾ... ਮੰਜੀ ਨੂੰ ਉਥੇ ਹੀ ਛੱਡ, ਮਹਿੰਗੇ ਨੇ ਸਿਰ ਉੱਤਲੇ ਪਰਨੇ ਦਾ ਇਕ ਲੜ ਮੂੰਹ ਅੱਗੇ ਕਰਕੇ, ਠਾਠਾ ਜਿਹਾ ਬੰਨ੍ਹ ਲਿਆ ਤੇ ਬਿੱਠਾਂ ਸਾਫ਼ ਕਰਨ ਲੱਗ ਪਿਆ, ਉਹਨੂੰ ਇਉਂ ਕਰਦਿਆਂ ਦੇਖਕੇ ਕਬੂਤਰ ਸਹਿਜ ਹੋ ਗਏ। ਫਰਸ਼ ’ਤੇ ਸਰੜ ਸਰੜ ਕਰਦੇ ਮਹਿੰਗੇ ਦੇ ਝਾੜੂ ਦੀ ਆਵਾਜ਼ ਤੋਂ ਬਿਨ੍ਹਾਂ ਮੁਕੰਮਲ ਸ਼ਾਂਤੀ ਸੀ। ਕਬੂਤਰਾਂ ਵਾਂਗ ਮਹਿੰਗਾ ਵੀ ਆਪਣੇ ਆਪ ਵਿਚ ਮਗਨ ਹੋ ਗਿਆ, ਇਸ ਮਗਨਤਾ ਵਿਚ ਹੀ ਉਹ ਕਬੂਤਰਾਂ ਨਾਲ ਕਦੋਂ ਗੱਲਾਂ ਕਰਨ ਲੱਗ ਪਿਆ, ਉਹਨੂੰ ਪਤਾ ਹੀ ਨਾ ਲਗੱਾ। ਕਬੂਤਰ, ਕਬੂਤਰੀਆਂ ਤੇ ਉਹਨਾਂ ਦੇ ਛੋਟੇ-ਵੱਡੇ ਬੱਚੇ, ਉਹਨੂੰ ਇਸੇ ਘਰ ਦੇ ਜੀਅ ਪ੍ਰਤੀਤ ਹੋਣ ਲੱਗ ਪਏ... ਉਹਨੂੰ ਲੱਗਾ ਜਿਵੇਂ ਸਾਰੇ ਜੀਅ ਇਥੇ ਹੀ ਹੋਣ, ਇੱਕੋ ਜਿਹੇ ਲੱਗਦੇ ਕਬੂਤਰਾਂ ਨੂੰ ਉਹ ਗਹੁ ਨਾਲ ਦੇਖਣ ਲੱਗ ਪਿਆ। ਸਭ ਤੋਂ ਮੋਟਾ ਕਬੂਤਰ, ਉਹਨੂੰ ਸਰਦਾਰ ਨਰੈਣ ਸਿਹੁੰ ਲੱਗਿਆ ਜੀਹਤੋ ਡਰਦੇ ਸਾਰੇ ਕਬੂਤਰ, ਉਹਦੇ ਆਲੇ-ਦੁਆਲੇ ਪਰ੍ਹ ਫੜਫੜਾਉਂਦੇ ਉਹਦੀ ਖ਼ੁਸ਼ਆਮਦ ਕਰ ਰਹੇ ਸਨ। “ਔਹ ਵੇਖ ਖਾ.. ਜਮ੍ਹਾ ਈ ਪ੍ਰੀਤੀ ਵਰਗੀ ਲੱਗਦੀ ਹੈ” ਕਿਸੇ ਸੁਬਕ ਜਿਹੀ ਕਬੂਤਰੀ ਨੂੰ ਉਹ ਨੱਥਾ ਸਿੰਘ ਦੀ ਕੁੜੀ ਨਾਲ ਮੇਲਦਾ...। “ਔਹ ਤਾਂ ਆਪਣੀ ਸਰਦਾਰਨੀ ਮਿੰਦਰ ਕੌਰ ਆ ਢਿੱਲੜ ਜਿਹੀ... ਤੇ ਔਹ ਹਰਪ੍ਰਤਾਪ ਈ ਗੋਲ ਮਟੋਲ ਜਿਹਾ”। ’ਕੱਲ੍ਹੇ ‘ਕੱਲ੍ਹੇ ਜੀਅ ਨੂੰ ਚਿੱਤਵਕੇ ਉਹਨੂੰ ਸੱਚੀਓਂ ਇਉਂ ਜਾਪਣ ਲੱਗ ਪਿਆ...ਜਿਵੇਂ ਸਾਰੇ ਜੀਅ...ਵਿਹੜੇ ’ਚ ਤੁਰੇ ਫਿਰਦੇ ਹੋਣ...ਤੇ ਪਰ੍ਹਾਂ ਖੜ੍ਹੀ ਕੀਤੀ ਆਪਣੀ ਮੰਜੀ ਵੱਲ ਜਾ ਰਿਹਾ ਹੋਵੇ... ਅਵਚੇਤਨ ਵਿਚ ਹੀ ਉਹਦੇ ਕਦਮ ਆਪਣੀ ਮੰਜੀ ਤੱਕ ਚਲੇ ਗਏ, ਸਿਰ ਤੋਂ ਸਾਫਾ ਲਾਹ ਕੇ ਉਸ ਗੋਲ ਇੰਨੂੰ ਜਿਹਾ ਬਣਾ ਕੇ ਸਿਰ ਹੇਠਾਂ ਰੱਖ ਗਿਆ... ਪਿਆਂ ਪਿਆਂ ਉਹ ਕੁਝ ਦੂਰੀ ਤੋਂ ਕਬੂਤਰਾਂ ਦੀ ਰਾਸ ਲੀਲਾ ਇਕ ਟੱਕ ਵੇਖੀ ਜਾ ਰਿਹਾ ਸੀ, ਜਿਵੇਂ ਨੱਥਾ ਸਿੰਘ ਦੇ ਜੀਅ ਹੋਣ!...ਮੋਟੇ ਕਬੂਤਰ ਦੇ ਆਲੇ-ਦੁਆਲੇ ਪਰ੍ਹ ਫੜਫੜਾਉਂਦੇ ਕਬੂਤਰ ਉਹਨੂੰ ਇਉਂ ਜਾਪਣ ਲੱਗ ਪਏ ਜਿਵੇਂ ਪਿੰਡ ਦੀ ਪੰਚਾਇਤ ਜੁੜੀ ਬੈਠੀ ਹੋਵੇ ਤੇ ਸਰਦਾਰ ਨਰੈਣ ਸਿਹੁੰ ਸਰਪੰਚ ਵਿਚਕਾਰ ਬੈਠਾ ਕੋਈ ਫ਼ੈਸਲਾ ਸੁਣਾ ਰਿਹਾ ਹੋਵੇ।ਮਹਿੰਗੇ ਦੀਆਂ ਅੱਖਾਂ ਕਬੂਤਰਾਂ ਨੂੰ ਦੇਖ ਰਹੀਆਂ ਸਨ ਪਰ ਉਹਦਾ ਅਵਚੇਤਨ ਕਈ ਦਹਾਕੇ ਪਿਛਾਂਹ ਆਪਣੇ ਬਚਪਨ ’ਚ ਪਰਤ ਗਿਆ। ਮੋਟਾ ਕਬੂਤਰ, ਨਰੈਣ ਸਿਹੁੰ ਦੀ ਥਾਂ ਉਹਨੂੰ ਚੌਧਰੀ ਅਸਲਮ ਨਿਆਜ਼ੀ ਲੱਗਣ ਲੱਗ ਪਿਆ ਤੇ ਨੱਥਾ ਸਿੰਘ ਦੀ ਮਹੱਲ ਵਰਗੀ ਕੋਠੀ, ਚੌਧਰੀ ਦਾ ਡਾਟਾਂ ਵਾਲਾ ਬੰਗਲਾ ਲੱਗਣ ਲੱਗ ਪਿਆ, ਜਿਹੜਾ ਕਈ ਦਹਾਕੇ ਪਹਿਲਾਂ ਐਨ ਇਸੇ; ਕੋਠੀ ਵਾਲੇ ਥਾਂ ’ਤੇ ਹੁੰਦਾ ਸੀ। ਉਹਦੀਆਂ ਅੱਖਾਂ ਸਾਹਮਣੇ ਐਨ ਉਹੀ ਦ੍ਰਿਸ਼ ਸਕਾਰ ਹੋ ਗਿਆ ਜੋ ਉਸ ਬਚਪਨ ਵਿੱਚ ਦੇਖਿਆ ਸੀ। ਵੱਡੇ ਪਲੰਗ ’ਤੇ ਬੈਠਾ ਚੌਧਰੀ ਨਿਆਜ਼ੀ, ਸਿਰ ’ਤੇ ਮਾਵਾ ਲੱਗਾ ਉੱਚਾ ਸ਼ਮਲਾ “ਵਾਹ ਕਿਆ ਸ਼ਾਨ ਸੀ ਚੌਧਰੀ ਦੀ” ਮਹਿੰਗੇ ਦੇ ਮੂੰਹੋਂ ਸੁਭਾਵਕ ਹੀ ਨਿਕਲ ਗਿਆ।

ਹੱਥ ਵਿੱਚ ਹੁੱਕੇ ਦੀ ਨੜੀ ਫੜੀ ਚੌਧਰੀ ਬੜੇ ਰੋਹਬ ਨਾਲ, ਮਹਿੰਗੇ ਦੇ ਬਾਪ ਨੂੰ ਆਵਾਜ਼ ਮਾਰਦਾ “ਓਏ ਬੰਤਿਆਂ... ਉਰਾਂ ਆ ਖਾਂ, ਓਏ ਆਹ ਕੋਲ਼ੇ ਤਾਂ ਸੌਂ ਵੀ ਗਏ... ਤੈਨੂੰ

ਕੋਈ ਚੱਜਦੀ ਲੱਕੜ ਨੀ ਲੱਭਦੀ... ਚੁੱਲ੍ਹੇ 'ਚ ਡਾਹ ਛੱਡ ਖਾਂ''।

ਚੌਧਰੀ ਦੀ ਆਵਾਜ਼ ਸੁਣਕੇ ਬੰਤਾ ਭੰਬੀਰੀ ਬਣ ਜਾਂਦਾ ''ਆਇਆ ਚੌਧਰੀ ਸਾਬ੍ਹ''। ਚੌਧਰੀ, ਮਹਿੰਗੇ ਵੱਲ ਦੇਖ ਕੇ ਹੋਰ ਖਿਝ ਜਾਂਦਾ। ''ਓਏ ਆਹ ਛੋਹਰ ਨੂੰ ਕੀ ਲੇਲੇ ਆਗੂੰ ਮਗਰ-ਮਗਰ ਲਾਈ ਫਿਰਦਾ... ਇਹਨੂੰ ਮਸੀਤੇ ਭੇਜ ਖਾਂ, ਮੌਲਵੀ ਕੋਲੋਂ ਕੁਝ ਇਲਮ ਸਿੱਖੇ''।

ਬਾਲ ਮਹਿੰਗਾ, ਉਥੇ ਹੀ ਠਠੰਬਰ ਕੇ ਖੜੋ ਜਾਂਦਾ... ਕਿੰਨ੍ਹੇ-ਕਿੰਨ੍ਹੇ ਦਿਨ ਉਹ ਮੁੜ ਆਪਣੇ ਬਾਪ ਨਾਲ ਚੌਧਰੀ ਦੇ ਬੰਗਲੇ ਨਾ ਜਾਂਦਾ ਮਤੇ ਚੌਧਰੀ ਉਹਨੂੰ ਕਿਤੇ ਮੌਲਵੀ ਕੋਲ ਨਾ ਭੇਜ ਦੇਵੇ।

ਚੌਧਰੀ ਅਸਲਮ ਆਪ ਆਲਮ ਫਾਜ਼ਿਲ ਬੰਦਾ ਸੀ। ਦਾਦੇ, ਪੜਦਾਦਿਓਂ ਖੁੱਲ੍ਹੀਆਂ ਪੈਲੀਆਂ, ਤੇ ਚੌਧਰ ਉਹਨੂੰ ਵਿਰਾਸਤ 'ਚ ਮਿਲੀ ਸੀ... ਪਰ ਚੌਧਰੀ ਆਪਣੇ ਵਡਾਰੂਆਂ ਨਾਲੋਂ ਕੁਝ ਅੱਡਰੀ ਤਬੀਅਤ ਵਾਲਾ ਸੀ। ਬਦਲਦੇ ਜ਼ਮਾਨੇ ਦੇ ਰੰਗ ਢੰਗ ਉਹਨੂੰ ਚੰਗੇ ਲੱਗਦੇ ਸਨ... ਅੰਗਰੇਜ਼ੀ ਤਹਿਬੀਜ਼ ਤੋਂ ਵੀ ਉਹ ਬੜਾ ਮੁਤਾਸਿਰ ਸੀ। ਇਸੇ ਕਰਕੇ, ਉਸ ਜਿਹੜਾ ਘਰ ਬਣਵਾਇਆ ਸੀ ਉਹ ਅੰਗਰੇਜ਼ਾਂ ਦੇ ਬਣਾਏ ਡਾਕ ਬੰਗਲਿਆਂ ਵਰਗਾ ਸੀ। ਪੱਕੀ ਇੱਟ ਦੀਆਂ ਕਮਾਨ ਵਰਗੀਆਂ ਡਾਟਾਂ ਵਾਲਾ ਮੂਹਰੇ ਨੀਵਾਂ ਬਰਾਂਡਾ ਪਿਛਲੇ ਮਕਾਨ ਉੱਚੇ... ਜਿਹਨਾਂ 'ਤੇ ਡਾਟਾਂ ਪਾ ਕੇ ਲੈਂਟਰ ਪਾਇਆ ਹੋਇਆ ਸੀ। ਸੱਜੇ ਖੱਬੇ ਦੋਹਾਂ ਪਾਸਿਆਂ ਤੋਂ, ਚੜ੍ਹਦੀਆਂ ਪੌੜੀਆਂ ਕਰਕੇ ਲੋਕੀਂ ਚੌਧਰੀ ਦੇ ਘਰ ਨੂੰ ਬੰਗਲਾ ਹੀ ਕਹਿੰਦੇ ਸਨ। ਬਾਹਰ, ਬਰਾਮਦੇ 'ਚ, ਚੌਧਰੀ ਰੰਗਲੇ ਪਾਵਿਆਂ ਵਾਲੇ ਪਲੰਗ 'ਤੇ ਬਹਿੰਦਾ ਜਿੱਥੇ ਉਹ ਪਿੰਡ ਦੇ ਲੋਕਾਂ ਨੂੰ ਸਮਝਾਉਂਦਾ, ਉਹਨਾਂ ਦੇ ਲੜਾਈ ਝਗੜਿਆਂ ਦੇ ਫੈਸਲੇ ਕਰਵਾਉਂਦਾ, ਉਹਨਾਂ ਨੂੰ ਇਲਮ ਤੇ ਦੀਨ ਦੀਆਂ ਗੱਲਾਂ ਦੱਸਦਾ, ਸਾਰੇ ਗਰਾਂਈ ਚੌਧਰੀ ਦੀ ਇੱਜ਼ਤ ਕਰਦੇ ਸਨ ਪੂਰਾ ਇਲਾਕਾ ਚੌਧਰੀ ਨੂੰ ਦਾਨਾਂ ਸਮਝਦਾ ਸੀ। ਚੌਧਰੀ ਨੂੰ ਆਪਣੇ ਪਿੰਡ ਨਾਲ, ਆਪਣੀਆਂ ਪੈਲ਼ੀਆਂ ਨਾਲ, ਤੇ ਇਥੋਂ ਦੀ ਆਬੋਹਵਾ ਨਾਲ ਅੰਤਾਂ ਦਾ ਮੋਹ ਸੀ। ਉਹ ਅਕਸਰ ਕਿਹਾ ਕਰਦਾ ਸੀ...''ਇਹ ਇਲਾਕਾ ਤਾਂ ਧਰਤੀ 'ਤੇ ਜੰਨਤ ਦਾ ਟੋਟਾ, ਟੋਟਾ... ਅੱਲ੍ਹਾ ਇਹਨੂੰ ਸਦਾ ਸਲਾਮਤ ਰੱਖੇ।''

...ਸਤਲੁਜ ਦਰਿਆ ਦੇ ਉੱਤਰ ਪੱਛਮ ਵਾਲੇ ਪਾਸੇ, ਕਸਬਾ ਸ਼ਾਹਕੋਟ ਤੋਂ ਪੰਜ ਛੇ ਮੀਲ ਪੱਛਮ ਵੱਲ ਕਰਕੇ, ਪਿੰਡ ਨਿਆਜ਼ੀਪੁਰ; ਚੌਧਰੀ ਅਸਲਮ ਦੇ ਵਡਾਰੂਆਂ ਦੇ ਨਿਆਜ਼ੀ ਗੋਤਰ ਕਰਕੇ ਹੀ ਪਿੰਡ ਨਿਆਜ਼ੀਪੁਰ ਨਾਂ ਨਾਲ ਮਸ਼ਹੂਰ ਹੋਇਆ ਸੀ.. ਆਮ ਪਿੰਡਾਂ ਨਾਲੋਂ ਉੱਚੇ ਥਾਂ ਵਸਿਆ ਹੋਇਆ ਸੀ ਤਾਂਕਿ ਦਰਿਆ ਦੀ ਮਾਰ ਤੋਂ ਬਚਿਆ ਰਹੇ ਇਸ ਬਾਬਤ ਚੌਧਰੀ ਬੜੇ ਮਾਣ ਨਾਲ ਦੱਸਿਆ ਕਰਦਾ ਸੀ... ਬਈ ਇਸ ਪਿੰਡ ਦੀ ਮੁੜ੍ਹੀ ਉਹਦੇ ਵਡਾਰੂਆਂ ਨੇ ਗੱਡੀ ਸੀ।

ਦਰਿਆ ਦੀ ਜੱਦ ਵਿਚ ਹੋਣ ਕਾਰਨ ਇਹ ਸਾਰਾ ਇਲਾਕਾ ਸਦੀਆਂ ਤੋਂ ਹਰਿਆ ਭਰਿਆ ਰਿਹਾ ਹੈ। ਦਰਿਆ ਤੋਂ ਥੋੜੀ ਦੂਰ ਅਤੇ ਨਿਆਜ਼ੀਪੁਰ ਦੇ ਉੱਤਰ ਪੱਛਮ ਵੱਲ ਪੰਜ ਛੇ ਮੀਲਾਂ ਦੀ ਵਿੱਥ 'ਤੇ ਕਸਬਾ ਮਲਸੀਆਂ ਦੇ ਕੋਲੋਂ ਦੀ ਲੰਘਦੀ ਚਿੱਟੀ ਵੇਈਂ; ਜਿਹੜੀ ਆਪਣੇ ਸਾਫ਼ ਪਾਣੀ ਕਰਕੇ ਹੀ ਕਦੇ ਚਿੱਟੀ ਵੇਈਂ ਸਦੀਂਦੀ ਸੀ। ...ਇਹ ਵੇਈਂ ਪਿੰਡ ਈਸੇਵਾਲ, ਕਾਸੂਪੁਰ ਕੋਲੋਂ ਦੀ ਲੰਘਦੀ ਵਲ ਪਾ ਕੇ ਪੰਜ ਸੱਤ ਮੀਲ ਪਰਾਂ ਦੀ ਹੋ ਕੇ ਨਿਆਜ਼ੀਪੁਰ ਦੇ ਪੱਛਮ ਵੱਲੋਂ ਹੋ ਕੇ ਅਗਾਂਹ ਪੂਨੀਆਂ, ਜੱਕੋਪੁਰ, ਕੰਗਾਂ ਵੱਲ ਦੀ ਹੋ ਕੇ; ਸਤਲੁਜ ਵਿਚ ਜਾ

ਸਮੋਉਂਦੀ ਹੈ। ਚੌਧਰੀ ਅਸਲਮ ਦੇ ਕਹਿਣ ਮੁਜਬ, ਵੱਾਕਿਆ ਹੀ ਕੁਦਰਤ ਨੇ ਇਸ ਇਲਾਕੇ ਨੂੰ ਕਮਾਲ ਦਾ ਸੁਹੱਪਣ ਬਖਸ਼ਿਆ ਹੈ... ਚਿੱਟੀ ਵੇਈਂ ਤੋਂ ਮਸੀ ਵੀਹ ਕੁ ਮੀਲਾਂ ਦੀ ਵਿੱਥ ਪਾ ਕੇ ਸ਼ਹਿਰ ਸੁਲਤਾਨਪੁਰ ਲੋਧੀ ਵਿਚਦੀ ਕਾਲੀ ਵੇਈਂ ਵਗਦੀ ਹੈ ਜਿਹੜੀ ਵਲਵਲੇਵੇਂ ਖਾਂਦੀ ਇਸੇ ਦਿਸ਼ਾ ਵਿਚ ਸਤਲੁਜ ਵਿਚ ਆ ਡਿੱਗਦੀ ਹੈ। ਇਹਨਾਂ ਪਾਣੀਆਂ ਦੀ ਬਦੌਲਤ ਨਿਆਜ਼ੀਪੁਰ ਦੇ ਆਲੇ-ਦੁਆਲੇ ਦੀ ਸਾਰੀ ਧਰਤੀ ਪੋਲੀ ਤੇ ਉਪਜਾਊ ਹੈ, ਸਾਰਾ ਇਲਾਕਾ ਹਰਿਆ ਭਰਿਆ ਹੈ। ਪੁਰਾਣੇ ਵਕਤਾਂ 'ਚ ਫ਼ਸਲਾਂ ਸਿੰਜਣ ਲਈ ਇਸ ਇਲਾਕੇ 'ਚ ਖ਼ੂਹ ਲਾਉਣੇ ਸੌਖੇ ਸਨ, ਤਾਹੀਂ ਕਹਾਵਤ ਬਣੀ ਸੀ ਕਿ ਮਲਸੀਆਂ ਜਿੱਡੀ ਕੋਈ ਜੂਹ ਨਹੀਂ... ਤੇ ਸ਼ਾਹਕੋਟ ਜਿੰਨੇ ਕਿਤੇ ਖ਼ੂਹ ਨਹੀਂ। ਚੌਧਰੀ ਅਸਲਮ ਦੇ ਵਡਾਰੂਆਂ ਨੇ ਇਸੇ ਕਰਕੇ... ਇਸ ਇਲਾਕੇ ਦੀ ਚੋਣ ਕੀਤੀ ਹਊ, ਜੀਹ'ਤੇ ਚੌਧਰੀ ਨੂੰ... ਮਾਣ ਸੀ।

ਮਹਿੰਗੇ ਦੇ ਵਡਾਰੂ ਵੀ, ਜੱਦੀ ਪੁਸ਼ਤੀ ਨਿਆਜ਼ੀਪੁਰ ਦੇ ਹੀ ਵਸ਼ਿੰਦੇ ਸਨ। ਜਿਹਨਾਂ ਨੇ ਚੌਧਰੀਆਂ ਦੇ ਖੇਤਾਂ 'ਚ ਹਲ ਚਲਾਏ, ਫ਼ਲੇ ਗਾਹੇ, ਕਾਲੀਆਂ ਤੇ ਬੂਰੀਆਂ ਦੇ ਵੱਗ ਚਾਰੇ, ਮੇਲੇ ਤੇ ਛਿੰਝਾਂ ਦੇ ਰੰਗ ਤਮਾਸ਼ੇ ਦੇਖੇ... ਦਰਿਆ ਤੇ ਵੇਈਂ ਦੇ ਚੜ੍ਹਦੇ ਉੱਤਰਦੇ ਪਾਣੀ ਦੇਖੇ... ਉਹ ਮੁਸਲਮਾਨੀ ਪੀਰਾਂ ਫ਼ਕੀਰਾਂ ਦੀ ਮਾਨਤਾ ਵੀ ਕਰਦੇ ਸਨ ਤੇ ਮੁਸਲਮਾਨਾਂ ਵਾਂਗ ਆਪਣੇ ਮੁਰਦਿਆਂ ਨੂੰ 'ਦੱਬਦੇ' ਵੀ ਸਨ। ਪਰ ਪਤਾ ਨਹੀਂ ਕਿਉਂ ਉਹਨਾਂ ਨੇ ਇਸਲਾਮ ਧਰਮ ਨਹੀਂ ਸੀ ਅਪਣਾਇਆ ਜਾਂ ਸ਼ਾਇਦ ਕਿਸੇ ਵੀ ਧਰਮ ਨੇ ਉਹਨਾਂ ਨੂੰ ਨਹੀਂ ਸੀ ਅਪਣਾਇਆ... ਉਹਨਾਂ ਦੀ ਜਾਤ ਬਰਾਦਰੀ ਲਈ ਵਰਤਿਆ ਜਾਂਦਾ ਸ਼ਬਦ "....." ਇਉਂ ਸੀ ਜਿਵੇਂ ਕਿਸੇ ਘ੍ਰਿਣਤ ਗੰਦੇ ਪਸ਼ੂ ਲਈ ਵਰਤਿਆ ਜਾਂਦਾ ਹੋਵੇ।...ਅਲਾਣੀ ਮੰਜੀ 'ਤੇ ਸੁੱਤ ਨੀਂਦੇ ਜਿਹੇ ਅਵਚੇਤਨ 'ਚ ਪਏ ਮਹਿੰਗੇ ਨੂੰ ਖ਼ਬਰੇ ਕੀ ਹੋਇਆ ਉਹ ਇਕ ਦਮ ਇਉਂ ਉੱਠਿਆ, ਜਿਵੇਂ ਉਹਦੇ ਕੋਈ ਜ਼ਹਿਰੀਲੀ ਮੱਖੀ ਲੜ ਗਈ ਹੋਵੇ... ਐਨ ਇਸੇ ਵਕਤ ਫਰੜ ਫਰੜ ਕਰਕੇ ਕੁਝ ਕਬੂਤਰ ਉੱਡੇ... ਆਲ੍ਹਣਿਆਂ ਵਿਚ ਬੈਠੀਆਂ ਕਬੂਤਰੀਆਂ ਨੇ ਘਬਰਾਹਟ ਵਿਚ ਪਰ੍ਹ ਫੜ੍ਹਫੜਾਏ... ਬੋਟਾਂ ਨੇ ਚੀਂ ਚੀਂ ਸ਼ੁਰੂ ਕਰ ਦਿੱਤੀ... ਜਿਵੇਂ ਕੋਈ ਆਫ਼ਤ ਆ ਗਈ ਹੋਵੇ। ਮਹਿੰਗਾ ਡਾਹਢਾ ਆਵਾਜ਼ਾਰ ਹੋ ਗਿਆ। ਧੌਣ ਘੁਮਾਕੇ ਉਸ ਇਧਰ ਓਧਰ ਦੇਖਿਆ ਕੁਝ ਵੀ ਉਹਦੇ ਨਜ਼ਰੀਂ ਨਾ ਪਿਆ। "ਗਲ੍ਹੈਰੀ ਹੋਣੀ ਆ" ਉਸ ਅੰਦਾਜ਼ਾ ਲਾਇਆ "ਹਾਅ ਤੇਰੇ ਜਣਦਿਆਂ ਦੀ" ਇਕ ਮੋਟੀ ਗਾਲ਼ ਉਸ ਗਲ੍ਹੈਰੀ ਨੂੰ ਕੱਢੀ ਤੇ ਫਿਰ ਸਾਫ਼ੇ ਦੇ ਬਣਾਏ ਇਨੂੰ 'ਤੇ ਸਿਰ ਟਿਕਾਅ ਲਿਆ। ਬੜੀ ਦੇਰ ਉਹਦਾ ਮੂੰਹ ਬਕਬਕਾ ਜਿਹਾ ਰਿਹਾ, ਜਿਵੇਂ ਕੋਈ ਜ਼ਹਿਰੀਲੀ ਚੀਜ਼ ਖਾਧੀ ਗਈ ਹੋਵੇ!

...ਕਿੰਨਾਂ ਹੀ ਚਿਰ, ਮੰਜੀ 'ਤੇ ਪਾਸੇ ਪਰਤਦਿਆਂ; ਉਹ ਮੁੜ ਟੁੱਟੇ ਸੁਪਨੇ ਦੀ ਤੰਦ ਫੜ੍ਹਨ ਲਈ ਉੱਸਲਵੱਟੇ ਲੈਂਦਾ ਸੋਚਣ ਲੱਗ ਪਿਆ "ਦੇਖ ਲਾ ਜਦੋਂ ਮੌਤ 'ਢੁੱਕਦੀ ਹੋਵੇ ਤਾਂ ਭੋਰਾ ਭਰ ਪੰਛੀ ਦੇ ਵੀ 'ਭਾਅ ਦੀਆਂ' ਬਣ ਜਾਂਦੀਆਂ"। ..."ਜਾਨ ਕੀਹਨੂੰ ਨਈਂ ਪਿਆਰੀ" ਸੁਭਾਵਕ ਹੀ ਉਹਦੇ ਮੂੰਹੋਂ ਆਪੇ ਨਿਕਲ ਗਿਆ... ਤੇ ਉਹਦੇ ਟੁੱਟੇ ਸੁਪਨੇ ਦੀ ਤੰਦ ਮੁੜ ਜੁੜ ਗਈ। ਉਹ ਫਿਰ ਬੀਤੇ ਦੇ ਸਮੁੰਦਰ ਵਿਚ ਗੋਤੇ ਲਾਉਣ ਲੱਗ ਪਿਆ ਤੇ ਕਈ ਦਹਾਕੇ ਪਿਛਾਂਹ ਪਰਤ ਗਿਆ।... "ਵਾਕਿਆ ਹੀ, ਜਾਨ 'ਤੇ ਬਣੀ ਹੋਏ ਤਾਂ ਮਾਵਾਂ ਪੁੱਤ ਨਹੀਂ ਸੰਭਾਲਦੀਆਂ..."। "... ਏਥੇ ਕੁ ਖੜਾ ਹੋਣਾ ਚੌਧਰੀ ਉਦੋਂ" ਓਸ ਅਵਚੇਤਨ ਵਿਚ ਹੀ 'ਅੱਖਾਂ' ਨਾਲ ਥਾਂ ਮਿਣਿਆ... "ਹਾਂ ਇਥੇ ਹੀ ਸੀ, ਆਪਣੀ ਗੱਲ ਨੂੰ ਉਸ ਆਪੇ ਪੱਕਿਆਂ

ਕੀਤਾ! ...ਚੌਧਰੀ ਦੇ ਸਿਰ 'ਤੇ ਸ਼ਮਲੇ ਵਾਲੀ ਪੱਗ ਨਹੀਂ ਸੀ।

"ਭਰਾ ਬੰਤਿਆ" ...ਉਸ ਰੋਣ ਵਰਗੀ ਆਵਾਜ਼ ਵਿਚ ਕਿਹਾ ਸੀ... "ਇਹ ਘਰ ਹੁਣ 'ਤਾਡੇ ਹਵਾਲੇ ਜੇ... ਅਸੀਂ ਕੁਝ ਨਹੀਂ ਜੇ ਖੜਨਾ..."। ਚੌਧਰੀ ਦੀ ਭੁੱਬ ਨਿਕਲ ਗਈ "ਅੱਲਾ ਦਾ ਵਾਸਤਾ ਜੇ ਸਾਨੂੰ ਕਿਸੇ ਤਰ੍ਹਾਂ ਲੋਹੀਆਂ ਵਾਲੇ ਕੈਂਪ ਤਾਈਂ 'ਪਚਾਓ"।

ਮਹਿੰਗੇ ਨੂੰ ਉਦੋਂ ਕੁਝ ਸਮਝ ਨਹੀਂ ਸੀ ਆ ਰਹੀ ਬਈ ਚੌਧਰੀ ਕਿਉਂ ਰੋ ਰਿਹਾ? ਇਹ ਕਿੱਥੇ ਜਾ ਰਹੇ ਹਨ? ...ਮਹਿੰਗੇ ਦਾ ਪਿਉ ਕਹਿੰਦਾ ਸੀ "ਉਜਾੜੇ ਪੈ ਗਏ ਉਜਾੜੇ..." ਹਿੰਦੁਸਤਾਨ ਤੇ ਪਾਕਿਸਤਾਨ ਬਣ ਗਿਆ..."। ਮਹਿੰਗੇ ਦੀ ਮਾਂ ਘਾਬਰੀ ਹੋਈ ਸੀ "ਵੇ ਅੰਦਰ ਵੜਜੋ- ਕੋਈ ਬਾਹਰ ਨਾ ਨਿਕਲਿਓ"।

...ਤੇ ਸਭ ਲੋਕ ਡਰਦੇ ਅੰਦਰੀ ਵੜ ਗਏ ਸਨ। ਪਿੰਡ ਵਿਚ ਸੱਨਾਟਾ ਛਾ ਗਿਆ ਸੀ। ਜਿਵੇਂ ਗਲੀਆਂ ਵਿਚ ਕੋਈ 'ਦਿਓ' ਆਦਮ-ਬੋ-ਆਦਮ-ਬੋ ਕਰਦਾ ਫਿਰਦਾ ਹੋਵੇ। ...ਰਾਤ ਨੂੰ ਗਿੱਦੜਾਂ ਦੇ ਹਵਾਂਕਣ ਤੋਂ ਬਿਨ੍ਹਾਂ ਕੋਈ ਆਵਾਜ਼ ਨਹੀਂ ਸੀ। ਸਵੇਰ ਨੂੰ ਪਿੰਡ ਦੀ ਮਸੀਤ 'ਚੋਂ ਅਜ਼ਾਨ ਦੀ ਆਵਾਜ਼ ਨਹੀਂ ਸੀ ਆਈ। ਮਸੀਤ ਵਾਲੇ ਮੌਲਵੀ ਸਣੇ ਸਭ ਮੁਸਲਮਾਨ, ਘਰ ਛੱਡਕੇ ਰਾਤੋਂ ਰਾਤ ਚਲੇ ਗਏ ਸਨ। ਚੌਧਰੀ ਦਾ ਬੰਗਲਾ ਖਾਲੀ ਪਿਆ ਭਾਂ-ਭਾਂ ਕਰਦਾ ਸੀ।

ਦੂਜੇ ਦਿਨ ਹੀ ਧਾੜਵੀਆਂ ਨੇ, ਸੁੰਨ੍ਹੇ ਘਰਾਂ ਦੀ ਲੁੱਟਮਾਰ ਕੀਤੀ ਸੀ ਪਰ ਪਤਾ ਨਹੀਂ ਕਿਉਂ ਉਹਨਾਂ ਨੇ ਬੰਗਲੇ ਸਮੇਤ ਕਿਸੇ ਵੀ ਘਰ ਨੂੰ ਅੱਗ ਨਹੀਂ ਸੀ ਲਾਈ। ..ਪਿੰਡ ਫੂਕੇ ਜਾਣ ਤੋਂ ਬਚ ਗਿਆ ਸੀ।

ਕਈ ਦਿਨ, ਹਫ਼ਤੇ ਇਵੇਂ ਹੀ ਗੁਜ਼ਰੇ... ਰੋਂਦੇ ਕੁਰਲਾਉਂਦੇ ਲੋਕ, ਇਧਰੋਂ ਓਧਰ ਜਾ ਰਹੇ ਸਨ, ਓਧਰੋਂ ਇਧਰ ਆ ਰਹੇ ਸਨ। ਲਹਿੰਦੇ ਪੰਜਾਬੋਂ ਉੱਜੜ ਕੇ ਆਏ ਲੋਕਾਂ ਦੇ ਚਿਹਰਿਆਂ 'ਤੇ ਖ਼ੌਫ, ਉਦਾਸੀ... , ਭੁੱਖ ਪਿਆਸ ਦੇਖੀ ਨਹੀਂ ਸੀ ਜਾਂਦੀ... ਹਾਲੋਂ ਬੇਹਾਲ ਲੋਕ ਸਿਰ ਲੁਕਾਉਣ ਲਈ ਆਸਰਾ ਭਾਲਦੇ ਫਿਰਦੇ ਸਨ ਤੇ ਖਾਲੀ ਸੁੰਨ੍ਹੇ ਪਏ ਘਰ, ਜੀਆਂ ਨੂੰ ਉਡੀਕਦੇ ਸਨ.. ਆਖਿਰ ਵਕਤ ਦੇ ਪਹੀਏ ਨੇ ਅੱਗੇ ਵੱਲ ਨੂੰ ਗਿੜ੍ਹਨਾ ਹੀ ਹੁੰਦਾ.. ਜਿਉਣ ਦੀ ਇੱਛਾ ਨੇ ਵਸੀਲੇ ਲੱਭ ਹੀ ਲੈਣੇ ਹੁੰਦੇ ਆ... ਇਵੇਂ ਹੀ ਹੋਇਆ... ਸੁੰਨ੍ਹੇ ਘਰਾਂ 'ਚ ਦੀਵੇ ਜਗਣ ਲੱਗ ਪਏ.. ਲਹਿੰਦੇ ਪੰਜਾਬੋਂ ਉੱਜੜ ਕੇ ਆਏ ਜੱਟ ਸਿੱਖਾਂ ਨੂੰ ਇਹੋ ਉਜੜੇ ਘਰ, ਜ਼ਮੀਨਾਂ ਅਲਾਟ ਹੋ ਗਈਆਂ।

ਚੌਧਰੀ ਅਸਲਮ ਨਿਆਜੀ ਵਾਲਾ ਬੰਗਲਾ ਨੱਥਾ ਸਿੰਘ ਦੇ ਬਾਪ ਨਰੈਣ ਸਿੰਘ ਨੂੰ ਅਲਾਟ ਹੋਇਆ ਸੀ 'ਆਂਦੇ ਨਰੈਣ ਸਿੰਘ ਹੋਰੀਂ 'ਓਧਰ' ਵੀ ਚੰਗੇ ਖਾਂਦੇ ਪੀਂਦੇ ਸਰਦਾਰ ਸਨ। ਇਧਰ ਭਾਵੇਂ ਉਹਨਾਂ ਨੂੰ ਜ਼ਮੀਨ ਘੱਟ ਮਿਲੀ ਸੀ ਪਰ ਸਾਰੀ ਪੈਲੀ ਪੱਧਰੀ ਤੇ ਉਪਜਾਊ ਸੀ, ਬੰਤੇ ਵਰਗੇ ਹਿੰਮਤੀ ਕਾਮਿਆਂ ਨੇ ਚੌਧਰੀਆਂ ਵਾਲੇ ਉਹਨਾਂ ਹੀ ਖੇਤਾਂ ਦੇ ਨਵੇਂ ਬਣੇ ਮਾਲਕਾਂ ਨੂੰ ਸਵੀਕਾਰ ਲਿਆ ਸੀ... ਤੇ ਫਿਰ ਬੰਤੇ ਦੀ ਅਗਲੀ ਪੀੜ੍ਹੀ... ਮਹਿੰਗਾ ਇਹਨਾਂ ਸਰਦਾਰਾਂ ਦਾ ਅਗਲਾ ਕਾਮਾ ਬਣਿਆ।

ਨਰੈਣ ਸਿੰਘ ਉੱਦਮੀ ਤੇ ਦਾਨਾਂ ਬੰਦਾ ਸੀ। ਉਹਨੇ ਕੁਝ ਸਾਲਾਂ ਵਿਚ ਹੀ 'ਗੱਡੀ ਲੀਹ' 'ਤੇ ਲੈ ਆਂਦੀ। ਉਹੀ ਬੰਗਲਾ ਸੀ... ਉਹੀ ਪਲੰਗ ਸੀ... ਪਰ ਹੁਣ ਉਹਤੇ ਬੈਠਣ ਵਾਲਾ ਚੌਧਰੀ ਦੀ ਥਾਂ ਸਰਦਾਰ ਨਰੈਣ ਸਿੰਘ ਸੀ... ਪਿੰਡ ਨਿਆਜੀਪੁਰ ਦਾ ਸਰਪੰਚ...।

ਸਮਾਂ ਬੀਤਦਾ ਗਿਆ, ਮਹਿੰਗੇ ਦੀ ਉਮਰ ਦੀਆਂ, ਦੁਪਹਿਰਾਂ ਢਲ ਕੇ ਤ੍ਰਿਕਾਲਾਂ ਪੈ ਗਈਆਂ ਸਨ। ....ਹੁਣ ਤੇ ਉਹ 'ਨਦੀ ਕਿਨਾਰੇ ਰੁਖੜਾ' ਸੀ... ਪਤਾ ਨੀ ਕਦੋਂ 'ਨਦੀ ਦੇ ਪਾਣੀ' ਨੇ ਉਹਨੂੰ ਰੋੜ੍ਹ ਕੇ ਲੈ ਜਾਣਾ ਸੀ... ਅਵਚੇਤਨ ਦੀ ਅਵਸਥਾ ਵਿਚ ਹੀ ਮਹਿੰਗੇ ਦਾ ਹੱਥ ਆਪਣੇ ਝੁਰੜੀਆਂ ਵਾਲੇ ਮੂੰਹ ਤੋਂ ਹੁੰਦਾ ਹੋਇਆ ਹੇਠਾਂ ਦਾੜ੍ਹੀ ਤੱਕ ਆ ਗਿਆ... ਕਰੜ ਬਰੜੀ ਦਾੜ੍ਹੀ ਦੇ ਕਈ ਬੱਗੇ ਵਾਲ਼ ਉਹਦੇ ਹੱਥ ਵਿੱਚ ਆ ਗਏ... ਇਕ ਲੰਮਾ ਹੌਕਾ ਉਹਦੇ ਅੰਦਰੋਂ ਇਉਂ ਫੁੱਟਿਆ ਜਿਵੇਂ ਸਮੁੰਦਰ 'ਚੋਂ ਜਵਾਰਭਾਟਾ ਉੱਠਿਆ ਹੋਵੇ...। ...ਮਹਿੰਗੇ ਦੇ ਕੰਨਾਂ 'ਚ ਚੌਧਰੀ ਅਸਲਮ ਦੀ ਖੜ੍ਹਕਵੀ ਆਵਾਜ਼ ਸਾਂ ਸਾਂ ਕਰਨ ਲੱਗ ਪਈ।

"ਓਏ ਤੂੰ ਮਹਿੰਗਾ ਕਿ ਬੰਤਾ ?" ਚੌਧਰੀ ਦੀਆਂ 'ਤਰ' ਅੱਖਾਂ 'ਚ ਵਰ੍ਹਿਆ ਦੇ ਵਿਛੋੜੇ ਪਿੱਛੋਂ ਮਿਲਾਪ ਦੀ ਖੁਸ਼ੀ ਝਲਕਦੀ ਸੀ।

"ਜੀ ਮੈਂ ਮਹਿੰਗਾ" ਮਹਿੰਗੇ ਨੇ ਬੜੇ ਆਦਰ ਨਾਲ ਜਵਾਬ ਦਿੱਤਾ।

"ਅੱਛਾ!" ਜਮ੍ਹਾ ਈ ਬੰਤਾ ਲੱਗਦਾ ਤੂੰ ਤਾਂ... ਤੂੰ ਤਾਂ ਉਦੋਂ ਛੋਹਰ ਜਿਹਾ ਹੰਦਾ ਸੀ... ਦੇਖੇ ਨਾ ਪਰਵੇਜ਼ ਇਹ ਉਹੀ ਮਹਿੰਗਾ..."।

ਆਪਣਾ ਤੇ ਆਪਣੇ ਬਾਪ ਦਾ ਨਾਂਅ ਏਨ੍ਹੇ ਪਿਆਰ ਨਾਲ, ਚੌਧਰੀ ਦੇ ਮੂੰਹੋਂ ਸੁਣਕੇ... ਮਹਿੰਗੇ ਦੀਆਂ ਅੱਖਾਂ ਵੀ ਨਮ ਹੋ ਗਈਆਂ।

ਚੌਧਰੀ ਦੀਆਂ ਅੱਖਾਂ 'ਚ ਭਾਂਵੇ 'ਸਮੁੰਦਰ' ਛਲਕਦਾ ਸੀ। ਪਰ ਉਹ ਹੱਸ ਹੱਸ ਕੇ ਗੱਲਾਂ ਕਰ ਰਿਹਾ ਸੀ... "ਆਹ ਫਲਾਣਾ ਨੀ... ਤੂੰ ਅਤਰੇ ਦਾ ਮੁੰਡੇ ਫਕੀਰ ਨੀ... ਲੈ ਮੈਂ ਕਿਤੇ ਭੁੱਲਿਆ..."!

ਮਹਿੰਗੇ ਦੀ ਨਿਗ੍ਹਾ ਚੌਧਰੀ ਦੇ ਮੁੰਡੇ ਪਰਵੇਜ਼ ਨਿਆਜੀ 'ਤੇ ਟਿੱਕੀ ਹੋਈ ਸੀ... ਤੀਹ ਪੈਂਤੀ ਵਰ੍ਹੇ ਪਹਿਲਾ ਦੇਖਿਆ ਚੌਧਰੀ ਅਸਲਮ, ਉਹਨੂੰ ਪਰਵੇਜ਼ ਹੀ ਲੱਗਦਾ ਸੀ... ਐਨ ਹੂਬਹੂ ਉਹੀ ਸ਼ਕਲ... ਉਂਝ ਚੌਧਰੀ ਅਸਲਮ ਦੇ ਝੁਰੜੀਆਂ ਵਾਲੇ ਮੂੰਹ 'ਤੇ ਰੋਹਬ ਹਾਲੇ ਵੀ ਉਸੇ ਤਰ੍ਹਾਂ ਹੀ ਸੀ.. ਜਿਵੇਂ ਪੈਂਤੀ ਵਰ੍ਹੇ ਪਹਿਲਾਂ ਸੀ।

"ਸਰਦਾਰ ਜੀ ਦੁੱਖ ਤੁਸਾਂ ਵੀ ਬੜੇ ਝੱਲੇ... ਦੁੱਖ ਅਸਾਂ ਵੀ ਬੇਸ਼ੁਮਾਰ ਝੱਲੇ ਆ... ਚਲੋ ਅੱਲਾ ਦੀ ਮਰਜ਼ੀ..." ਚੌਧਰੀ ਦਾ ਹੌਕਾ ਨਿਕਲ ਗਿਆ।

ਨਰੈਣ ਸਿੰਘ ਦੇ ਘਰ ਪੂਰਾ ਪਿੰਡ ਕੱਠਾ ਹੋਇਆ ਪਿਆ ਸੀ।... ਪਿੰਡ ਵਿਚ ਅਚਾਨਕ ਮੂੰਹੋਂ ਮੂੰਹ ਖ਼ਬਰ ਫੈਲ ਗਈ ਸੀ... ਬਈ ਪਾਕਿਸਾਤਨੋਂ ਕੋਈ ਮੁਸਲਮਾਨ ਆਪਣਾ ਘਰ ਦੇਖਣ ਆਇਆ।

ਨਰੈਣ ਸਿੰਘ ਨੇ ਕਈ ਵਾਰ ਬੋਲਣ ਦੀ ਕੋਸ਼ਿਸ਼ ਕੀਤੀ ਪਰ ਚੌਧਰੀ ਦੀ ਤਾਂ ਗੱਲ ਈ ਨਹੀਂ ਸੀ ਮੁਕਦੀ। "ਸਰਦਾਰ ਜੀ ਮੈਂ ਤਾਂ ਦਿਨ ਰਾਤ ਰੋਂਦਾ ਰਿਹਾ, ਬਸ ਇਹੋ ਦੁਆ ਕਰਦਾ ਸਾਂ... 'ਯਾ ਅੱਲਾ ਫੌਤਗੀ ਤੋਂ ਪਹਿਲਾਂ ਮੈਨੂੰ ਮੇਰਾ ਪਿੰਡ ਦੇਖ ਲੈਣ ਦੇ"। ਚੌਧਰੀ ਤੋਂ ਅੱਗੇ ਬੋਲਿਆ ਨਾ ਗਿਆ, ਉਸ ਰੁਮਾਲ ਕੱਢਕੇ ਅੱਖਾਂ ਪੂੰਝੀਆਂ ਤੇ ਗਲ਼ਾ ਸਾਫ਼ ਕਰਕੇ ਉਹ ਫੇਰ ਬੋਲਿਆ "ਤੀਹ ਪੈਂਤੀ ਵਰ੍ਹਿਆਂ ਪਿਛੋਂ ਜਾਕੇ ਕਿਤੇ ਅੱਲਾ ਦਾ ਕਰਮ ਹੋਇਆ ਜੇ... ਬੜੀ ਮੁਸ਼ਕਲ ਨਾਲ ਵੀਜ਼ਾ ਮਿਲਿਆ ਜੇ..."।

"ਚੌਧਰੀ ਸਾਬ੍ਹ ਤੁਸੀਂ ਕਿਤੇ ਸਾਨੂੰ ਪਹਿਲਾਂ ਇਤਲਾਹ ਦੇ ਦਿੰਦੇ ਤਾਂ ਅਸੀਂ ਆਪ 'ਤਾਨੂੰ ਜਲੰਧਰੋਂ ਲੈਣ ਜਾਂਦੇ" ਨਰੈਣ ਸਿੰਘ ਦੇ ਏਨਾ ਕਹਿਣ ਦੀ ਦੇਰ ਸੀ, ਚੌਧਰੀ ਦੀਆਂ ਅੱਖਾਂ ਫੇਰ

ਛਲਕ ਪਈਆਂ। "ਭਰਾਵੋ ਏਨਾ ਹੀ ਬਹੁਤ ਆ, ਤੁਸੀਂ ਮੈਨੂੰ ਮੇਰੀ ਜੰਨਤ ਦੀ ਮਿੱਟੀ ਚੁੰਮ ਲੈਣ ਦਿੱਤੀ"!

ਚੌਧਰੀ ਦਾ ਜਦੋਂ ਗਲ਼ ਭਰ ਆਉਂਦਾ ਤਾਂ ਉਹ ਕੁਝ ਪਲ ਚੁੱਪ ਕਰ ਜਾਂਦਾ... ਫਿਰ ਸ਼ੁਰੂ ਹੋ ਜਾਂਦਾ... ਗੱਲਾਂ ਬਾਤਾਂ ਬੜੀ ਦੇਰ ਤਾਈਂ ਹੁੰਦੀਆਂ ਰਹੀਆਂ। ਫਿਰ ਚੌਧਰੀ ਨੇ ਸਾਰੇ ਪਿੰਡ ਦੀਆਂ ਗਲੀਆਂ 'ਚ ਗੇੜਾ ਦਿੱਤਾ... ਨਾਲ ਦੀ ਨਾਲ ਉਹ ਪੁਰਾਣੇ ਘਰ ਪਛਾਣੀ ਗਿਆ...ਆਹ, ਫਲਾਣੇ ਦਾ... ਔਹ ਫਲਾਣੇ ਦਾ...। ਪਰ ਸਭ ਤੋਂ ਵੱਧ ਉਹ ਏਸ ਗੱਲੋਂ ਬਾਗੋਬਾਗ ਸੀ ਬਈ ਉਹਦਾ ਛੱਤਿਆ ਬੰਗਲਾ ਹਾਲੇ ਵੀ ਉਵੇਂ ਹੀ ਸਾਬਤ ਸਬੂਤਾ ਸੀ ਜੀਹਦੇ 'ਚ ਪਿੰਡ ਦਾ ਸਰਪੰਚ ਨਰੈਣ ਸਿੰਘ ਆਬਾਦ ਸੀ।

...ਸੂਰਜ ਲਹਿੰਦੇ ਵੱਲ ਤੇਜੀ ਨਾਲ਼ 'ਦੌੜਾ' ਜਾ ਰਿਹਾ ਸੀ ਪਰ ਚੌਧਰੀ ਦਾ ਉੱਠਣ ਨੂੰ ਦਿਲ ਨਹੀਂ ਸੀ ਕਰਦਾ, ਜਲੰਧਰੋਂ ਹੀ ਕਿਸੇ ਵਾਕਫ਼ਕਾਰ ਨੂੰ ਨਾਲ ਲੈ ਕੇ ਪਰਵੇਜ਼ ਹੋਰੀਂ ਟੈਕਸੀ ਕਰਕੇ ਆਏ ਸਨ। ਅੱਜ ਰਾਤ ਮੁੜ ਉਹਨਾਂ ਜਲੰਧਰ ਦੇ ਕਿਸੇ ਹੋਟਲ 'ਚ ਜਾ ਰਹਿਣਾ ਸੀ। ਵਾਕਫ਼ਕਾਰ ਨੇ ਦੱਸਿਆ ਸੀ ਬਈ ਪੰਜਾਬ ਦੇ ਹਾਲਾਤ ਬਹੁਤ ਖਰਾਬ ਆ... ਪਤਾ ਨਹੀਂ ਕਦੋਂ ਕਿਥੇ ਗੋਲੀ ਚੱਲ ਜਾਏ... ਪਰਵੇਜ਼ ਇਸ ਗੱਲੋਂ ਫ਼ਿਕਰਮੰਦ ਸੀ... ਉਸ ਹੌਲ਼ੀ ਜਿਹੇ ਚੌਧਰੀ ਦੇ ਕੰਨ 'ਚ ਕਿਹਾ "ਚਲੋ ਅੱਬਾ ਜੀ, ਹੁਣ ਚੱਲੀਏ"।

"ਕਿੱਥੇ ?" ਚੌਧਰੀ ਨੇ ਇਉਂ ਕਿਹਾ ਜਿਵੇਂ ਕੰਨ 'ਚ ਕੀਤੀ ਗੱਲ ਵੀ ਉਸਨੂੰ ਸੁਣੀ ਨਾ ਹੋਵੇ। ਪਰਵੇਜ਼ ਨੇ ਆਪਣੇ-ਆਪ 'ਤੇ ਕਾਬੂ ਰੱਖਦਿਆਂ ਫਿਰ ਉਹੀ ਸ਼ਬਦ ਦੁਹਰਾਏ।

ਚੌਧਰੀ, ਮੂੜ੍ਹੇ ਤੋਂ ਮਸੀਂ ਉੱਠਿਆ ਜਿਵੇਂ ਸਰੀਰ ਵਿਚ ਸਾਹ ਸੱਤ ਹੀ ਨਾ ਹੋਵੇ। ...ਹੌਲੀ ਹੌਲੀ ਤੁਰਕੇ ਉਹ ਡਾਟਾਂ ਵਾਲੇ ਬਰਾਂਡੇ ਤੱਕ ਗਿਆ। ...ਉਸ ਜੀਅ ਭਰਕੇ ਘਰ ਨੂੰ ਵੇਖਿਆ... ਫਿਰ ਪਤਾ ਨਹੀਂ ਉਹਦੇ ਮਨ ਵਿਚ ਕੀ ਆਇਆ, ਉਸ ਬਰਾਂਡੇ ਦੇ ਇਕ ਥਮਲੇ ਨੂੰ ਘੁੱਟ ਕੇ ਜੱਫੀ ਪਾ ਲਈ ਤੇ ਧਾਹੀਂ ਰੋ ਪਿਆ। ਪਰਵੇਜ਼ ਵੀ ਭਾਵੁਕ ਹੋ ਗਿਆ। ਨਰੈਣ ਸਿੰਘ ਦੇ ਪਰਿਵਾਰ ਸਣੇ ਸਾਰਿਆਂ ਦੀਆਂ ਅੱਖਾਂ ਨਮ ਹੋ ਗਈਆਂ। "ਅੱਬਾ ਜੀ... ਜਾਣਾ ਤਾਂ ਪਵੇਗਾ ਹੀ... ਇਹ ਹੁਣ ਸਾਡਾ ਮੁਲਕ ਨਹੀਂ ਜੇ"।

ਨਰੈਣ ਸਿੰਘ ਨੇ ਗਲਵੱਕੜੀ ਪਾ ਕੇ, ਚੌਧਰੀ ਨੂੰ ਬਰਾਂਡੇ ਦੇ ਥਮਲੇ ਤੋਂ ਵੱਖ ਕੀਤਾ।... ਪਰਵੇਜ਼ ਨੇ ਉਹਨੂੰ ਬੁੱਕਲ 'ਚ ਲੈ ਕੇ ਗੱਡੀ ਵੱਲ ਤੋਰ ਲਿਆ। ਗੱਡੀ ਵੱਲ ਜਾਂਦਿਆਂ ਹੁਬਕੀਂ ਰੋਂਦਿਆਂ ਚੌਧਰੀ ਮੁੜ-ਮੁੜ ਬੰਗਲੇ ਵੱਲ ਇਉਂ ਦੇਖ ਰਿਹਾ ਸੀ, ਜਿਵੇਂ ਡੋਲੀ 'ਚ ਬੈਠਣ ਲੱਗੀ ਕੁੜੀ ਬਾਬਲ ਦੇ ਘਰ ਨੂੰ ਦੇਖਦੀ ਹੋਵੇ...।

ਛਲਕਦੀਆਂ ਅੱਖਾਂ ਨਾਲ ਪਰਵੇਜ਼ ਨੇ ਹੱਥ ਜੋੜ ਕੇ ਸਭ ਤੋਂ ਵਿਦਾ ਲਈ ...ਤੇ ਧੂੜ ਉਡਾਉਂਦੀ ਗੱਡੀ ਅੱਖਾਂ ਤੋਂ ਓਝਲ ਹੋ ਗਈ।

...ਬਦੋਬਦੀ ਮਹਿੰਗੇ ਦਾ ਸੱਜਾ ਹੱਥ ਆਪਣੀਆਂ ਅੱਖਾਂ 'ਤੇ ਚਲਿਆ ਗਿਆ, ਉਹਦੀਆਂ ਅੱਖਾਂ ਦੇ ਕੋਇਆਂ 'ਚੋਂ ਖਾਰਾ ਪਾਣੀ ਨਿਕਲ ਕੇ ਉਹਦੇ ਝੁਰੜੀਆਂ ਵਾਲੇ ਚਿਹਰੇ 'ਤੇ ਫੈਲਰਿਆ ਹੋਇਆ ਸੀ... ਬਾਹਰ ਸੜ੍ਹਕ 'ਤੇ ਸ਼ਾਇਦ ਸਕੂਲ ਦੇ ਬੱਚਿਆਂ ਵਾਲੀ ਬੱਸ ਨੇ ਹੌਰਨ ਵਜਾਇਆ ਸੀ... ਬੱਚਿਆਂ ਨੂੰ ਸਕੂਲੋਂ ਛੁੱਟੀ ਦਾ ਸਮਾਂ ਹੋਣ ਕਾਰਨ ਡਰਾਇਵਰ ਵਾਰ ਵਾਰ ਹੌਰਨ ਵਜਾ ਰਿਹਾ ਸੀ ਪਰ ਮਹਿੰਗੇ ਨੂੰ ਲੱਗਾ ਜਿਵੇਂ ਖਿਝੇ ਹੋਏ ਹਰਕੰਵਲ ਨੇ ਹੌਰਨ 'ਤੇ ਹੱਥ ਹੀ ਰੱਖ ਦਿੱਤਾ ਹੋਵੇ...।

ਹਰਕੰਵਲ ਦੀ ਖਿਝ ਤੋਂ ਡਰਦੀ ਸਰਦਾਰਨੀ ਆਪ ਗੱਡੀ 'ਚੋਂ ਉਤਰ ਕੇ ਅੰਦਰ ਆ ਗਈ। "ਮਖਿਆ ਜੀ ਕੀ ਗੱਲ ? ਤੁਰਦੇ ਨਹੀਂ ?"' ਸਰਦਾਰਨੀ ਦਾ ਬੋਲ ਵੀ ਭਾਰਾ ਸੀ, ਜਿਵੇਂ ਗਲ਼ਾ ਭਰਿਆ ਹੋਇਆ ਹੋਵੇ।

ਸਰਦਾਰਨੀ ਨੂੰ ਅੰਦਰ ਆਈ ਦੇਖਕੇ ਮਹਿੰਗੇ ਨੇ ਗੇਟ ਦਾ ਇਕ ਪੱਲਾ ਢੋਅ ਦਿੱਤਾ... ਬਾਹਰੋਂ ਸੜ੍ਹਕ ਤੋਂ ਲੰਘਦਿਆਂ ਨੂੰ ਹੁਣ ਕੁਝ ਨਹੀਂ ਸੀ ਦਿੱਸਦਾ। ਪੈਰ੍ਹ ਘੜੀਸਦਾ ਮਹਿੰਗਾ ਵੀ ਸਰਦਾਰਨੀ ਦੇ ਮਗਰੇ ਹੋ ਤੁਰਿਆ... ਨੱਥਾ ਸਿੰਘ ਕੋਠੀ ਦੇ ਇਕ ਥਮਲੇ ਨੂੰ ਜੱਫਾ ਪਾ ਕੇ ਰੋ ਰਿਹਾ ਸੀ।

"ਹੈਂ !" ਮਹਿੰਦਰ ਕੌਰ ਹੋਰ ਪਰੇਸ਼ਾਨ ਹੋ ਗਈ।

"'ਮਿੰਦਰ ਕੌਰੇ... ਹੁਣ ਪਤਾ ਨੀ ਅਸੀਂ ਮੁੜ ਕੇ ਆਉਣਾ ਕਿ ਨਹੀਂ..."

"'ਵਾ ਗੁਰੂ 'ਵਾ ਗੁਰੂ...! ਸਰਦਾਰ ਜੀ ਇਹ 'ਤਾਨੂੰ ਕੀ ਹੋਇਆ"

"'ਮਿੰਦਰ ਕੌਰੇ ਕਿੰਨੀਆਂ ਰੀਝਾਂ ਨਾਲ..." ਨੱਥਾਂ ਸਿੰਘ ਦੀ ਭੁੱਬ ਨਿਕਲ ਗਈ...

"ਹੌਸਲਾ ਕਰੋ ਜੀ... ਏਦਾਂ ਦਿਲ ਥੋੜਾ ਕਰਿਆ..."

"ਹੁਣ ਸਭ ਕੁਝ ਛੱਡ ਜਾ ਰਹੇ ਹਾਂ..." ਨੱਥਾ ਸਿੰਘ ਮਹਿੰਦਰ ਕੌਰ ਦੀ ਗੱਲ ਟੋਕ ਕੇ ਵਿਚੇ ਬੋਲ ਪਿਆ ਉਹਦੀ ਆਵਾਜ਼ ਥਿੜਕਣ ਲੱਗ ਪਈ ਪਰ ਉਹ ਬੋਲੀ ਜਾ ਰਿਹਾ, "ਮਿੰਦਰ ਕੌਰੇ ਬੱਚਿਆਂ ਨੇ ਤੇ ਹੁਣ ਆਉਣਾ ਨ੍ਹੀਂ... ਉਹ ਤਾਂ ਕਹਿੰਦੇ ਜ਼ਮੀਨ ਵੀ ਵੇਚ ਦਿਉ..." ਨੱਥਾ ਸਿੰਘ ਰੋਈ ਜਾ ਰਿਹਾ ਸੀ।

"ਪਰ ਸਰਦਾਰ ਜੀ..."। ਮਹਿੰਦਰ ਕੌਰ ਤੋਂ ਗੱਲ ਪੂਰੀ ਨਾ ਹੋਈ... ਨੱਥਾ ਸਿੰਘ ਦੇ ਰੋਣ ਦੀ ਆਵਾਜ਼ ਸਿਸਕੀਆਂ 'ਚ ਬਦਲ ਗਈ..." 'ਮਿੰਦਰ ਕੌਰੇ ਉਦੋਂ ਤਾਂ ਉਜਾੜੇ ਪਏ ਸੀ...ਅਸੀਂ ਭਰੇ ਭਰਾਏ ਘਰ ਛੱਡ ਆਏ ਸੀ...ਹੁਣ ਕੀ ਹੋਇਆ... ਆਪਾਂ ਸਭ ਕੁਝ ਛੱਡ ਚਲੇ ਆ..." ਨੱਥਾ ਸਿੰਘ ਨੇ ਥਮਲਾ ਛੱਡ ਕੇ ਦੋਏ ਹੱਥ ਆਪਣੀਆਂ ਅੱਖਾਂ ਅੱਗੇ ਕਰ ਲਏ।

"ਸਰਦਾਰ ਜੀ ਹੁਣ ਬੱਚਿਆਂ ਖਾਤਿਰ ਜਾਣਾ ਹੀ ਪੈਣਾ..." ਛਲਕਦੀਆਂ ਅੱਖਾਂ ਨਾਲ ਮਹਿੰਦਰ ਕੌਰ ਨੇ ਨੱਥਾ ਸਿੰਘ ਨੂੰ ਬੱਚਿਆਂ ਵਾਂਗ ਬੁੱਕਲ 'ਚ ਲੈ ਕੇ ਗੱਡੀ ਵੱਲ ਤੋਰ ਲਿਆ... ਨੱਥਾ ਸਿੰਘ ਮੁੜ ਮੁੜ ਘਰ ਵੱਲ ਦੇਖੀ ਜਾ ਰਿਹਾ ਸੀ... ਜਿਵੇਂ ਸੱਚੀਂ ਉਹਨਾਂ ਮੁੜ ਕਦੀ ਨਾ ਆਉਣਾ ਹੋਵੇ...।

ਗੇਟ 'ਚ ਖਲੋਤੇ ਮਹਿੰਗੇ ਦੀਆਂ ਤਰ ਅੱਖਾਂ 'ਚੋਂ ਨਿਕਲੇ ਖ਼ਾਰੇ ਪਾਣੀ ਕਾਰਨ ਉਹਦੀ ਨਿਗ੍ਹਾ ਧੁੰਦਲਾਅ ਗਈ ਉਹਨੂੰ ਭੁੱਚਕੇ ਪੈਣ ਲੱਗ ਪਏ... "ਇਹ ਚੌਧਰੀ ਅਸਲਮ ਆ ਕਿ ਨੱਥਾ ਸਿੰਘ..."।

ਸਕੂਲ ਬੱਸ ਹੌਰਨ ਵਜਾ ਕੇ ਅਗਾਂਹ ਚਲੀ ਗਈ... ਹੌਰਨ ਤੋਂ ਡਰਕੇ ਕਬੂਤਰਾਂ ਦਾ ਝੁੰਡ ਫਿਰ ਉੱਠਿਆ, ਕਿਸੇ ਉੱਡਦੇ ਕਬੂਤਰ ਨੇ ਸ਼ਾਇਦ ਲੰਮੇ ਪਏ ਮਹਿੰਗੇ 'ਤੇ ਬਿੱਠ ਕਰ ਦਿੱਤੀ ਸੀ... "ਹੈ ਤੇਰੇ ਜਣਦਿਆਂ ਦੀ..." ਮਹਿੰਗਾ, ਅਵਚੇਤਨ 'ਚੋਂ ਜਾਗ ਪਿਆ... ਉਥੇ ਨਾ ਨੱਥਾ ਸਿੰਘ ਸੀ ਨਾ ਮਹਿੰਦਰ ਕੌਰ... ਕਬੂਤਰ ਉੱਡ, ਬਹਿ ਰਹੇ ਸਨ। ...ਮਹਿੰਗਾ ਹੌਲੀ-ਹੌਲੀ ਲੱਤਾਂ ਘੜੀਸਦਾ ਗੇਟ ਵੱਲ ਵਧਿਆ... ਜੰਗਾਲੇ ਜਿੰਦਰੇ 'ਚ ਚਾਬੀ ਘੁੰਮਾਈ ਤੇ ਖੀਸੇ 'ਚ ਪਾ ਕੇ ਆਪਣੇ ਘਰ ਵੱਲ ਤੁਰ ਪਿਆ।

ਕਹਾਣੀ

# ਟੌਫੀਆਂ ਦਾ ਹਾਰ

**-ਸੁਰਿੰਦਰ ਨੀਰ**

ਕਿੰਨੇ ਦਿਨਾਂ ਤੋਂ ਉਸਦੀ ਪਤਨੀ ਰਾਣੀ ਬੌਰਾਈ ਬੌਰਾਈ ਫਿਰ ਰਹੀ ਹੈ। ਇਕ ਪੈਰ ਉਸਦਾ ਘਰ ਵਿਚ ਤੇ ਦੂਜਾ ਬਜ਼ਾਰ ਵਿਚ ਜਾਂ ਫਿਰ ਆਪਣੀ ਇਕ ਨਵੀਂ ਬਣੀ ਸਖੀਆਂ ਦੀ ਟੋਲੀ ਵੱਲ ਤੁਰਿਆ ਰਹਿੰਦਾ ਹੈ। ਜਦੋਂ ਦਾ ਇਥੋਂ ਦੇ ਇਕ ਅਖ਼ਬਾਰ ਵਿਚ ਇਕ ਸੰਸਥਾ ਨੇ ਇਸ਼ਤਿਹਾਰ ਕਢਿਆ ਹੈ ਕਿ ਇਸ ਵਾਰ ਜਿਸ ਘਰ ਵਿਚ 'ਧੀਆਂ ਦੀ ਲੋਹੜੀ' ਵਧ ਤੋਂ ਵਧ ਜਸ਼ਨ ਨਾਲ ਮਨਾਈ ਜਾਏਗੀ, ਉਸ ਧੀ ਦੇ ਮਾਪਿਆਂ ਦਾ ਸੰਸਥਾ ਵਲੋਂ ਸਨਮਾਨ ਕੀਤਾ ਜਾਵੇਗਾ। ਉਦੋਂ ਦੀ ਹੀ ਰਾਣੀ ਇਹ ਇਸ਼ਤਿਹਾਰ ਪੜ੍ਹ ਕੇ ਪਗਲਾਈ ਹੋਈ ਦੌੜ-ਭੱਜ ਵਿਚ ਲਗੀ ਹੋਈ ਹੈ। ਦੋ ਦਿਨ ਬਾਦ ਹੀ ਤਾਂ ਲੋਹੜੀ ਦਾ ਤਿਉਹਾਰ ਹੈ। ਤੇ ਇਸ ਵੇਰਾਂ ਲੋਹੜੀ ਨੂੰ ਲੈ ਕੇ ਉਸਦੇ ਚਾਅ ਹੀ ਵਖਰੇ ਨੇ। ਛੇ ਕੁ ਮਹੀਨੇ ਪਹਿਲਾਂ ਹੀ ਤਾਂ ਸ਼ਗੁਨ ਨੇ ਉਨ੍ਹਾਂ ਦੇ ਘਰ ਜਨਮ ਲਿਆ ਤੇ ਇਹ ਉਸਦੀ ਪਹਿਲੀ ਲੋਹੜੀ ਹੈ। ਵੈਸੇ ਸ਼ਗੁਨ ਤੋਂ ਪਹਿਲਾਂ ਉਨ੍ਹਾਂ ਦਾ ਇਕ ਪੁੱਤਰ ਵੀ ਹੈ ਸੰਜਮ। ਪੂਰੇ ਪੰਜ ਸਾਲ ਦਾ। ਉਹ ਏਨਾ ਕੁ ਸਮਝਦਾਰ ਤਾਂ ਹੈ ਹੀ ਕਿ ਮਾਂ ਦਾ ਐਤਕਾਂ ਦਾ ਵਖਰਾ ਜਿਹਾ ਵਤੀਰਾ ਉਹ ਸਮਝ ਸਕੇ। ਉਹ ਹੈਰਾਨ ਹੈ ਕਿ ਹੁਣ ਤਕ ਇਸ ਲੋਹੜੀ ਦੇ ਸਾਰੇ ਜਸ਼ਨ ਤਾਂ ਉਸ ਲਈ ਰਾਖਵੇਂ ਸਨ। ਕਿੰਨੇ ਚਾਅ ਨਾਲ ਉਸਦੀ ਮੰਮੀ ਮੂੰਗਫਲੀਆਂ, ਮਖਾਣਿਆਂ, ਕਾਜੂਆਂ, ਛੁਹਾਰਿਆਂ ਅਤੇ ਨਾਰੀਅਲ ਦੀਆਂ ਠੂਠੀਆਂ ਨਾਲ ਪਰੋਇਆ ਹਾਰ ਉਸ ਲਈ ਬਣਾਉਂਦੀ ਸੀ ਜਿਸ ਵਿਚ ਰੰਗਬਰੰਗੀਆਂ ਟੌਫੀਆਂ ਉਹ ਖ਼ਾਸ ਤੌਰ 'ਤੇ ਉਸਦੀ ਪਸੰਦ ਦੀਆਂ ਪਾ ਦੇਂਦੀ ਸੀ ਤੇ ਲੋਹੜੀ ਵਾਲੇ ਦਿਨ ਉਸਨੂੰ ਬਲਦੀ ਅੱਗ ਵਿਚ ਮੂੰਗਫਲੀਆਂ, ਛੁਹਾਰਿਆਂ ਨੂੰ ਸੁੱਟਣ ਦਾ ਏਨਾ ਚਾਅ ਨਹੀਂ ਸੀ ਹੁੰਦਾ, ਜਿੰਨਾਂ ਆਪਣੇ ਗਲ ਵਿਚ ਪਏ ਉਸ ਰੰਗ ਬਿਰੰਗੇ ਹਾਰ 'ਚੋਂ ਆਪਣੀ ਪਸੰਦ ਦੀਆਂ ਟੌਫੀਆਂ ਕਢ ਕਢ ਖਾਣ ਦਾ ਹੁੰਦਾ ਸੀ। ਪੂਰਾ ਸਾਲ ਉਹ ਮੰਮੀ ਪਾਪਾ ਨੂੰ ਇਹੀ ਪੁਛਦਾ ਰਹਿੰਦਾ ਸੀ ਕਿ ਟੌਫੀਆਂ ਦੇ ਹਾਰ ਵਾਲਾ ਤਿਉਹਾਰ ਕਦੋਂ ਆਵੇਗਾ ?

ਪਰ ਇਸ ਵਾਰ ਮੰਮੀ ਇਹ ਸਾਰਾ ਕੁਝ ਕਰ ਰਹੀ ਸੀ ਉਸਦੀ ਨਿੱਕੀ ਭੈਣ ਸ਼ਗੁਨ ਲਈ। ਉਹ ਵੀ ਸ਼ਾਇਦ ਇਸ ਲਈ ਕਿ ਉਸਨੇ ਇਨਾਮ ਜਿਤਣਾ ਸੀ।

ਸਿਰਫ਼ ਰਾਣੀ ਹੀ ਨਹੀਂ ਸਗੋਂ 'ਧੀਆਂ ਦੀ ਲੋਹੜੀ' ਮਨਾਉਣ ਲਈ ਹਰ ਮਾਂ-ਬਾਪ ਉਤਸ਼ਾਹਿਤ ਸੀ ਕਿਉਂਕਿ ਸਰਕਾਰ ਵਲੋਂ ਧੀਆਂ ਦੇ ਵਿਸ਼ੇਸ਼ ਅਧਿਕਾਰਾਂ ਦਾ ਪ੍ਰਚਾਰ ਕੁਝ ਸਾਲਾਂ ਤੋਂ ਇਤਨਾ ਵਧ ਚੜ੍ਹ ਕੇ ਕੀਤਾ ਜਾ ਰਿਹਾ ਸੀ ਕਿ ਜਿਵੇਂ ਜਿਨ੍ਹਾਂ ਦੇ ਘਰ ਧੀ ਨਹੀਂ ਸੀ ਉਨ੍ਹਾਂ ਨੂੰ ਅਹਿਸਾਸ ਕਰਾਇਆ ਜਾ ਰਿਹਾ ਹੋਵੇ ਕਿ ਤੁਸੀਂ ਕਿੰਨੇ ਬਦਕਿਸਮਤ ਮਾਪੇ ਹੋ ਜਿਹੜੇ ਇਸ ਨਿਆਮਤ ਤੋਂ ਵੰਚਿਤ ਹੋ। ਇਸ ਅਹਿਸਾਸ ਨੂੰ ਜਗਾਉਣ ਵਿਚ ਸਰਕਾਰ ਦੀਆਂ ਹੋਰ ਬਹੁਤ ਸਾਰੀਆਂ ਸਕੀਮਾਂ ਕੰਮ ਕਰ ਰਹੀਆਂ ਸਨ ਜਿਵੇਂ 'ਬੇਟੀ ਬਚਾਓ-ਬੇਟੀ ਪੜ੍ਹਾਓ' ਜਾਂ ਫਿਰ ਜਿਸ ਮਾਂ ਬਾਪ ਦੇ ਘਰ ਇਕਲੌਤੀ ਧੀ ਹੋਵੇ, ਉਨ੍ਹਾਂ ਨੂੰ ਸਰਕਾਰ ਵਲੋਂ ਇਨਾਮੀ ਰਾਸ਼ੀ ਵੀ ਐਲਾਨੀ ਗਈ ਹੋਈ ਸੀ। ਇਸੇ ਤਰ੍ਹਾਂ ਦੀਆਂ ਹੋਰ ਵੀ ਕਿੰਨੀਆਂ ਲਾਭਦਾਇਕ ਸਕੀਮਾਂ ਨੇ ਕੁੜੀਆਂ ਦੀ ਹੋਂਦ ਦੁਨੀਆਂ ਉੱਤੇ ਬਚਾਈ ਰਖਣ ਵਿਚ ਬਹੁਤ ਹਦ ਤਕ ਸਫ਼ਲਤਾ ਹਾਸਿਲ

ਕਰ ਲਈ ਸੀ।

ਪਰ ਸੰਜਮ ਖੁਸ਼ ਨਹੀਂ ਸੀ। ਉਹ ਚੁਪਚਾਪ ਆਪਣੀ ਮਮੀ ਨੂੰ ਚਾਵਾਂ ਨਾਲ ਸ਼ਗੁਨ ਲਈ ਹਾਰ ਬਣਾਂਦੇ, ਕਪੜੇ ਸੀਉਂਦੇ ਅਤੇ ਘਰ ਸਜਾਉਂਦੇ ਵੇਖ ਰਿਹਾ ਸੀ। ਇਸ ਸਭ ਨਾਲ ਉਹ ਆਪਣੇ ਆਪ ਨੂੰ ਮਸੋਸਿਆ ਜਿਹਾ ਮਹਿਸੂਸ ਕਰ ਰਿਹਾ ਸੀ।

ਰਾਣੀ ਤਾਂ ਆਪਣੇ ਚਾਵਾਂ ਵਿਚ ਰੁੱਝੀ ਇਸ ਪਾਸੇ ਧਿਆਨ ਨਹੀਂ ਦੇ ਰਹੀ ਸੀ ਪਰ ਉਸਦਾ ਪਤੀ ਅਰਜੁਨ ਸ਼ਰਮਾ ਆਪਣੇ ਪੁੱਤਰ ਦੇ ਮਸੋਸੇ ਮਨ ਨੂੰ ਪੂਰੀ ਤਰ੍ਹਾਂ ਸਮਝ ਰਿਹਾ ਸੀ। ਸ਼ਾਇਦ ਇਸ ਲਈ ਕਿ ਕੁਝ ਅਜਿਹੀ ਅਵਹੇਲਨਾ ਦਾ ਸ਼ਿਕਾਰ ਉਹ ਆਪ ਵੀ ਵਰ੍ਹਿਆਂ ਤੋਂ ਹੁੰਦਾ ਆ ਰਿਹਾ ਸੀ। ਹੁਣ ਇਹਦੇ ਵਿਚ ਉਸਦਾ ਕੀ ਕਸੂਰ ਸੀ ਕਿ ਚੜ੍ਹਦੀ ਜਵਾਨੀ ਵਿਚ ਹੀ ਉਸਦਾ ਪਿਤਾ ਜੋ ਇਕ ਸਰਕਾਰੀ ਦਫ਼ਤਰ ਵਿਚ ਹੈਡ-ਕਲਰਕ ਸੀ, ਉਹ ਇਕ ਸੜਕ ਹਾਦਸੇ ਵਿਚ ਗੁਜ਼ਰ ਗਿਆ। ਦੋ ਪੁਤਰਾਂ ਤੇ ਇਕ ਧੀ ਵਿੱਚੋਂ ਅਰਜੁਨ ਹੀ ਸਭ ਤੋਂ ਵੱਡਾ ਹੋਣ ਕਰਕੇ ਉਸਦੀ ਮਾਂ ਨੇ ਇਹੀ ਫ਼ੈਸਲਾ ਕੀਤਾ ਕਿ ਪਿਓ ਦੀ ਨੌਕਰੀ SRO ਤਹਿਤ ਅਰਜੁਨ ਨੂੰ ਹੀ ਮਿਲ ਜਾਵੇ। ਇਸ ਤਰ੍ਹਾਂ ਥੋੜ੍ਹੀ ਬਹੁਤ ਕੋਸ਼ਿਸ਼ ਕਰਨ ਬਾਦ ਆਖਿਰ ਅਰਜੁਨ ਨੂੰ ਉਸੇ ਦਫ਼ਤਰ ਵਿਚ ਇਕ ਕਲਰਕ ਦੀ ਨੌਕਰੀ ਮਿਲ ਗਈ ਜਿਥੇ ਉਸਦਾ ਪਿਤਾ ਹੈਡ ਕਲਰਕ ਸੀ। ਉਸਦਾ ਭਰਾ ਉਸ ਤੋਂ ਚਾਰ ਸਾਲ ਛੋਟਾ ਤੇ ਭੈਣ ਦੋ ਸਾਲ। ਉਦੋਂ ਅਰਜੁਨ ਆਪ ਕਾਲਜ ਵਿਚ ਹੀ ਪੜ੍ਹਦਾ ਸੀ ਪਰ ਪੜ੍ਹਾਈ ਛਡ, ਉਸਨੇ ਨੌਕਰੀ ਦੇ ਨਾਲ-ਨਾਲ ਘਰ ਪ੍ਰਵਾਰ ਦੀ ਸਾਰੀ ਜ਼ਿੰਮੇਵਾਰੀ ਆਪਣੇ ਮੋਢਿਆਂ 'ਤੇ ਚੁਕ ਲਈ। ਉਸਦੀ ਨੌਕਰੀ ਲਗੇ ਅਜੇ ਦੋ ਸਾਲ ਹੀ ਹੋਏ ਸਨ ਕਿ ਉਸਦੀ ਮਾਂ ਨੇ ਕੋਲ ਬਿਠਾ ਆਖਿਆ, "ਪੁਤਰਾ, ਤੇਰੀ ਭੈਣ ਕੰਵਲ ਦੇ ਹੱਥ ਪੀਲੇ ਕਰਨ ਦੀ ਉਮਰ ਹੋ ਗਈ ਹੈ। ਤੂੰ ਕੁਝ ਹੀਲਾ-ਹੁਜਤ ਕਰ ਕਿ ਕੁੜੀ ਵਕਤ ਸਿਰ ਵਿਆਹ ਕੇ ਉਸਦੇ ਘਰ ਤੋਰੀਏ।"

ਉਹ ਸੋਚਾਂ ਵਿਚ ਪੈ ਗਿਆ ਤਾਂ ਮਾਂ ਨੇ ਗੱਲ ਹੋਰ ਅੱਗੇ ਤੋਰੀ, "ਦੋ ਤਿੰਨ ਰਿਸ਼ਤੇ ਕੰਵਲ ਲਈ ਆ ਰਹੇ ਨੇ। ਮੈਂ ਹੀ ਹਾਮੀ ਨਹੀਂ ਭਰੀ ਅਜੇ। ਤੂੰ ਮੈਨੂੰ ਕੁਝ ਹੁੰਗਾਰਾ ਭਰੇਂ ਤਾਂ ਮੈਂ ਗੱਲ ਅੱਗੇ ਤੋਰਾਂ।"

"ਮਾਂ, ਪਿਤਾ ਜੀ ਦਾ ਮਿਲਿਆ ਪੈਸਾ ਸਾਡੇ ਕੋਲ ਸੁਰਖਿਅਤ ਹੈ। ਕੰਵਲ ਦਾ ਵਿਆਹ ਤਾਂ ਬੜੀ ਸੌਖੀ ਤਰ੍ਹਾਂ ਹੋ ਜਾਵੇਗਾ। ਫਿਰ ਸਾਨੂੰ ਚਿੰਤਾ ਦੀ ਤਾਂ ਕੋਈ ਲੋੜ ਹੀ ਨਹੀਂ।" ਉਸਨੇ ਆਸ ਨਾਲ ਮਾਂ ਨੂੰ ਸਮਝਾਇਆ। ਪਰ ਉਸਦੀ ਮਾਂ ਨੂੰ ਆਪਣੇ ਨਿੱਕੇ ਪੁੱਤਰ ਦੀ ਪੜ੍ਹਾਈ ਦੇ ਖਰਚਿਆਂ ਅਤੇ ਕਿਸੇ ਕੰਮ ਆਹਰ ਲਗ ਜਾਣ ਦਾ ਵੀ ਫ਼ਿਕਰ ਸੀ। ਇਸੇ ਲਈ ਉਹ ਚਾਹੁੰਦੀ ਸੀ ਕਿ ਬੈਂਕ ਵਿਚ ਰਖਿਆ ਪੈਸਾ ਥੋੜ੍ਹਾ ਖਰਚ ਹੋਵੇ ਤੇ ਅਰਜੁਨ ਨੇ ਦੋ ਸਾਲਾਂ ਵਿਚ ਜੋ ਬਚਤ ਕੀਤੀ ਹੋਵੇਗੀ, ਉਸ ਨਾਲ ਕੰਮ ਸਾਰ ਲਿਆ ਜਾਵੇ। ਪਰ ਅਰਜੁਨ ਤਾਂ ਦੋ ਸਾਲ ਘਰ ਦੇ ਖਰਚ ਪੂਰੇ ਕਰਦਾ ਹੀ ਨਿਢਾਲ ਹੁੰਦਾ ਰਿਹਾ, ਬਚਤ ਕਰਨ ਦਾ ਮੌਕਾ ਹੀ ਕਿੱਥੇ ਮਿਲਿਆ ਉਸਨੂੰ। "ਕੋਈ ਨਾ ਮਾਂ, ਮੈਂ ਬੈਂਕ ਤੋਂ ਕੁਝ ਲੋਨ ਚੁਕ ਲਵਾਂਗਾ ਤੇ ਜੋ ਘਾਟ ਹੋਵੇਗੀ ਉਹੀ ਅਸੀਂ ਬੈਂਕ ਵਿਚ ਰਖੇ ਪੈਸਿਆਂ 'ਚੋਂ ਖਰਚ ਕਰਾਂਗੇ।"

ਮਾਂ ਮੰਨ ਗਈ। ਅਰਜੁਨ ਨੇ ਆਪਣੀ ਤਨਖਾਹ ਦੀਆਂ ਕਿਸ਼ਤਾਂ ਬਦਲੇ ਬੈਂਕ 'ਚੋਂ ਲੋਨ ਲੈ ਲਿਆ ਤੇ ਮਾਂ ਨੇ ਵੀ ਬੈਂਕ ਵਿਚ ਜਮਾ ਰਖੇ ਪੈਸਿਆਂ 'ਚੋਂ ਕੁਝ ਹਿੱਸਾ ਕਢਵਾ ਕੇ ਅਖੀਰ ਕੰਵਲ ਦਾ ਵਿਆਹ ਕਰ ਉਸਨੂੰ ਉਸਦੇ ਘਰ ਤੋਰ ਦਿੱਤਾ। ਹੁਣ ਅਰਜੁਨ ਦੀ ਤਨਖਾਹ ਦਾ

ਤੀਜਾ ਹਿੱਸਾ ਬੈਂਕ ਦੀਆਂ ਕਿਸਤਾਂ ਦੀ ਅਦਾਇਗੀ ਵਿਚ ਕਟਿਆ ਜਾਣ ਲਗਾ।

ਛੋਟਾ ਭਰਾ ਰਾਜੂ ਕਾਲਜ ਦੇ ਦੂਜੇ ਸਾਲ ਵਿਚ ਸੀ। ਮਾਂ ਵੀ ਤੇ ਅਰਜੁਨ ਵੀ ਚਾਹੁੰਦਾ ਸੀ ਕਿ ਉਹ ਆਪਣੀ ਪੜ੍ਹਾਈ ਪੂਰੀ ਕਰਕੇ ਕਿਸੇ ਚੰਗੀ ਨੌਕਰੀ ਦੀ ਤਿਆਰੀ ਕਰੇ । ਪਰ ਪਤਾ ਨਹੀਂ ਉਸਨੂੰ ਕਿਵੇਂ ਇਹ ਖ਼ਿਆਲ ਆ ਗਿਆ ਕਿ ਉਹ ਕੋਈ ਕਾਰੋਬਾਰ ਕਰ ਸਕਦਾ ਹੈ। ਉਸਨੇ ਆਪਣੀ ਮਾਂ ਨੂੰ ਕਾਇਲ ਕਰਨ ਦੀ ਪੂਰੀ ਕੋਸ਼ਿਸ਼ ਕੀਤੀ।

"ਮਾਂ, ਪੜ੍ਹਾਈ ਵਿਚ ਅਜਕਲ ਕੀ ਰਖਿਆ ਹੈ। ਨੌਕਰੀਆਂ ਕਿੱਥੇ ਮਿਲਦੀਆਂ ਹਨ। ਤੂੰ ਤੇ ਵੀਰਾ ਅਗਰ ਮੇਰੀ ਮਦਦ ਕਰੋ ਤਾਂ ਮੈਂ ਕੋਈ ਛੋਟਾ ਮੋਟਾ ਕਾਰੋਬਾਰ ਸ਼ੁਰੂ ਕਰਾਂ। ਅਜਕਲ ਸਿਰਫ਼ ਆਪਣਾ ਕੰਮ ਹੀ ਰੁਜ਼ਗਾਰ ਦੇ ਸਕਦਾ ਹੈ। ਪੜ੍ਹਾਈਆਂ ਕਰਕੇ ਨੌਕਰੀਆਂ ਦੇ ਖ਼ਵਾਬ ਹੁਣ ਖ਼ਵਾਬ ਹੀ ਰਹਿ ਗਏ ਹਨ।"

ਮਾਂ ਨੇ ਅਰਜੁਨ ਨਾਲ ਗੱਲ ਕੀਤੀ। ਪਰ ਅਰਜੁਨ ਤਾਂ ਪਹਿਲਾਂ ਹੀ ਬੈਂਕ ਦੇ ਲੋਨ ਦਾ ਬੋਝ ਝਲ ਰਿਹਾ ਸੀ। ਇਹੀ ਗੱਲ ਜਦ ਉਸਨੇ ਮਾਂ ਨੂੰ ਕਹੀ ਤਾਂ ਉਹ ਝੱਟ ਬੋਲ ਪਈ–

"ਮੈਂ ਸਮਝ ਸਕਦੀ ਹਾਂ ਪੁਤਰਾ। ਪਰ ਤੈਨੂੰ ਪਤਾ ਹੈ ਨਾ ਕਿ ਤੂੰ ਆਪਣੇ ਪਿਓ ਦੀ ਨੌਕਰੀ ਲਈ ਹੋਈ ਹੈ। ਯਾਨੀ ਇਹ ਨੌਕਰੀ ਤੂੰ ਨਹੀਂ ਕਰ ਰਿਹਾ ਸਗੋਂ ਤੇਰੇ ਨਿੱਕੇ ਭੈਣ ਭਰਾਵਾਂ ਦਾ ਪਿਓ ਹੀ ਕਰ ਰਿਹਾ ਹੈ। ਇਸ ਕਰਕੇ ਉਨ੍ਹਾਂ ਦੀ ਹਰ ਖ਼ਵਾਹਿਸ਼, ਹਰ ਸੁਫ਼ਨਾ ਪੂਰਾ ਕਰਨਾ ਤੇਰਾ ਫ਼ਰਜ਼ ਹੀ ਨਹੀਂ ਸਗੋਂ ਜ਼ਿੰਮੇਵਾਰੀ ਹੈ।"

"ਪਰ ਮਾਂ, ਰਾਜੂ ਅਜੇ ਛੋਟਾ ਹੈ। ਉਸਨੂੰ ਬਿਜ਼ਨਿਸ ਦੀ ਕੀ ਸਮਝ ਹੈ ? ਉਹ ਅਜਿਹਾ ਕੀ ਕਾਰੋਬਾਰ ਕਰੇਗਾ, ਜਿਸ ਵਿਚ ਉਸਨੂੰ ਨੁਕਸਾਨ ਨਹੀਂ ਸਗੋਂ ਫ਼ਾਇਦਾ ਹੋਵੇਗਾ ?"

"ਕੁਝ ਤਾਂ ਕਰੇਗਾ ਹੀ ਪੁੱਤਰ। ਜਵਾਨ-ਜਹਾਨ ਮੁੰਡਾ ਹੈ। ਕਿੰਨਾ ਕੁ ਚਿਰ ਵਿਹਲਾ ਟਕਰਾਂ ਮਾਰਦਾ ਫਿਰੇਗਾ ? ਫਿਰ ਕਿਸੇ ਕੰਮ-ਧੰਦੇ ਲਗੇਗਾ, ਤਾਂ ਤੇਰਾ ਹੀ ਹੱਥ ਵਟਾਏਗਾ। ਮੈਂ ਵੀ ਮਦਦ ਕਰਾਂਗੀ। ਦੋਵੇਂ ਮਿਲਕੇ ਉਸਦੇ ਬਾਰੇ ਵੀ ਕੁਝ ਸੋਚਦੇ ਹਾਂ। ਉਹ ਅਜਕਲ ਬਹੁਤ ਪਰੇਸ਼ਾਨ ਰਹਿੰਦਾ ਹੈ।"

ਮਾਂ ਨੂੰ ਰਾਜੂ ਦੇ ਸੁਪਨਿਆਂ ਦਾ ਫਿਕਰ ਸੀ ਪਰ ਅਰਜੁਨ ਦੀਆਂ ਪ੍ਰੇਸ਼ਾਨੀਆਂ ਦਾ ਫਿਕਰ ਨਹੀਂ ਸੀ। ਫਿਰ ਵੀ ਅਰਜੁਨ ਨੇ ਕਿਸੇ ਤਰ੍ਹਾਂ ਮਾਂ ਨੂੰ ਮਨਾਉਣ ਲਈ ਇਕ ਸਕੀਮ ਦਾ ਸਹਾਰਾ ਲਿਆ–

"ਮਾਂ ਅੱਜਕਲ ਸਰਕਾਰ ਗ੍ਰੈਜੁਏਟ ਨੌਜਵਾਨਾਂ ਨੂੰ ਲੋਨ ਦੇਂਦੀ ਹੈ, ਜਿਨ੍ਹਾਂ ਦੀ ਕੋਈ ਆਮਦਨੀ ਨਹੀਂ ਹੈ, ਉਨ੍ਹਾਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਣ ਲਈ। ਰਾਜੂ ਅਗਰ ਆਪਣੀ ਗ੍ਰੈਜੁਏਸ਼ਨ ਪੂਰੀ ਕਰ ਲਵੇ ਤਾਂ ਉਸਨੂੰ ਬੜੀ ਆਸਾਨੀ ਨਾਲ ਇਹ ਲੋਨ ਮਿਲ ਸਕਦਾ ਹੈ, ਜਿਸ ਵਿੱਚੋਂ ਕੁਝ ਹਿੱਸਾ ਸਰਕਾਰ ਮਾਫ਼ ਵੀ ਕਰ ਦੇਂਦੀ ਹੈ। ਚੰਗਾ ਹੈ ਅਗਰ ਰਾਜੂ ਪਹਿਲਾਂ ਪੜ੍ਹਾਈ ਪੂਰੀ ਕਰ ਲਵੇ।"

ਇੱਕੋ ਸਾਲ ਬਾਕੀ ਸੀ ਰਾਜੂ ਦੀ ਗ੍ਰੈਜੁਏਸ਼ਨ ਵਿਚ। ਉਸਨੇ ਕਿਸੇ ਨਾ ਕਿਸੇ ਤਰ੍ਹਾਂ ਪੜ੍ਹਾਈ ਪੂਰੀ ਕਰ ਲਈ। ਪਰ ਹੁਣ ਲੋਨ ਲੈਕੇ ਕਾਰੋਬਾਰ ਸ਼ੁਰੂ ਕਰਣ ਦੀ ਥਾਂ ਉਸਨੇ ਬਾਹਰਲੇ ਮੁਲਕ ਜਾਣ ਦਾ ਸੁਪਨਾ ਸਜਾਣਾ ਸ਼ੁਰੂ ਕਰ ਲਿਆ।

"ਮਾਂ, ਮੇਰੇ ਤੋਂ ਨਹੀਂ ਹੋ ਸਕੇਗਾ ਇਹ ਬਿਜ਼ਨਿਸ ਵਿਜ਼ਨਿਸ। ਤੁਸੀਂ ਦੋਵੇਂ ਮੇਰੀ ਮਦਦ ਕਰੋ ਕਿ ਮੈਂ ਆਪਣੀ ਪੜ੍ਹਾਈ ਲਈ ਕਨੇਡਾ ਜਾਂ ਯੂ.ਕੇ. ਜਾ ਸਕਾਂ। ਫਿਰ ਉੱਥੇ ਹੀ ਕੰਮ ਕਾਜ

ਕਰਕੇ ਕੁਝ ਪੈਸਾ ਖੱਟ ਕਮਾ ਸਕਾਂਗਾ। ਵਰਨਾ ਏਥੇ ਤਾ ਸਾਨੂੰ ਬੇਰੁਜ਼ਗਾਰੀ ਨੇ ਹੀ ਮਾਰ ਦੇਣਾ ਹੈ।"

ਰਾਜੂ ਦੀ ਮਾਂ ਬੇਸ਼ੱਕ ਆਪਣੇ ਨਿੱਕੇ ਮੁੰਡੇ ਵਲ ਵਧ ਝੁਕਾਅ ਰਖਦੀ ਸੀ ਪਰ ਉਹ ਸਮਝਦਾਰ ਔਰਤ ਸੀ। ਅੱਜਕਲ ਨੌਜੁਆਨ ਪੀੜ੍ਹੀ ਕਿਸ ਬਰਬਾਦੀ ਵਲ ਜਾ ਰਹੀ ਹੈ, ਉਹ ਜਾਣਦੀ ਸੀ। ਫਿਰ ਉਸਨੂੰ ਆਪਣੇ ਦੋਹਾਂ ਪੁਤਰਾਂ ਦੇ ਸੁਭਾਅ ਦਾ ਅੰਤਰ ਵੀ ਪਤਾ ਸੀ। ਅਰਜੁਨ ਜਿੱਥੇ ਗਹਿਰ-ਗੰਭੀਰ ਸਿਆਣਾ ਮੁੰਡਾ ਸੀ, ਰਾਜੂ ਉਸਦੇ ਉਲਟ ਗਰਮ ਮਿਜ਼ਾਜ, ਅੱਖੜ ਤੇ ਬੇਫ਼ਿਕਰਾ ਨੌਜੁਆਨ ਸੀ। ਰਾਜੂ ਦੇ ਬਾਹਰਲੇ ਮੁਲਕ ਜਾਣ ਦਾ ਖ਼ਿਆਲ ਜਿਥੇ ਰਾਜੂ ਲਈ ਰੁਮਾਂਚ ਜਾਂ ਥ੍ਰਿਲ ਸੀ, ਉਥੇ ਉਸਦੀ ਮਾਂ ਲਈ ਇਕ ਮਜਬੂਰੀ ਤੇ ਬੇਬਸੀ ਸੀ। ਉਹ ਜਾਣਦੀ ਸੀ ਕਿ ਅਰਜੁਨ ਨੇ ਫਿਰ ਕਹਿ ਦੇਣਾ ਹੈ ਕਿ ਉਸਦੇ ਸਿਰ ਤਾਂ ਪਹਿਲਾਂ ਹੀ ਕੰਵਲ ਦੇ ਵਿਆਹ ਦਾ ਲੋਨ ਹੈ, ਹੁਣ ਰਾਜੂ ਦੇ ਬਾਹਰ ਜਾਣ ਦਾ ਖਰਚਾ ਕਿੱਥੋਂ ਕਰੇ ? ਉਸਨੇ ਸਾਰੇ ਹਿਸਾਬ-ਕਿਤਾਬ ਅਤੇ ਜੋੜ-ਤੋੜ ਕਰਕੇ ਅਖੀਰ ਹਿਸਾਬ ਲਗਾ ਲਿਆ ਕਿ ਬੈਂਕ ਵਿਚ ਜਿੰਨੇ ਪੈਸੇ ਬਚੇ ਹੋਏ ਹਨ ਉਨ੍ਹਾਂ ਵਿਚ ਜੋ ਘੱਟ ਹਨ ਉਹ ਕਿਤੋਂ ਸੂਦ 'ਤੇ ਲੈ ਲਵੇਗੀ ਪਰ ਕਿਸੇ ਤਰ੍ਹਾਂ ਰਾਜੂ ਨੂੰ ਇੱਥੋਂ ਭੇਜਣਾ ਬਹੁਤ ਜ਼ਰੂਰੀ ਸੀ।

ਅਰਜੁਨ ਨੂੰ ਮਾਂ ਨੇ ਜਦ ਇਹੀ ਗੱਲ ਦੱਸੀ ਤਾਂ ਉਹ ਵੀ ਸੋਚਾਂ ਵਿਚ ਪੈ ਗਿਆ। ਕਿਤੇ ਨਾ ਕਿਤੇ ਮਾਂ ਦਾ ਖਦਸ਼ਾ ਸਹੀ ਵੀ ਸੀ।

"ਤੂੰ ਫਿਕਰ ਨਾ ਕਰ ਮਾਂ, ਅਸੀਂ ਬਾਕੀ ਪੈਸੇ ਕਿਸੇ ਤੋਂ ਸੂਦ 'ਤੇ ਹੀ ਲੈ ਲਵਾਂਗੇ। ਪਰ ਅਗਰ ਰਾਜੂ ਬਾਹਰ ਜਾਣਾ ਚਾਹੁੰਦਾ ਹੈ ਤਾਂ ਇਹੀ ਸਹੀ ਫੈਸਲਾ ਹੈ ਉਸ ਲਈ।"

ਰਾਜੂ ਖੁਸ਼ ਸੀ। ਕਿਸੇ ਤਰ੍ਹਾਂ ਆਈਲਿਟਸ ਵਿੱਚੋਂ ਗੁਜ਼ਾਰੇ ਜੋਗੇ ਬੈਂਡਸ ਲੈ ਕੇ ਅਖੀਰ ਉਹ ਕਨੇਡਾ ਦੀ ਫਲਾਈਟ ਲੈ ਕੇ ਵਿਦੇਸ਼ ਚਲਾ ਗਿਆ। ਪਿੱਛੇ ਰਹਿ ਗਿਆ ਅਰਜੁਨ ਤੇ ਉਸਦੇ ਸਿਰ ਮਣਾਂ ਮੂੰਹੀਂ ਕਰਜ਼।

ਉਹ ਤੇਤੀ ਸਾਲਾਂ ਦਾ ਹੋ ਚੁਕਿਆ ਸੀ। ਹੁਣ ਮਾਂ ਨੂੰ ਉਸਦੇ ਵਿਆਹ ਦਾ ਫਿਕਰ ਹੋਣ ਲਗਾ। ਪਰ ਵਿਆਹ ਹੋਵੇ ਕਿਸ ਤਰ੍ਹਾਂ। ਤਨਖਾਹ ਅੱਧੋਂ ਵਧ ਤਾ ਕਰਜ਼ਿਆਂ ਦੀ ਭੇਟਾ ਚੜ੍ਹ ਜਾਂਦੀ ਹੈ। ਪਰ ਉਸਦੀ ਮਾਂ ਨੂੰ ਯਕੀਨ ਸੀ ਕਿ ਸਰਕਾਰੀ ਨੌਕਰੀ ਵਾਲੇ ਬੇ-ਐਬ ਮੁੰਡੇ ਨੂੰ ਰਿਸ਼ਤਿਆਂ ਦੀ ਘਾਟ ਨਹੀਂ ਹੋਵੇਗੀ। ਉਸਨੇ ਆਪਣੇ ਜਾਣ-ਪਛਾਣ ਵਾਲੇ ਸਾਕ ਸੰਬੰਧੀਆਂ ਤੇ ਆਢਣਾਂ-ਗੁਆਂਢਣਾਂ ਨੂੰ ਅਰਜੁਨ ਦੇ ਹਾਣ ਜੋੜ ਦੀ ਕੋਈ ਕੁੜੀ ਲੱਭਣ ਦੀ ਗੱਲ ਕਹੀ।

ਕਿੰਨੀਆਂ ਹੀ ਚੰਗੀਆਂ ਪੜ੍ਹੀਆਂ-ਲਿਖੀਆਂ ਤੇ ਚੰਗੇ ਘਰ ਪਰਵਾਰ ਦੀਆਂ ਕੁੜੀਆਂ ਦੇ ਰਿਸ਼ਤੇ ਅਰਜੁਨ ਲਈ ਆਉਣ ਲਗ ਪਏ ਪਰ ਅਰਜੁਨ ਚਾਹੁੰਦਾ ਸੀ ਕੋਈ ਨੌਕਰੀ ਕਰਦੀ ਕੁੜੀ ਉਸਦੀ ਜੀਵਨ ਸਾਥੀ ਬਣੇ ਤਾਂ ਜੋ ਜ਼ਿੰਦਗੀ ਥੋੜ੍ਹੀ ਭਾਰ ਮੁਕਤ ਹੋ ਸਕੇ। ਰਾਣੀ ਬੇਸ਼ੱਕ ਮਿਡਲ ਸਕੂਲ ਟੀਚਰ ਸੀ, ਪਰ ਸੀ ਸਰਕਾਰੀ ਨੌਕਰੀ ਵਾਲੀ। ਮਾਂ ਪੁਤਰ ਦੋਹਾਂ ਨੂੰ ਇਹ ਰਿਸ਼ਤਾ ਬਹੁਤ ਵਾਜਬ ਲਗਾ। ਸੋ ਦੋਹਾਂ ਧਿਰਾਂ ਦੇ ਰਾਜ਼ੀ ਹੁੰਦੇ ਹੀ ਅਰਜੁਨ ਦਾ ਵਿਆਹ ਰਾਣੀ ਨਾਲ ਹੋ ਗਿਆ। ਜਿਸਨੇ ਅਰਜੁਨ ਦੀ ਜ਼ਿੰਦਗੀ ਦੇ ਉਹ ਸਾਰੇ ਖਲਾਅ ਪੂਰੇ ਕਰ ਦਿੱਤੇ ਜਿਹੜੇ ਘਰ ਦੀਆਂ ਤੰਗੀਆਂ-ਤੁਰਸ਼ੀਆਂ ਕਾਰਨ ਉਸਦੀ ਸ਼ਖ਼ਸੀਅਤ ਦਾ ਮੁਕੱਦਰ ਬਣ ਚੁੱਕੇ ਸਨ। ਮਾਂ ਇਸ ਉਮਰੇ ਵੀ ਘਰ ਦਾ ਸਾਰਾ ਕੰਮ ਖੁਸ਼ੀ ਖੁਸ਼ੀ ਕਰ ਲੈਂਦੀ ਕਿਉਂਕਿ ਨੂੰਹ ਰਾਣੀ ਨੇ ਨੌਕਰੀ ਜਾਣਾ ਹੁੰਦਾ ਸੀ।

ਅਰਜੁਨ ਦੀ ਨੌਕਰੀ ਨੂੰ ਛੇ ਸਾਲ ਤੋਂ ਵਧ ਸਮਾਂ ਹੋ ਚੁਕਾ ਸੀ ਪਰ ਆਪਣੇ ਸ਼ਰਮੀਲੇ ਸੁਭਾਅ ਕਾਰਨ ਉਹ ਕਿਸੇ ਨਾਲ ਬਹੁਤਾ ਮੇਲ-ਜੋਲ ਨਹੀਂ ਸੀ ਵਧਾ ਸਕਦਾ ਸਗੋਂ ਆਪਣੇ ਕੰਮ ਨਾਲ ਕੰਮ ਰਖਦਾ ਸੀ। ਨੌਕਰੀ ਉਸਨੂੰ SRO ਵਿਚ ਮਿਲੀ ਸੀ ਪਰ ਜਦ ਸੀਨੀਆਰਟੀ ਲਿਸਟ ਵਿਚ ਉਸ ਤੋਂ ਬਹੁਤ ਪਿੱਛੇ ਚਲ ਰਹੇ ਤਿੰਨ ਮੁੰਡੇ ਉਸ ਤੋਂ ਪਹਿਲਾਂ ਪ੍ਰਮੋਟ ਕਰ ਦਿੱਤੇ ਗਏ ਤਾਂ ਉਸਨੂੰ ਬਹੁਤ ਵੱਡਾ ਝਟਕਾ ਲਗਾ। ਪਹਿਲੀ ਵਾਰ ਉਸਨੇ ਆਪਣੇ ਅਫ਼ਸਰਾਂ ਸਾਹਮਣੇ ਏਤਰਾਜ਼ ਜਤਾਇਆ ਸੀ।

"ਇਹ ਦੋਵੇਂ ਮੇਰੇ ਤੋਂ ਜੂਨੀਅਰ ਹਨ ਪਰ ਪ੍ਰਮੋਸ਼ਨ ਮੇਰੇ ਤੋਂ ਪਹਿਲਾਂ ਕਿਉਂ?"

"ਮਿਸਟਰ ਸ਼ਰਮਾ, ਤੁਸੀਂ ਜਨਰਲ ਕੈਟਾਗਰੀ ਤੋਂ ਹੋ ਜਦ ਕਿ ਇਹ ਰਿਜ਼ਰਵ ਤੋਂ ਹਨ। ਇਹ ਸਪੈਸ਼ਲ ਰਿਜ਼ਰਵੇਸ਼ਨ ਕਰਕੇ ਪਹਿਲਾਂ ਪ੍ਰਮੋਟ ਹੋਏ ਹਨ, ਕਿਉਂਕਿ ਇਹ ਇਨ੍ਹਾਂ ਦਾ ਹੱਕ ਬਣਦਾ ਹੈ।"

"ਪਰ ਸਰ ਮੈਂ ਕੰਪਿਊਟਰ ਨੋਇੰਗ ਹਾਂ। ਸ਼ਾਰਟ ਹੈਂਡ ਤੇ ਡਿਕਟੇਸ਼ਨ ਵਿਚ ਮੈਨੂੰ ਮੁਹਾਰਤ ਹਾਸਿਲ ਹੈ। ਮੇਰੇ ਸਭ ਸੀਨੀਅਰ ਤੇ ਆਫ਼ੀਸਰ ਮੇਰੇ ਕੰਮ ਦੀ ਪ੍ਰਸ਼ੰਸਾ ਕਰਦੇ ਹਨ। ਮੇਰੀ ਕੁਆਲੀਫ਼ਿਕੇਸ਼ਨ ਵੀ ਇਨ੍ਹਾਂ ਤੋਂ ਵਧ ਹੈ ਸਰ! ਫਿਰ ਕੀ ਮੇਰੀ ਕੋਈ ਕਾਬਲੀਅਤ ਮੇਰੀ ਪ੍ਰਮੋਸ਼ਨ ਲਈ ਕਾਫੀ ਨਹੀਂ ਹੈ?"

"ਇਹ ਮੌਲਿਕ ਅਧਿਕਾਰ ਹਨ ਬਰਖ਼ੁਰਦਾਰ ਜੋ ਕਾਨੂੰਨ ਅਤੇ ਸੰਵਿਧਾਨ ਨੇ ਇਨ੍ਹਾਂ ਨਾਗਰਿਕਾਂ ਨੂੰ ਦਿੱਤੇ ਹੋਏ ਹਨ। ਕਿਤੇ ਨਾ ਕਿਤੇ ਤਾਂ ਰਿਜ਼ਰਵ ਵਾਲੇ ਜਨਰਲ ਵਾਲਿਆਂ ਨੂੰ ਪਟਕਣੀ ਦੇ ਹੀ ਸਕਦੇ ਹਨ ਨਾ।" ਇਹ ਡਿਪਾਰਟਮੈਂਟ ਦਾ ਐਡਮਨਿਸਟ੍ਰੇਟਿਵ ਆਫੀਸਰ ਸੀ ਜੋ ਆਪ ਵੀ ਰਿਜ਼ਰਵ ਕੈਟਾਗਰੀ ਦਾ ਹੋਣ ਕਰਕੇ ਸ਼ਾਇਦ ਯੁਗਾਂ-ਯੁਗਾਂ ਦੀ ਭੜਾਸ ਕਢ ਰਿਹਾ ਸੀ।

"ਸਰ, ਇਹ ਮੇਰੇ ਨਾਲ ਨਾਇਨਸਾਫੀ ਹੈ।" ਭਰੀਆਂ ਅੱਖਾਂ ਨਾਲ ਇਹ ਕਹਿੰਦਿਆਂ ਜਦ ਉਹ ਉਸ ਕਮਰੇ 'ਚੋਂ ਬਾਹਰ ਨਿਕਲਿਆ ਤਾਂ ਪਿੱਛੇ ਐਡਮਨਿਸਟ੍ਰੇਟਿਵ ਆਫੀਸਰ ਦੇ ਗੁੱਸੇ ਵਿਚ ਬੋਲੇ ਕੁਝ ਸ਼ਬਦਾਂ ਦੀ ਉੱਚੀ ਅਵਾਜ਼ ਉਸਦੇ ਕੰਨੀਂ ਪਈ ਤਾਂ ਜ਼ਰੂਰ ਪਰ ਉਹ ਦਰਵਾਜ਼ਾ ਬੰਦ ਕਰਕੇ ਬਾਹਰ ਆ ਗਿਆ।

ਆਪਣੇ ਹੱਕ ਦੀ ਗੱਲ ਕਰਨਾ ਅਰਜੁਨ ਲਈ ਭਾਰਾ ਪੈ ਗਿਆ। ਕਿਉਂਕਿ ਐਡਮਨਿਸਟ੍ਰੇਟਿਵ ਆਫੀਸਰ ਨੇ ਜਿੱਥੇ ਉਸਦੇ ਏਤਰਾਜ਼ ਨੂੰ ਆਪਣੇ ਅਹੰਮ ਉੱਤੇ ਹਮਲਾ ਮੰਨ ਲਿਆ, ਉੱਥੇ ਨਾਲ ਦੇ ਉਹੀ ਸਹਿਕਰਮੀ ਜਿਹੜੇ ਉਸ ਤੋਂ ਜੂਨੀਅਰ ਹੁੰਦੇ ਹੋਏ ਵੀ ਹੁਣ ਉਸਦੇ ਸੀਨੀਅਰ ਹੋ ਚੁਕੇ ਸਨ, ਉਹ ਵੀ ਉਸ ਨਾਲ ਖਾਰ ਖਾਣ ਲਗ ਪਏ ਸਨ। ਇਕ ਘੇਰਾ ਉਸਦੇ ਦੁਆਲੇ ਬੰਨਿਆ ਜਾ ਚੁਕਾ ਸੀ ਤੇ ਉਹ ਫੱਟੜ ਜਾਨਵਰ ਵਾਂਗ ਉਸ ਘੇਰੇ ਅੰਦਰ ਤੜਫ ਰਿਹਾ ਸੀ।

ਇਹ ਕਿਵੇਂ ਹੋ ਸਕਦਾ ਸੀ ਕਿ ਇਕ ਇਨਸਾਨ, ਜਿਸਨੂੰ ਘਰ ਦੀਆਂ ਤੰਗੀਆਂ-ਤੁਰਸ਼ੀਆਂ ਨੇ, ਕਰਜ਼ੇ ਦੇ ਬੋਝ ਨੇ ਅਤੇ ਦਫ਼ਤਰ ਦੇ ਅਣਸੁਖਾਵੇਂ ਮਾਹੌਲ ਨੇ ਬੁਰੀ ਤਰ੍ਹਾਂ ਝੰਭ ਸੁਟਿਆ ਹੋਵੇ, ਉਹ ਇਸ ਮਾਨਸਿਕ ਦਬਾਓ ਦੇ ਕਹਿਰ ਵਿਚ ਘਰ ਪ੍ਰਵਾਰ ਦੀਆਂ ਖੁਸ਼ੀਆਂ ਵਿਚ ਅਣਗਹਿਲੀ ਨਾ ਕਰ ਰਿਹਾ ਹੋਵੇ। ਵਿਆਹ ਦੀ ਪਹਿਲੀ ਵਰ੍ਹੇਗੰਢ 'ਤੇ ਹੀ ਇਸ ਦਬਾਓ ਨੇ ਆਪਣਾ ਅਜਿਹਾ ਅਸਰ ਵਿਖਾਇਆ ਕਿ ਅਰਜੁਨ ਬੁਰੀ ਤਰ੍ਹਾਂ ਹਿਲ ਗਿਆ। ਗਲਤੀ ਹੈ

ਹੀ ਸੀ ਉਸਦੀ। ਪਹਿਲੀ ਸਾਲਗਿਰਹ ਪਰ ਪਤਨੀ ਲਈ ਕੋਈ ਤੋਹਫ਼ਾ, ਕੋਈ ਗੁਲਦਸਤਾ, ਕੋਈ ਪਾਰਟੀ ਨਹੀਂ। ਇਥੋਂ ਤਕ ਕਿ ਬੀਵੀ ਨੂੰ ਪਿਆਰ ਨਾਲ ਵਧਾਈ ਦੇਣੀ ਵੀ ਉਸਨੂੰ ਯਾਦ ਨਹੀਂ ਸੀ।

ਹੁਣ ਇਹ ਗੁਸਤਾਖ਼ੀ ਪਤਨੀ ਕਿਵੇਂ ਝੱਲ ਲੈਂਦੀ। ਉਸਦਾ ਦਿਲ ਬੁਰੀ ਤਰ੍ਹਾਂ ਟੁੱਟ ਗਿਆ। ਸਰਪ੍ਰਾਈਜ਼ ਵਜੋਂ ਜੋ ਉਸਨੇ ਵਧੀਆ ਬ੍ਰਾਂਡ ਦੀ ਘੜੀ ਅਰਜੁਨ ਲਈ ਲਿਆਂਦੀ ਸੀ, ਉਹ ਉਸਨੂੰ ਦੇਂਦਿਆਂ, ਰਾਣੀ ਦੀਆਂ ਅੱਖਾਂ ਵਿਚ ਕੁਝ ਐਸੀ ਚਮਕ ਸੀ ਜਿਸਨੇ ਅਰਜੁਨ ਨੂੰ ਧੁਰ ਅੰਦਰ ਤਕ ਨਮੋਸ਼ੀ ਦੀ ਡੂੰਘੀ ਖਾਈ ਵਿਚ ਸੁੱਟ ਦਿੱਤਾ। ਰਾਣੀ ਨੇ ਤੋਹਫਾ ਦਿੱਤਾ ਤਾਂ ਪਿਆਰ ਨਾਲ ਸੀ ਪਰ ਨਿਹੋਰੇ ਜਿਹੇ ਵਿਚ ਉਸਦਾ ਗਰੂਰ ਅਰਜੁਨ ਨੂੰ ਬੁਰੀ ਤਰ੍ਹਾਂ ਕਮਤਰੀ ਦਾ ਅਹਿਸਾਸ ਕਰਵਾ ਗਿਆ। ਸ਼ਾਇਦ ਇਹੀ ਉਹ ਘਟਨਾ ਸੀ ਜਿਸਨੇ ਰਾਣੀ ਨੂੰ ਗ੍ਰਹਿਸਤੀ ਦੀ ਪ੍ਰਧਾਨਤਾ ਕਰਨ ਦੇ ਸਾਰੇ ਅਧਿਕਾਰ ਬਿਨਾ ਕਿਸੇ ਤਰਦੱਦ ਦੇ, ਦੇ ਦਿੱਤੇ ਤੇ ਅਰਜੁਨ ਨੇ ਵੀ ਚੁੱਪ-ਚੁਪੀਤੇ ਹੀ ਅਧੀਨਤਾ ਪ੍ਰਵਾਨ ਕਰ ਲਈ, ਉਹ ਵੀ ਬਿਨਾ ਕਿਸੇ ਸ਼ਿਕਾਇਤ ਦੇ।

ਫਿਰ ਇਹ ਉਨ੍ਹਾਂ ਦੀ ਜ਼ਿੰਦਗੀ ਦਾ ਚਲਨ ਹੀ ਬਣ ਗਿਆ। ਦਫ਼ਤਰ ਵਿਚ ਉਸਦੇ ਜੂਨੀਅਰ, ਉਸਦੇ ਸੀਨੀਅਰ ਬਣ ਉਸ ਉੱਤੇ ਹੁਕਮ ਚਲਾਉਂਦੇ ਰਹੇ, ਤੇ ਘਰ ਵਿਚ ਉਸਦੀ ਪਤਨੀ ਵਧ ਕਮਾਊ ਹੋਣ ਵਾਲੀ ਸ੍ਰੇਸ਼ਠ ਭਾਵਨਾ ਦੀ ਸ਼ਿਕਾਰ, ਘਰ ਦੀ ਪ੍ਰਧਾਨ ਬਣ ਗਈ। ਕਿਸੇ ਫੈਸਲੇ ਦਾ ਅਧਿਕਾਰ ਅਰਜੁਨ ਕੋਲ ਨਾ ਦਫ਼ਤਰ ਵਿਚ ਸੀ, ਨਾ ਘਰ ਵਿਚ। ਮਾਂ ਆਪਣੀਆਂ ਬੁੱਢੀਆਂ ਅੱਖਾਂ ਨਾਲ ਇਹ ਸਭ ਵੇਖ ਰਹੀ ਸੀ। ਉਸਦੇ ਬੁੱਲਾਂ ਦੀ ਚੁੱਪ ਨੇ ਅਰਜੁਨ ਦੇ ਅੰਦਰਲੇ ਸੰਨਾਟਿਆਂ ਨੂੰ ਹੋਰ ਡੂੰਘਾ ਕਰ ਦਿੱਤਾ ਸੀ।

ਇਨ੍ਹਾਂ ਸੰਨਾਟਿਆਂ ਨੂੰ ਚੀਰਦਾ ਹੋਇਆ ਜਦ ਸੰਜਮ, ਉਨ੍ਹਾਂ ਦੀ ਜ਼ਿੰਦਗੀ ਵਿਚ ਆਇਆ ਤਾਂ ਮਾਨਸਿਕ ਦਬਾਓ ਖੁਸ਼ੀਆਂ ਦੇ ਖੰਭ ਲਾ ਕੇ ਉਡ ਗਏ। ਸੰਜਮ ਵਰਦਾਨ ਬਣ ਕੇ ਆਇਆ ਸੀ। ਉਸਦੇ ਪੈਦਾ ਹੋਣ 'ਤੇ ਰਾਣੀ ਨੇ ਅਰਜੁਨ ਨੂੰ ਕਿਹਾ ਸੀ-

"ਹੁਣ ਤਾਂ ਗੱਡੀ ਲੈ ਲਵੋ। ਨਿਆਣੇ ਨੂੰ ਸਰਦੀਆਂ-ਗਰਮੀਆਂ ਵਿਚ ਸਕੂਟਰਾਂ 'ਤੇ ਘੁਮਾਉਂਦੇ ਚੰਗੇ ਲਗਦੇ ਹਾਂ?"

ਅਰਜੁਨ ਨੇ ਮਨ ਹੀ ਮਨ ਹਿਸਾਬ ਲਗਾਇਆ। ਅਜੇ ਵੀ ਚਾਰ ਲੱਖ ਦਾ ਕਰਜ਼ਾ ਉਸਦੇ ਸਿਰ ਸੀ।

"ਥੋੜ੍ਹਾ ਰੁਕ ਜਾ। ਇਸਦੇ ਪਹਿਲੇ ਜਨਮ ਦਿਨ 'ਤੇ ਪੱਕਾ ਆਪਾਂ ਕਾਰ ਲੈ ਲਵਾਂਗੇ।" ਉਸਨੇ ਸੰਜਮ ਦੇ ਵਾਲਾਂ 'ਚ ਹੱਥ ਫੇਰਦੇ ਕਿਹਾ। ਹਾਲਾਂਕਿ ਜਾਣਦਾ ਸੀ ਕਿ ਪਤਾ ਨਹੀਂ ਸਾਲਗਿਰਹ ਦਾ ਇਹ ਵਾਦਾ ਵੀ ਵਿਆਹ ਦੀ ਪਹਿਲੀ ਸਾਲਗਿਰਹ ਵਰਗਾ ਹੀ ਨਾ ਹੋ ਜਾਵੇ ਕਿਤੇ।

"ਪਤਾ ਹੈ ਮੈਨੂੰ ਤੁਹਾਡੇ ਵਾਅਦਿਆਂ ਦਾ।" ਰਾਣੀ ਵੀ ਆਪਣੀ ਵਿਆਹ ਦੀ ਵਰ੍ਹੇਗੰਢ ਨਹੀਂ ਸੀ ਭੁੱਲੀ ਹੋਈ। ਇਸੇ ਲਈ ਉਸਨੇ ਆਪਣੀ ਹੀ ਤਨਖਾਹ 'ਤੇ ਲੋਨ ਲੈ ਕੇ ਕਾਰ ਘਰੇ ਲਿਆ ਖੜੀ ਕੀਤੀ। ਏਨਾ ਹੀ ਨਹੀਂ, ਪੰਦਰਾਂ ਕੁ ਦਿਨ ਇੰਸਟੀਟਿਊਟ ਵਿਚ ਲਗਾ ਕੇ ਡਰਾਇਵਿੰਗ ਵੀ ਸਿਖ ਲਈ। ਤੇ ਹੁਣ ਉਹ ਪੂਰੀ ਠਾਠ ਨਾਲ ਗੱਡੀ ਚਲਾ ਸਕਦੀ ਸੀ। ਚਲਾਉਂਦੀ ਵੀ ਕਿਉਂ ਨਾ ? ਹੁਣ ਉਹ ਮਿਡਲ ਸਕੂਲ ਟੀਚਰ ਨਹੀਂ ਸਗੋਂ ਹਾਇਰ ਸਕੈਂਡਰੀ ਸਕੂਲ ਟੀਚਰ ਬਣ ਚੁਕੀ ਸੀ। ਜਦ ਕਿ ਅਰਜੁਨ ਦੀ ਅਜੇ ਤਕ ਵੀ ਕੋਈ ਪ੍ਰਮੋਸ਼ਨ ਨਹੀਂ ਸੀ

ਹੋਈ ਤੇ ਉਹ ਕਲਰਕ ਹੀ ਸੀ।

ਕਿੰਨਾ ਕੁਝ ਇਨਸਾਨ ਦੇ ਅੰਦਰ ਭਖਦਾ ਸੁਲਘਦਾ ਰਹਿੰਦਾ ਹੈ ਪਰ ਆਪਣੀਆਂ ਮਜਬੂਰੀਆਂ ਸਾਹਵੇਂ ਬੰਦਾ ਢੀਠ ਜਿਹਾ ਬਣਿਆ ਆਲੇ ਦੁਆਲੇ ਦੀ ਹਰ ਉਸ ਚੀਜ਼ ਜਾਂ ਹਰ ਉਸ ਗੱਲ ਨੂੰ ਨਜ਼ਰ ਅੰਦਾਜ਼ ਕਰਨ ਦਾ ਢੋਂਗ ਜਿਹਾ ਰਚਾਉਂਦਾ ਰਹਿੰਦਾ ਹੈ। ਸਿਰਫ ਇਸ ਲਈ ਕਿ ਉਹ ਜਾਣਦਾ ਹੈ ਕਿ ਜਿਨ੍ਹਾਂ ਗੱਲਾਂ ਜਾਂ ਜਿਨ੍ਹਾਂ ਚੀਜ਼ਾਂ ਨੂੰ ਆਪਣੀ ਮਜਬੂਰੀ ਲਾਚਾਰੀ ਕਾਰਨ ਚੁਨੌਤੀ ਨਹੀਂ ਦੇ ਸਕਦਾ, ਉਨ੍ਹਾਂਨੂੰ ਨਜ਼ਰ-ਅੰਦਾਜ਼ ਕਰ ਦੇਣਾ ਹੀ ਸਹੀ ਹੈ। ਚੈਲੰਜ ਤਾਂ ਉੱਥੇ ਕੀਤਾ ਜਾ ਸਕਦਾ ਹੈ, ਜਿੱਥੇ ਜਿੱਤ ਸਕਣ ਦਾ ਯਕੀਨ ਹੋਵੇ। ਜਿੱਥੇ ਹਾਰ ਪਹਿਲਾਂ ਹੀ ਤਸਲੀਮ ਕਰ ਲਈ ਹੋਵੇ ਉਥੇ ਚੁਨੌਤੀਆਂ ਨਹੀਂ ਦਿੱਤੀਆਂ ਜਾ ਸਕਦੀਆਂ। ਰਾਣੀ ਚਾਵਾਂ, ਸਧਰਾਂ, ਸੁਪਨਿਆਂ, ਖਾਹਿਸ਼ਾਂ ਤੇ ਸਵੈ-ਵਿਸ਼ਵਾਸ ਨਾਲ ਭਰੀ ਹੋਈ ਖੁਸ਼ਮਿਜ਼ਾਜ ਔਰਤ ਹੈ। ਇਸੇ ਲਈ ਉਹ ਆਪਣੀਆਂ ਦੋਸਤੀਆਂ ਦੇ ਘੇਰੇ ਵਿਚ ਆਪਣੇ ਆਪ ਨੂੰ ਖੁਸ਼ ਤੇ ਸੰਤੁਸ਼ਟ ਕਰਨ ਲਈ ਨਿੱਤ ਨਵੇਂ ਅਵਸਰ ਭਾਲਦੀ ਰਹਿੰਦੀ ਹੈ। ਪਰ ਅਰਜੁਨ ਕੋਲ ਨਾ ਦੋਸਤੀ ਦਾ ਕੋਈ ਅਜਿਹਾ ਮਹੱਤਵਪੂਰਣ ਦਾਇਰਾ ਹੈ ਤੇ ਨਾ ਹੀ ਉਸਦੇ ਅੰਤਰਮੁਖੀ ਸੁਭਾਅ ਨੇ ਉਸਨੂੰ ਏਨਾ ਖੁਲ੍ਹਦਿਲਾ ਹੋਣ ਦਾ ਮੌਕਾ ਹੀ ਦਿੱਤਾ ਹੈ। ਇਥੋਂ ਤਕ ਕਿ ਰਾਣੀ ਅਤੇ ਸੰਜਮ ਨਾਲ ਕਿਤੇ ਬਾਹਰ ਬਜ਼ਾਰ ਜਾਂ ਮੂਵੀ ਦੇਖਣ ਜਾਂਦਿਆਂ ਵੀ ਉਹ ਆਪਣੇ ਮਾਨਸਿਕ ਖੌਲ ਵਿਚ ਸਿਮਟਿਆ ਜਿਹਾ ਰਹਿੰਦਾ ਹੈ। ਉਸਦਾ ਇੱਕੋ ਇਕ ਮਨਪ੍ਰਚਾਵਾ ਅਤੇ ਮਨਪਸੰਦ ਸਾਥ ਸੰਜਮ ਹੀ ਹੈ। ਤੇ ਓਹੀ ਸੰਜਮ ਅਜ ਮਸੋਸਿਆ ਜਿਹਾ ਉਦਾਸ ਬੈਠਾ ਹੈ।

"ਕੀ ਗੱਲ ਪੁਤਰ ? ਤੂੰ ਉਦਾਸ ਜਿਹਾ ਕਿਉਂ ਬੈਠਾ ਹੈਂ ? ਮੇਰੇ ਨਾਲ ਖੇਡ ਵੀ ਨਹੀਂ ਰਿਹਾ ?" ਉਸਨੇ ਪੁਤਰ ਨੂੰ ਪੁਛਿਆ।

"ਪਾਪਾ, ਇਸ ਵਾਰ ਮੇਰੀ ਲੋਹੜੀ ਨਹੀਂ ਮਨਾਵਾਂਗੇ ?" ਉਸਨੇ ਮਾਸੂਮੀਅਤ ਨਾਲ ਪੁਛਿਆ ਤਾਂ ਅਰਜੁਨ ਨੂੰ ਹੈਰਾਨੀ ਹੋਈ।

"ਕਿਉਂ ਬੇਟਾ, ਕਿਉਂ ਨਹੀਂ ਮਨਾਵਾਂਗੇ ? ਤੈਨੂੰ ਕਿਸਨੇ ਕਿਹਾ ਕਿ ਨਹੀਂ ਮਨਾਵਾਂਗੇ ? ਵੇਖ, ਤੇਰੀ ਦਾਦੀ ਕਿਵੇਂ ਕਲ ਤੋਂ ਸੁਕੀਆਂ ਲਕੜਾਂ ਇਕੱਠੀਆਂ ਕਰ ਰਹੀ ਹੈ ਰਾਤੀਂ ਬਾਲਣ ਲਈ।"

"ਅਰਜੁਨ ਨੇ ਉਸਨੂੰ ਜਵਾਬ ਤਾਂ ਦੇ ਦਿੱਤਾ ਪਰ ਉਹ ਸਮਝ ਗਿਆ ਕਿ ਕੋਈ ਗੱਲ ਤਾਂ ਹੈ ਜਿਸਨੇ ਉਸਦੇ ਮਾਸੂਮ ਦਿਲ ਨੂੰ ਪਰੇਸ਼ਾਨ ਕਰ ਦਿੱਤਾ ਹੋਇਆ ਹੈ।"

ਸੰਜਮ ਦੇ ਮਾਸੂਮ ਜਿਹੇ ਖਦਸ਼ੇ ਨੇ ਅਰਜੁਨ ਦੇ ਧੁਰ ਅੰਦਰ ਜਿਵੇਂ ਕਿੰਨੇ ਨੁਕੀਲੇ ਖੰਜਰ ਖੋਭ੍ਹ ਦਿੱਤੇ। ਕਿੰਨਾ ਕੁਝ ਉਸਦੀਆਂ ਅੱਖਾਂ ਅੱਗੇ ਫ਼ਿਲਮੀ ਰੀਲ ਵਾਂਗ ਘੁੰਮ ਗਿਆ। ਅਸੁਰਖਿਆ ਭਾਵਨਾ, ਕਮਤਰੀ ਦਾ ਅਹਿਸਾਸ, ਕਾਬਲ ਹੋਣ ਦੇ ਬਾਵਜੂਦ ਵੀ ਵੰਡੀਆਂ ਕਾਰਨ ਹੱਕਾਂ ਦੇ ਖੋਹੇ ਜਾਣ ਦਾ ਰੋਹ, ਤਾਕਤਵਰਾਂ ਹਥੋਂ ਨਜਾਇਜ਼ ਸਤਾਏ ਜਾਣ ਦੀ ਬੇਬਸੀ ਤੇ ਕਿੰਨਾ ਕੁਝ ਹੋਰ । ਉਸਨੂੰ ਹੁਣ ਸਮਝ ਆ ਰਿਹਾ ਸੀ ਕਿ ਇਹ ਨਾਬਰਾਬਰੀ ਅਤੇ ਸ਼ੋਸ਼ਣ ਦਾ ਜ਼ਹਿਰ ਕੇਵਲ ਬਾਹਰਲੇ ਸਮਾਜ ਵਿਚ ਹੀ ਨਹੀਂ ਫੈਲਿਆ ਹੁੰਦਾ, ਸਗੋਂ ਜਾਣੇ ਅਣਜਾਣੇ ਇਹ ਬੀਜ ਸਾਡੇ ਘਰਾਂ ਪਰਿਵਾਰਾਂ ਵਿਚ ਵੀ ਪੁੰਗਰ ਰਹੇ ਹੁੰਦੇ ਨੇ ਜਿਨ੍ਹਾਂ ਵਲ ਅਸੀਂ ਗੌਰ ਤਾਂ ਨਹੀਂ ਕਰਦੇ ਪਰ ਇਨ੍ਹਾਂ ਦੇ ਕੰਡਿਆਲੇ ਰੁਖ ਜਦ ਆਪਣਾ ਆਕਾਰ ਫੈਲਾ ਲੈਂਦੇ ਹਨ ਤਾਂ ਕਿਤੇ ਸੰਜਮ ਵਰਗੇ, ਕਿਤੇ ਸ਼ਗੁਨ ਵਰਗੀਆਂ ਤੇ ਕਿਤੇ ਅਰਜੁਨ ਵਰਗੇ ਮਨੁੱਖਾਂ ਦੀ ਮਾਨਸਿਕਤਾ

ਛਲਨੀ ਛਲਨੀ ਹੋ ਜਾਂਦੀ ਹੈ। ਅਚਾਨਕ ਜਿਵੇਂ ਉਹ ਕਿਸੇ ਡਰ ਨਾਲ ਧੁਰ ਅੰਦਰ ਤਕ ਝੰਜੋੜਿਆ ਜਾਂਦਾ ਹੈ।

"ਨਹੀਂ-ਨਹੀਂ, ਮੈਂ ਆਪਣੇ ਬੱਚਿਆਂ ਨਾਲ ਅਜਿਹਾ ਨਹੀਂ ਹੋਣ ਦਿਆਂਗਾ। ਨਾ ਸੰਜਮ ਨਾਲ ਤੇ ਨਾ ਹੀ ਸ਼ਗੁਨ ਨਾਲ। ਮੈਂ ਬਾਪ ਹਾਂ। ਉਨ੍ਹਾਂ ਦੇ ਬਿਹਤਰ ਵਿਕਾਸ ਤੇ ਖ਼ੁਸ਼ੀਆਂ ਦੀ ਤਸਦੀਕ ਕਰਨਾ ਮੇਰੀ ਜ਼ਿੰਮੇਵਾਰੀ ਹੈ।" ਉਹ ਪਹਿਲੀ ਵਾਰ ਕੋਈ ਦ੍ਰਿੜ ਫੈਸਲਾ ਲੈਂਦਾ ਹੈ। ਸੰਜਮ ਨੂੰ ਮੋਢੇ ਨਾਲ ਲਗਾ, ਉਸਦੀ ਪਿੱਠ ਪਲੋਸਦਾ ਉਹ ਵਿਹੜੇ ਵਿਚ ਘੁੰਮ ਰਿਹਾ ਹੈ। ਸ਼ਗੁਨ ਅੰਦਰ ਦਾਦੀ ਦੀ ਗੋਦ ਵਿਚ ਸੁੱਤੀ ਹੋਈ ਹੈ-ਬੇਫਿਕਰ ਤੇ ਅਨਜਾਣ ! ਉਹ ਚਾਹੁੰਦਾ ਹੈ ਅਜਿਹਾ ਹੀ ਬੇਫਿਕਰੀ ਤੇ ਭਰੋਸੇਮੰਦ ਵਾਤਾਵਰਣ ਉਹ ਆਪਣੇ ਬੱਚਿਆਂ ਨੂੰ ਦੇਵੇ, ਤਮਾਮ ਹੀਣ ਭਾਵਨਾਵਾਂ ਅਤੇ ਸ਼੍ਰੇਸ਼ਠ-ਭਾਵਨਾਵਾਂ ਦੇ ਅਹਿਸਾਸ ਤੋਂ ਮੁਕਤ।

ਰਾਣੀ ਖੁਸ਼ੀ-ਖੁਸ਼ੀ, ਬਹੁਤ ਸਾਰੇ ਸਾਮਾਨ ਨਾਲ ਭਰੇ ਥੈਲੇ ਹੱਥ ਵਿਚ ਫੜੀ ਕਾਰ ਚੋਂ ਉਤਰਦੀ ਹੈ। ਸੰਜਮ ਹਮੇਸ਼ਾ ਵਾਂਗ ਭਜ ਕੇ ਮਾਂ ਦੀਆਂ ਲੱਤਾਂ ਨਾਲ ਨਹੀਂ ਜਾ ਚੰਬੜਦਾ ਤੇ ਨਾ ਹੀ ਖੁਸ਼ੀ ਨਾਲ ਚਹਿਕਦਾ ਪੁਛਦਾ ਹੈ, "ਦਸੋ ਮਾਂ, ਕੀ ਲਿਆਇਆ ਮੇਰੇ ਲਈ।" ਉਹ ਪਿਓ ਦੇ ਮੋਢੇ ਨਾਲ ਸਿਰ ਲਗਾ ਉਵੇਂ ਹੀ ਨਿਰਉਤਸ਼ਾਹਿਤ ਜਿਹਾ ਰਹਿੰਦਾ ਹੈ। ਰਾਣੀ ਕੋਲ ਆ ਕੇ ਉਸਨੂੰ ਲਾਡ ਲਡਾਉਂਦੀ ਹੈ ਪਰ ਉਹ ਕੋਈ ਪ੍ਰਤੀਕ੍ਰਿਆ ਨਹੀਂ ਦੇਂਦਾ।

"ਕੀ ਗੱਲ ਪੁਤੱਰ, ਤੂੰ ਠੀਕ ਤਾਂ ਹੈ ਨਾ ? ਬੁਖਾਰ-ਵਖਾਰ ਤਾਂ ਨਹੀਂ ਹੋ ਗਿਆ ?"

ਉਹ ਪ੍ਰੇਸ਼ਾਨ ਹੋ ਸੰਜਮ ਨੂੰ ਆਪਣੇ ਵਲ ਖਿਚਣਾ ਚਾਹੁੰਦੀ ਹੈ ਪਰ ਉਹ ਹੋਰ ਜ਼ੋਰ ਨਾਲ ਪਾਪਾ ਨਾਲ ਚਿੰਬੜ ਜਾਂਦਾ ਹੈ।

"ਕੀ ਹੋਇਆ ਹੈ ਇਸਨੂੰ ?" ਉਹ ਅਰਜੁਨ ਨੂੰ ਪੁਛਦੀ ਹੈ।

"ਇਸੇ ਨੂੰ ਪੁਛ, ਕੀ ਹੋਇਆ ਇਸਨੂੰ। ਮੈਨੂੰ ਵੀ ਕੁਝ ਨਹੀਂ ਦਸ ਰਿਹਾ।"

ਰਾਣੀ ਪ੍ਰੇਸ਼ਾਨ ਹੋ ਕੇ ਸੰਜਮ ਨੂੰ-"ਕੀ ਹੋਇਆ-ਕੀ ਹੋਇਆ ?" ਪੁਛ ਰਹੀ ਹੈ।

"ਮਮਾ, ਇਸ ਵਾਰ ਤੁਸੀਂ ਮੇਰੀ ਲੋਹੜੀ ਨਹੀਂ ਮਨਾਓਗੇ ? ਸਿਰਫ਼ ਸ਼ਗੁਨ ਦੀ ਲੋਹੜੀ ਮਨਾਓਗੇ ?" ਉਹ ਰੋਣਹਾਕਾ ਹੋ ਉਹੀ ਸਵਾਲ ਮਾਂ ਨੂੰ ਪੁੱਛਦਾ ਹੈ, ਜੋ ਕੁਝ ਦੇਰ ਪਹਿਲਾਂ ਪਾਪਾ ਨੂੰ ਪੁੱਛਿਆ ਸੀ।

ਰਾਣੀ ਵੀ ਅਰਜੁਨ ਵਾਂਗ ਹੀ ਹੈਰਾਨ ਹੋ ਕੇ ਪੁੱਛਦੀ ਹੈ, "ਕਿਉਂ ਬੇਟਾ ? ਅਸੀਂ ਤੇਰੀ ਲੋਹੜੀ ਕਿਉਂ ਨਹੀਂ ਮਨਾਵਾਂਗੇ ?"

"ਮਮਾ ਤੁਸੀਂ ਤਾਂ 'ਧੀਆਂ ਦੀ ਲੋਹੜੀ' ਮਨਾਓਗੇ ਨਾ, ਪਰ ਧੀਆਂ ਤਾਂ ਕੁੜੀਆਂ ਹੁੰਦੀਆਂ ਨੇ, ਮੈਂ ਤਾਂ ਮੁੰਡਾ ਹਾਂ"

ਰਾਣੀ ਦੇ ਹਥ ਵਿਚ ਫੜੇ ਸਾਰੇ ਸਮਾਨ ਵਾਲੇ ਥੈਲੇ ਹੇਠਾਂ ਡਿਗ ਪੈਂਦੇ ਹਨ। ਕਿੰਨੀ ਦੇਰ ਉਹ ਅਵਾਕ ਜਿਹੀ ਸੰਜਮ ਦੀਆਂ ਭਰੀਆਂ ਅੱਖਾਂ ਦੇ ਮਾਸੂਮ ਪ੍ਰਸ਼ਨ ਦੇ ਵਾਵਰੋਲੇ ਵਿਚ ਘੁੰਮਣਘੇਰੀਆਂ ਖਾਂਦੀ ਰਹਿੰਦੀ ਹੈ। ਫਿਰ ਇਕ ਦਮ ਉਹ ਹੋਸ਼ ਵਿਚ ਆਕੇ ਸੰਜਮ ਨੂੰ ਘੁਟ ਕੇ ਆਪਣੇ ਸੀਨੇ ਨਾਲ ਲਾ ਕੇ ਆਖਦੀ ਹੈ-

"ਮੈਨੂੰ ਮਾਫ਼ ਕਰ ਦੇ ਮੇਰੇ ਪੁੱਤਰ ! ਮੇਰੀ ਵਜ੍ਹਾ ਨਾਲ ਤੇਰਾ ਦਿਲ ਦੁਖਿਆ ਹੈ।" ਅਪਰਾਧ ਬੋਧ ਜਿਹੇ ਨਾਲ ਉਸ ਦੀਆਂ ਅੱਖਾਂ ਵੀ ਛਲਕ ਪੈਂਦੀਆਂ ਹਨ।

"ਅਸੀਂ ਧੀਆਂ ਜਾਂ ਪੁੱਤਰਾਂ ਦੀ ਲੋਹੜੀ ਨਹੀਂ, ਸਗੋਂ ਆਪਣੇ ਬੱਚਿਆਂ ਦੀ ਲੋਹੜੀ

ਮਨਾਵਾਂਗੇ। ਸੰਜਮ ਅਤੇ ਸ਼ਗੁਨ ਦੀ ਲੋਹੜੀ।"

"ਫਿਰ ਮੇਰੇ ਲਈ ਵੀ ਟੌਫੀਆਂ ਦਾ ਹਾਰ ਬਣਾਓਗੇ ਮਮਾ ?"

"ਹਾਂ ਜੀ, ਮੇਰੇ ਪੁਤਰ ਲਈ ਵੀ ਟੌਫੀਆਂ ਦਾ ਹਾਰ ਬਣੇਗਾ। ਸ਼ਗੁਨ ਨਾਲੋਂ ਵੱਡਾ ਹਾਰ।"

"ਉਹ ਕਿਉਂ ਮਮਾ ?"

"ਕਿਉਂਕਿ ਤੂੰ ਉਸਦਾ ਵੱਡਾ ਵੀਰਾ ਹੈ।" ਰਾਣੀ ਪੁਤਰ ਨੂੰ ਬੇਤਹਾਸ਼ਾ ਚੁੰਮਦੀ ਹੋਈ ਬੋਲਦੀ ਹੈ।

ਹੁਣ ਲੋਹੜੀ ਦੇ ਦੋ ਹਾਰ ਪਰੋਏ ਜਾ ਰਹੇ ਹਨ। ਛੁਹਾਰੇ, ਕਾਜੂ, ਮੂੰਗਫਲੀ, ਮਖਾਣੇ, ਖੋਪੇ ਦੀਆਂ ਠੂਠੀਆਂ ਤੇ ਵਿਚ ਰੰਗਬਿਰੰਗੀਆਂ ਟੌਫੀਆਂ।

ਅਰਜੁਨ ਦੀਆਂ ਅੱਖਾਂ ਵਿਚ ਖੁਸ਼ੀ ਦੀ ਚਮਕ ਹੈ। ਉਸਦੀ ਗੋਦੀ ਵਿਚ ਸ਼ਗੁਨ ਹੈ ਤੇ ਮੋਢੇ ਉੱਤੇ ਸੰਜਮ ਟਪੂਸੀਆਂ ਮਾਰ ਰਿਹਾ ਹੈ।

## ਬਲਬੀਰ ਪਰਵਾਨਾ ਦਾ ਨਾਵਲੀ ਸੰਸਾਰ




ਬਲਬੀਰ ਪਰਵਾਨਾ ਪੰਜਾਬੀ ਨਾਵਲ ਸਿਰਜਣਕਾਰੀ ਦੇ ਖੇਤਰ ਵਿਚ ਇਕ ਅਜਿਹਾ ਨਾਵਲਕਾਰ ਹੈ ਜਿਹੜਾ ਵਿਧਾਗਤ ਪਰਿਵਰਤਨ ਦਾ ਵਾਹਕ ਰਿਹਾ ਹੈ। ਗਲਪਕਾਰੀ ਦੇ ਖੇਤਰ ਵਿਚ ਉਹ ਮਿੰਨੀ ਕਹਾਣੀ ਤੋਂ ਸ਼ੁਰੂ ਕਰਕੇ ਕਹਾਣੀ ਅਤੇ ਨਾਵਲਿਟ ਰਾਹੀਂ ਨਾਵਲ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਉਹ ਪੰਜਾਬੀ ਸਮਾਜ ਦੀ ਹਰੇ ਇਨਕਲਾਬ ਤੋਂ ਬਾਅਦ ਦੀ ਵਾਸਤਵਿਕਤਾ ਨੂੰ ਨਾਵਲਕਾਰੀ ਦਾ ਅਧਾਰ ਬਣਾਉਂਦਾ ਹੈ। ਅਜਿਹਾ ਕਰਦੇ ਹੋਏ ਉਸ ਦੀ ਸਿਰਜਣਕਾਰੀ ਦਾ ਕੇਂਦਰ ਮਨੁੱਖੀ ਵਿਹਾਰ ਬਣਦਾ ਹੈ। ਇਸ ਵਿਹਾਰ ਵਿਚੋਂ ਅਜੋਕੇ ਸਮਾਜ ਦੀ ਜੀਵਨ-ਜਾਚ ਦਾ ਵਿਹਾਰਕ ਮਾਡਲ ਸਾਹਮਣੇ ਆਉਂਦਾ ਹੈ। ਇਸ ਮਾਡਲ ਵਿਚੋਂ ਜਿਹੜਾ ਪੰਜਾਬੀ ਮਨੁੱਖ ਸਾਹਮਣੇ ਆਉਂਦਾ ਹੈ ਉਹ ਰਿਸ਼ਤਿਆਂ ਵਿਚਲੇ ਹਰ ਆਦਰਸ਼ ਤੋਂ ਮੁਕਤ ਹੈ। ਉਹ ਜਿਸ ਇਲਾਕਾਈ ਪਰਿਵੇਸ਼ ਨੂੰ ਚੁਣਦਾ ਹੈ ਉਸ ਰਾਹੀਂ ਸਮੁੱਚੇ ਪੰਜਾਬੀ ਸਭਿਆਚਾਰਕ ਵਿਹਾਰ ਨੂੰ ਸੰਬੋਧਿਤ ਹੁੰਦਾ ਹੈ। ਉਸ ਦੇ ਸਿਰਜਣੀ ਵਰਤਾਰੇ ਨੂੰ 'ਬਹੁਤ ਸਾਰੇ ਚੁਰਸਤੇ' ਤੋਂ ਲੈ ਕੇ 'ਸ਼ੋਅ-ਰੂਮ' ਤਕ ਦੇ ਸਫ਼ਰ ਰਾਹੀਂ ਸਮਝਿਆ ਜਾ ਸਕਦਾ ਹੈ। **-ਰਜਨੀਸ਼ ਬਹਾਦਰ ਸਿੰਘ**

ਕਹਾਣੀ

# ਉਹ ਆਟੇ ਦੀ ਚਿੜੀ ਨਹੀਂ ਸੀ

**-ਜੋਗੇ ਭੰਗਲ**

ਕੋਵਿਡ-19 ਕਰਕੇ ਚੁਫੇਰੇ ਸੁੰਨ ਪਸਰੀ ਪਈ। ਆਵਾਰਾ ਕੁੱਤੇ, ਗਾਵਾਂ, ਵੱਛੇ ਬਗੈਰਾ ਦੁੜੰਗੇ ਲਾ ਰਹੇ। ਸ਼ਹਿਰ ਦਾ ਰੇਲਵੇ ਸਟੇਸ਼ਨ ਸ਼ਮਸ਼ਾਨ ਘਾਟ ਦਾ ਭੁਲੇਖਾ ਪਾ ਰਿਹਾ। ਚਲਦਾ ਪਹੀਆ ਰੁਕ ਗਿਆ। ਸੁੰਨੀਆਂ ਸੜਕਾਂ ਜਿਵੇਂ ਆਰਾਮ ਫਰਮਾ ਰਹੀਆਂ। ਬਾਜ਼ਾਰ ਵੀ ਨਾ ਹੋਇਆਂ ਨਾਲ਼ ਦੇ ਖੁੱਲ੍ਹੇ। ਵਿਰਲਾ-ਵਿਰਲਾ ਕੋਈ ਮਾਸਕ ਪਾਈ ਉਦਾਸਿਆ ਜਿਹਾ ਇੱਧਰ-ਉੱਧਰ ਘੁੰਮ ਰਿਹਾ। ਮੈਂ ਰੇਲਵੇ ਸਟੇਸ਼ਨ ਦੇ ਬੈਂਚ 'ਤੇ ਬੈਠਾ ਅਖ਼ਬਾਰ 'ਚ ਖੋਹਿਆ। ਮੈਨੂੰ ਨਈਂ ਪਤਾ ਕਿ ਕਦੋਂ ਇਕ ਪਤਲੀ-ਪਤੰਗ ਜਿਹੀ ਕੁੜੀ ਮੇਰੇ ਨਾਲ਼ ਵਾਲ਼ੇ ਬੈਂਚ 'ਤੇ ਆ ਬੈਠੀ। ਮੈਂ ਤਾਂ ਉਦੋਂ ਬੇਧਿਆਨ ਹੋਇਆ ਆਪਣੇ ਆਪ 'ਚ ਮਸਤ ਬੈਠਾ। ਅਚਾਨਕ ਕੁਝ ਅਸ਼ਲੀਲ ਜਿਹੀਆਂ ਧੁੰਨਾਂ ਨੇ ਮੇਰਾ ਧਿਆਨ ਭਟਕਾਇਆ। ਸਿੱਧਾ ਧਿਆਨ ਕੁੜੀ ਵੱਲ ਗਿਆ। ਮਾਸਕ ਕਰਕੇ ਮੈਂ ਉਹਦਾ ਚਿਹਰਾ-ਮੋਹਰਾ ਵੀ ਚੰਗੀ ਤਰ੍ਹਾਂ ਦੇਖ ਨਾ ਸਕਿਆ। ਧੁੰਨਾਂ, ਹਰਕਤਾਂ ਤੋਂ ਜ਼ਾਹਿਰ ਹੋ ਰਿਹਾ ਸੀ ਕਿ ਉਹ ਕੋਈ ਅਸ਼ਲੀਲ ਵੀਡੀਓ ਦੇਖ ਰਹੀ। ਫਿਰ ਪੰਜ ਕੁ ਮਿੰਟ ਬਾਅਦ ਜਦ ਨੂੰ ਇਕ ਨੌਜੁਵਾਨ ਮੋਟਰਸਾਈਕਲ 'ਤੇ ਮੂੰਹ-ਸਿਰ ਲਪੇਟੀ ਆਇਆ। ਦੋ ਕੁ ਵਾਰ ਟੀਂ-ਟੀਂ ਕਰਕੇ ਹਾਰਨ ਵਜਾਇਆ। ਕੁੜੀ ਸਮਝ ਗਈ। ਮਿੰਟ 'ਚ ਪਿੱਛੇ ਬੈਠੀ ਅਤੇ ਉਹ ਕੁੜੀ ਨੂੰ ਲੈ ਕੇ ਤਿੱਤਰ ਹੋ ਗਿਆ। ਮੈਂ ਦੇਖ ਕੇ ਹੈਰਾਨ ਕਿ ਕਮਾਲ ਆ, ਇਹ ਹੋ ਕੀ ਰਿਹਾ। ਕੁੜੀਆਂ ਚੋਰੀ-ਚੋਰੀ ਚਮਕੀਲਾ ਸੁਣਦੀਆਂ ਤਾਂ ਸੁਣੀਆਂ ਸੀ ਪਰ ਆਹ ਅਸ਼ਲੀਲ.......। ਮੈਂ ਬੈਠਾ ਸੋਚੀਂ ਚਲਾਂ ਕਿ ਇਸ ਕੁੜੀ ਨੂੰ ਕੋਈ ਪੁੱਛਣ ਵਾਲ਼ਾ ਹੈਨੀਂ। ਕਿਹਨੇ ਇਹਦੀਆਂ ਇੰਜ ਵਾਗਾਂ ਖੁੱਲ੍ਹੀਆਂ ਛੱਡੀਆਂ ਹੋਈਆਂ।

ਦੂਜੇ ਦਿਨ ਫੇਰ ਓਹੀ ਕੁਛ ਹੋਇਆ। .......ਕਈ ਦਿਨ ਮੈਂ ਇਹ ਡਰਾਮਾ ਦੇਖਦਾ ਰਿਹਾ।

ਇਕ ਦਿਨ ਮੈਂ ਡਰਦਿਆਂ, ਜਕਦਿਆਂ-ਜਕਦਿਆਂ ਕੁੜੀ ਨੂੰ ਹੈਲੋ ਕਿਹਾ, "ਬੇਟਾ ਕੀ ਨਾਂ ਏਂ, ਕੀ ਕਰਦੇ ਉਂ ?

"ਨਾਂ ਰੋਜ਼ੀ ਏ ਪਰ ਰੁਜ਼ਗਾਰ ਕੋਈ ਨਈਂ ਅੰਕਲ। ਐਂ ਸਮਝ ਲਉ, ਹੜ੍ਹਦੇ ਆਂ।" ਕਹਿ ਕੇ ਉਹ ਬੇਝਿਜਕ ਹੱਸੀ ਪਈ।

ਸੁਣ ਕੇ ਮੈਨੂੰਅਜੀਬ ਜਿਹਾ ਲੱਗਾ। ਸੋਚਿਆ ਕਿ ਬੜੀ ਬੇਸ਼ਰਮ ਆਂ ਇਹ। ਹਾਲਾਂਕਿ ਪਹਿਲਾਂ ਮੈਂ ਸੋਚਾਂ ਕਿ ਜੋ ਮੈਂ ਕਹਿਣਾ ਚਾਹੁੰਨਾ, ਕਹਾਂ ਕਿੱਦਾਂ। ਪਰ ਉਹਨੇ ਕਹਿਣ ਲਈ ਆਪੇ ਰਾਹ ਖੋਲ੍ਹ ਦਿੱਤਾ।

"ਅੰਕਲ ਸੌਰੀ, ਐਵੇਂ ਮੂੰਹੋਂ ਨਿਕਲ਼ ਗਿਆ। ਪਲੀਜ਼ ਮਾਈਂਡ ਨਾ ਕਰਿਉ।"

"ਠੀਕ ਆ, ਠੀਕ ਆ, ਕੋਈ ਗੱਲ ਨਈਂ।.........ਵੈਸੇ ਮੈਂ ਤੈਨੂੰ ਸੁਚੇਤ ਕਰਨਾ ਸੀ।....... ਇਹ ਮੁੰਡਾ ਜਿਹਦੇ ਨਾਲ਼ ਤੂੰ ਤੁਰੀ ਫਿਰਦੀ ਏਂ, ਮੈਂ ਇਹਨੂੰ ਜਾਣਦਾਂ, ਇਹ ਬੜਾ ਚੰਟ ਆ। ਐਵੇਂ ਦੇਖਣ ਨੂੰ ਭੋਲ਼ਾ-ਭਾਲ਼ਾ ਜਿਹਾ ਦੀਹਦਾ। ਅਖੇ ਉੱਤੋਂ ਭੋਲ਼ੀਆਂ ਦਾਹੜੀਆਂ, ਵਿੱਚੋਂ ਕਾਲ਼ੇ ਕਾਂ। ਕਲ੍ਹ ਸ਼ਾਮੀਂ ਇਹਦੇ ਪਿੱਛੇ ਕੋਈ ਹੋਰ ਕੰਙੜੀ ਪਾਈ ਬੈਠੀ ਸੀ। ਹੋ ਸਕਦਾ,

ਪਰਸੋਂ ਨੂੰ ਕੋਈ ਹੋਰ ਬੈਠੀ ਹੋਵੇ। ਬਾਕੀ ਭਾਈ ਬੀਬਾ, ਤੂੰ ਜਾਣ, ਤੇਰਾ ਕੰਮ ਜਾਣੇ।

ਉਹ ਹੱਸ ਪਈ। "ਨੋ ਪਰਾਬਲਮ ਅੰਕਲ! ਮੈਂ ਵੀ ਏਦਾਂ ਈ ਕਰਦੀ ਆਂ।"

'ਹੈਂ!' ਅਚਾਨਕ ਹੀ ਮੇਰੇ ਮੂੰਹੋਂ ਨਿਕਲ਼ ਗਿਆ। ਉਹਨੇ ਠਾਹ ਕਰਦੀ ਮੇਰੇ ਇਕ ਹੋਰ ਸੱਟ ਜੜ ਦਿੱਤੀ। ਮੈਂ ਤਾਂ ਜਾਣੀ ਸੁਣ ਕੇ ਸੁੰਨ। ਆਪਣੇ-ਆਪ ਨੀਵੀਂ ਪੈ ਗਈ। ਜਦ ਮੈਂ ਮੁੜ ਕੇ ਸਿਰ ਉਠਾਇਆ, ਉਹ ਜਾ ਚੁੱਕੀ ਸੀ। ਮੈਨੂੰ ਨਈਂ ਸੀ ਪਤਾ ਕਿ ਕੋਈ ਕੁੜੀ ਵੀ ਐਂ ਮੇਰੀ ਹੀ ਗੱਲ ਮੇਰੇ ਮੂੰਹ 'ਤੇ ਮਾਰ ਕੇ ਫੁਰਨ ਹੋ ਜਊ। ਇਹ ਤਾਂ ਮੈਨੂੰ 'ਸਮਾਨ 'ਚ ਛੇਕ ਕਰਨ ਆਲ਼ੀ ਲਗਦੀ ਆ। ਮੁੰਡਿਆਂ ਤੋਂ ਵੀ ਕੁਝ 'ਗਾਂਹ ਹੀ ਆ। ਮੈਂ ਬੈਠਾ-ਬੈਠਾ ਉਹਦੇ ਬਾਰੇ ਹੋਰ ਪਤਾ ਨਈਂ ਕੀ ਕੁਝ ਪੁੱਠਾ-ਸਿੱਧਾ ਸੋਚ ਗਿਆ।

ਚੌਥੇ ਕੁ ਦਿਨ ਉਹ ਮੈਨੂੰ ਫੇਰ ਉਸੇ ਟਿਕਾਣੇ 'ਤੇ ਮਿਲੀ। ਇਹ ਤਾਂ ਜਿਵੇਂ ਉਹਨਾਂ ਦਾ ਅੱਡਾ ਹੋਵੇ, ਜਿੱਥੋਂ ਉਹ ਆਪਣੀ ਯਾਤਰਾ ਸ਼ੁਰੂ ਕਰਦੇ। ਪਰ ਹੁਣ ਮੈਂ ਮਨੋਂ-ਮਨੀਂ ਧਾਰ ਲਿਆ ਕਿ ਮੈਂ ਇਹਨੂੰ ਕੁਛ ਪੁੱਛਣਾ-ਗਿਛਣਾ ਨਈਂ। ਮੈਨੂੰ ਤਾਂ ਅਜੇ ਪਿਛਲੀਉ ਚੜ੍ਹੀ ਸੁੰਨ ਨਈਂ ਸੀ ਉੱਤਰੀ। ਹੋਰ ਕੁਛ ਪੁੱਛ ਕੇ ਐਮੀਂ ਲਾਹਪਾਹ ਕਰਾਣੀ। ਕੀ ਪਤਾ ਕਿਸੇ ਦੇ ਸੁਭਾ ਦਾ। ਪਰ ਉਹ ਆਪੇ ਬਿਨਾਂ ਛੇੜਿਆਂ ਛਿੜ ਪਈ। ਅਖੇ ਅੰਕਲ ਇਹ ਪਿਆਰ-ਸ਼ਿਆਰ ਕੁਛ ਨਈਂ ਹੁੰਦਾ, ਅੱਜ-ਕਲ ਸਭ ਟੈਮ ਪਾਸ ਕਰਦੇ ਆ। ਉਹ ਸੋਹਣੀ-ਹੀਰਾਂ ਆਲ਼ੇ ਜ਼ਮਾਨੇ ਗਏ। .....ਕੰਪਿਊਟਰ ਯੁੱਗ ਏ, ਹਰ ਕੋਈ ਆਪਣੇ ਨਜ਼ਾਰੇ ਲੁੱਟ ਰਿਹਾ। ਇਕ 'ਤੇ ਕੋਈ ਨਈਂ ਟਿਕਦਾ। ਹਰੇਕ ਇਹੀ ਚਾਹੁੰਦਾ ਕਿ ਬਰਗਰ ਖਾਣ ਤੋਂ ਬਾਅਦ ਹੁਣ ਮੈਂ ਚੌਕਲੇਟ ਖਾਵਾਂ, ਫੇ ਚਿਪਸ ਖਾਵਾਂ। ਪੀਜ਼ਾ, ਵਿੰਗੋ ਟੇਢੇ-ਮੇਢੇ, ਨੂਡਲ, ਬਵੱਲ਼ਗਮ, ਗੋਲ਼ਗੱਪੇ, ਟਿੱਕੀਆਂ, ਪਤਾ ਨਈਂ ਉਹਦਾ ਕੀ-ਕੀ ਖਾਣ ਨੂੰ ਜੀ ਕਰਦਾ। ਇੰਝ ਈ ਰਿਸ਼ਤੇ ਬੜੇ ਬੇਸ਼ਰਮ ਬਣ ਚੁੱਕੇ।

ਮੈਂ ਹੈਰਾਨ, ਜਿਵੇਂ ਇਸ ਬੋਤੋ ਨੇ ਮੇਰਾ ਅੰਦਰ ਪੜ੍ਹ ਲਿਆ ਹੋਵੇ ਕਿ ਮੈਂ ਉਹਦੇ ਬਾਰੇ ਕੀ ਸੋਚਦਾਂ।

"ਮੈਨੂੰ ਦੇਖ ਲਉ, ਵੱਡੀ ਸ਼ਰੀਫ਼ ਨੂੰ।....... ਭੈਣ ਕੋਲ਼ ਉਹਦਾ ਜਣੇਪਾ ਕਟਾਉਣ ਗਈ। ਜੀਜੇ ਨੇ ਦਸ ਦਿਨ ਨਈਂ ਪੈਣ ਦਿੱਤੇ। ਸਾਗ ਤੋੜਨ ਗਈ ਨੂੰ ਮੋਟਰ 'ਤੇ......। ਅੱਗੇ ਤੁਸੀਂ ਖ਼ੁਦ ਸਮਝਦਾਰ ਆਂ। ਨਾਲ਼ੇ ਇਸ ਮਾਮਲੇ 'ਚ ਬੰਦਾ ਜਾਨਵਰ ਏ। ਉਹ ਆਪਣਾ ਹਰਾ ਛੱਡ ਕੇ ਰੱਸਾ ਤੁੜਾ ਕੇ ਵੀ ਦੂਜੀ ਖੁਰਲੀ 'ਚ ਡੱਕਰਿਆਂ ਨੂੰ ਮੂੰਹ ਮਾਰਨ ਜਾਊ। ਉਂਜ ਭੈਣ ਮੇਰੇ ਨਾਲੋਂ ਵੱਧ ਸੁਨੱਖੀ।

"ਤੂੰ ਆਪਣੀ ਭੈਣ ਨੂੰ ਨੀਂ ਦੱਸਿਆ ?" ਮੈਨੂੰ ਸੁਣ ਕੇ ਬੜਾ ਬੁਰਾ ਲੱਗਿਆ।

"ਅੰਕਲ! ਉਹਨੂੰ ਜਣੇਪੇ ਦੀਆਂ ਪੀੜਾਂ ਹੋ ਰਹੀਆਂ ਸੀ। ਮੈਂ ਕਿਵੇਂ .......। ਜਦ ਉਹਦੇ ਸਿਆਣੇ-ਬਿਆਣੇ ਦੇ ਸਿਰ ਭੂਤ ਸੁਵਾਰ ਸੀ। ਬੱਸ ਮੈਂ ਸੀਤ ਈ ਪੀ ਗਈ। ਉਹ ਕੁਛ ਵਖ਼ਤ ਈ ਇਹੋ-ਜਿਹਾ ਸੀ। ਚਾਹੁੰਦਿਆਂ ਹੋਇਆਂ ਵੀ ਮੈਂ ਕੁਝ ਕਹਿ-ਕਰ ਨਾ ਸਕੀ। ਸੋਚਿਆ ਚਲੋ, ਭੈਣ ਦਾ ਮਾਮਲਾ ਏ। ਕੁਛ ਕਿਹਾ ਤਾਂ.......। ਗੱਲ ਵਧ ਗਈ ਤਾਂ ਵਿਆਹ 'ਚ ਬੀਅ ਦੇ ਲੇਖੇ ਵਾਲ਼ੀ ਗੱਲ ਹੋਣੀ ਆਂ। ਮੈਂ ਸੋਚ-ਸੂਚ ਕੇ ਹਉ-ਪਰੇ ਕਰ ਤਾ। ਹਾਲਾਤ ਨਾਰਮਲ ਹੁੰਦੇ ਤਾਂ ਜੀਜੇ ਦੀ ਕੀ ਮਜ਼ਾਲ, ਮੇਰੀ ਮਰਜੀ ਤੋਂ ਬਿਨਾਂ ਮੈਨੂੰ ਟੱਚ ਕਰ ਜਾਂਦਾ। ਮਨ ਮਾਰ ਕੇ ਸਮਝੌਤਾ ਕਰ ਲਿਆ। ਦੂਜਾ, ਮੇਰੇ ਘਰਦੇ ਅਮਾਤੜ। ਇਹ ਮੇਰੇ ਜੀਜਾ ਹੁਣੀਂ ਤਕੜੀ 'ਸਾਮੀ। ਹੋ ਸਕਦੈ, ਉਹ ਉਲਟ ਮੇਰੇ 'ਤੇ ਹੀ ਇਲਜ਼ਾਮ ਲਾ ਦਿੰਦਾ। ਮੈਂ ਕੁਛ ਕਹਿ-ਕਰ ਦਿੰਦੀ, ਹੋਰ

ਕੋਈ ਨਮਾਂ ਪੁਆੜਾ ਖੜ੍ਹ ਜਾਂਦਾ। ਮੈਨੂੰ ਆਪਣੀ ਭੈਣ ਦੀ ਜ਼ਿੰਦਗੀ ਦਾ ਫ਼ਿਕਰ। ਮੇਰੀ ਜਗ੍ਹਾ ਕੋਈ ਹੋਰ ਸਤੀ-ਸਵਿੱਤਰੀ ਹੁੰਦੀ, ਘੱਗਰੀ ਪਾ ਕੇ ਬਹਿ ਜਾਂਦੀ। ਡਾਂਗਾਂ-ਸੋਟੇ ਵੀ ਸ਼ਾਇਦ ਚੱਲ ਜਾਂਦੇ। ਤਲਾਕ ਤੱਕ ਵੀ ਗੱਲ ਪਹੁੰਚ ਸਕਦੀ ਸੀ। ਜਾਂ ਫਿਰ ਮੈਂ ਨਾ ਉਹਦੇ ਹੱਥ ਆਉਂਦੀ ਤਾਂ ਹੋਰ ਕੰਮ ਹੋਣਾ ਸੀ। .......ਜੀਜਾ ਕਿਤੇ ਹੋਰ ਥਾਂ ਖੇਹ ਖਾ ਆਉਂਦਾ। ਮਰਦ ਨੂੰ ਕੌਣ ਪੁੱਛਦਾ, ਜੋ ਮਰਜੀ ਕਰੇ। ਕੁੜੀ ਕਰੇ ਤਾਂ ਹੋਏ-ਹੋਏ। ਕਹਿਣਗੇ- ਪਤਾ ਨਈਂ ਮਗਰ ਕਿੰਨੇ ਕੁੱਤੇ ਲਾਈ ਫਿਰਦੀ ਏ। ਹੁਣ ਅੰਕਲ ਤੁਸੀਂ ਦੱਸੋ, ਮੈਂ ਘਰ ਦੀ ਕੰਧ ਆਪਣੇ ਵੱਲ ਨੂੰ ਸੁੱਟ ਕੇ ਕੀ ਮਾੜਾ ਕੀਤਾ। ਘਰ ਦੀ ਗੱਲ ਘਰ 'ਚ ਰਹਿ ਗਈ। ਜੀਜਾ ਖ਼ੁਸ਼, ਤੇ ਭੈਣ ਦਾ ਜਣੇਪਾ ਠੀਕ-ਠਾਕ ਹੋ ਗਿਆ।

ਮੇਰੇ ਤਾਂ ਚਾਰੇ ਖਾਨੇ ਚਿੱਤ। ਮੇਰੀ ਤਾਂ ਸੁੰਨ ਤੋਂ ਅੱਗੇ ਜਿਵੇਂ ਬਰਫ਼ ਬਣ ਗਈ। ਮੇਰੇ 'ਚ ਇੰਨੀ ਹਿੰਮਤ ਕਿੱਥੇ ਬਚੀ ਕਿ ਮੈਨੂੰ ਕੋਈ ਜੁਵਾਬ ਔੜਦਾ। ਪਰ ਉਹਦੀਆਂ ਗੱਲਾਂ ਤੋਂ ਮੈਨੂੰ ਉਹ ਬੇਸਮਝ, ਨਲਾਇਕ ਵੀ ਨਾ ਲੱਗੀ। ਪਰ ਉਂਜ ਪੂਰੀ ਕੜਕ। ਫੇਰ ਵੀ ਮੇਰੇ 'ਚ ਇਹ ਪੁੱਛਣ ਦੀ ਹਿੰਮਤ ਪਤਾ ਨਈਂ ਕਿੱਥੋਂ ਆ ਗਈ- "ਆਪਣੇ ਮਾਂ-ਪਿਉ ਨਾਲ਼ .........।"

"ਕਿਹੜੇ ਮਾਂ-ਪਿਉ ? .......ਬੇੜੀ ਤਾਂ ਇੱਥੇ ਗਰਕ ਹੋਈ ਏ। ਪਿਉ ਖ਼ੁਣਸੀ ਸੀ, ਘਰੋਂ ਭੱਜ ਗਿਆ। ............ ਕਿਉਂ ਭੱਜਿਆ, ਇਹ ਵੀ ਸੁਣੋ। -ਮਾਂ ਨੂੰ ਕਿਸੇ ਦੂਸਰੇ ਨਾਲ਼ ਦੇਖ ਲਿਆ। ਵੈਸੇ ਤਾਂ ਦੂਸਰਾ ਕਾਹਦਾ, ਆਪਣਾ ਸੀ, ਮੇਰਾ ਛੜਾ ਤਾਇਆ। ਸਾਡਾ ਤਾਂ ਹੁਣ ਉਹ ਪਿਉ ਹੀ ਏ ਜਿਹਨੇ ਸਾਂਭਿਆ, ਪੜ੍ਹਾਇਆ। ਪਿਉ ਤੋਂ ਪੁੱਛੋ, ਕੁਛ ਮਾੜਾ ਹੋ ਗਿਆ। ਮਾੜਾ ਤੂੰ ਆਪ, ਕਿਸੇ ਨੂੰ ਕੀ ਦੋਸ਼। ਹੁਣ ਤਾਂ ਘੱਟ ਗਿਆ, ਅੱਗੇ ਜੱਟਾਂ ਦੇ ਇੰਝ ਈ ਚਲਦਾ ਸੀ। ਇਕ ਦਰੋਪਤੀ, ਪੰਜ ਪਾਂਡਵ। ਕੋਈ ਮਾੜੀ ਗੱਲ ਨਈਂ ਸੀ। ਨਾਲ਼ੇ ਜਾਇਦਾਦ ਵੰਡ ਹੋਣੋਂ ਬਚਦੀ। ਫੇ ਜਨਸੰਖਿਆ ਵੀ ਘੱਟ। ........ ਪਿਉ ਸਿਰ 'ਤੇ ਨਹੀਂ ਸੀ। ਉਹਨੇ ਬੜਾ ਹੋਣ ਨਾਤੇ ਸਾਰਿਆਂ ਨੂੰ ਪੜ੍ਹਾਇਆ-ਲਿਖਾਇਆ। ਫੇਰ ਸਾਰਿਆਂ ਦੇ ਵਿਆਹ ਕੀਤੇ। ਵਿਚਾਰੇ ਨੇ ਆਪ ਕੀ ਖੱਟਿਆ। ......... ਊਂ ਮੇਰਾ ਪਿਉ ਸੀ ਵੀ ਤਾਂ ਨਿਕੰਮਾ। ਮਾਂ ਨੂੰ ਤਾਇਆ ਚੰਗਾ ਲੱਗਾ। ਨਾਲ਼ੇ ਸੋਚਿਆ ਹਊ ਕਿ ਇਹ ਵੀ ਆਖ਼ਿਰ ਮਰਦ ਏ। ਲ਼ੱਡੂ ਖਾਣ ਨੂੰ ਇਹਦਾ ਕਿਹੜਾ ਜੀ ਨਈਂ ਕਰਦਾ। ਨਾਲ਼ੇ ਪਰਿਵਾਰ ਲਈ ਕੀਤੀ ਕੁਰਬਾਨੀ ਕਰਕੇ ਮਾਂ ਨੂੰ ਉਹਦੇ 'ਤੇ ਪਿਆਰ, ਤਰਸ ਆਇਆ ਹਊ। ਏਦਾਂ ਨੂੰ ਮਾਂ ਮੇਰੀ ਬੜੀ ਇਨਟੈਲੀਜੈਂਟ, ਚੁਸਤ ਏ। ਐਮੀਂ ਕਹਾਂ, ਤਾਇਆ ਹਰ ਤਰ੍ਹਾਂ ਮੈਨੂੰ ਵੀ ਵਧੀਆ ਲਗਦਾ। ........ਹੋਰ ਸੁਣੋ- ਤੁਸੀਂ ਹੋਰ ਦੇਖਿਉ ਅੱਗੇ ਤੋਂ ਅੱਗੇ ਕੀ ਹੋਣਾ।

ਇਹ ਕਹਿ ਕੇ ਉਹਨੇ ਮੇਰੀ ਉਤਸੁਕਤਾ ਹੋਰ ਵਧਾ ਦਿੱਤੀ। "ਕੀ ਹਊ ਅੱਗੇ ?"

"ਸੱਠ ਸਾਲਾਂ ਤੱਕ ਦੇਖ ਲਿਉ। ........ ਇਹ ਛੱਡੋ, ਪਹਿਲਾਂ ਹੋਰ ਸੁਣੋ- ਤੁਸੀਂ ਆਪਣੇ-ਆਪ ਨੂੰ ਅੱਗੇ ਦੀ ਬਜਾਏ ਪਹਿਲਾਂ ਸੱਠ ਕੁ ਸਾਲ ਪਿੱਛੇ ਲੈ ਜਉ।"

ਮੈਂ ਤਾਂ ਉਹਦੀਆਂ ਗੱਲਾਂ ਸੁਣ ਕੇ ਡੌਰ-ਭੌਰ ਸੀ ਪਰ ਉਂਝ ਮੈਂ ਦਿਮਾਗ ਦੀ ਰੀਲ੍ਹ ਨੂੰ ਸੱਠ ਸਾਲ ਪਿੱਛੇ ਵੱਲ ਘੁੰਮਾਇਆ।

"ਮੈਂ ਇਹ ਮੰਨ ਲਿਆ ਕਿ ਤੁਸੀਂ ਸੱਠ ਸਾਲ ਪਿੱਛੇ ਚਲੇ ਗਏ।"

ਮੇਰੀ ਉਮਰ ਵੀ ਸੱਤਰ ਕੁ ਸਾਲ ਹਊ। ਖ਼ੈਰ ਮੈਂ ਆਪਣੀ ਸੋਚ ਨੂੰ ਸੱਠ ਸਾਲ ਪਿੱਛੇ ਨੂੰ ਖਿਸਕਾ ਲਿਆ।

ਉਹ ਦੱਸਣ ਲੱਗ ਪਈ- ਆਹ ਦੇਖੋ ਆਪਣੀਆਂ ਅੱਖਾਂ ਸਾਹਮਣੇ ਉਦੋਂ ਦੇ ਨਜ਼ਾਰੇ। ਦੇਖੋ, ਕਿਵੇਂ ਸਭ ਜਨਾਨੀਆਂ ਘੁੰਡ ਕੱਢੀ ਫਿਰਦੀਆਂ। ਜਿਹੜੀ ਕੋਈ ਮੇਰੇ ਵਰਗੀ ਨਈਂ ਕੱਢਦੀ, ਉਹ ਕੁਲੱਛਣੀ, ਲੁੱਚੀ, ਬੇਸ਼ਰਮ , ਬੇਹਯਾ, ਕੁੱਤੀ.....। ਪਤਾ ਨਈਂ ਉਹਨੂੰ ਕੀ-ਕੀ ਖ਼ਿਤਾਬ ਦੇ ਰਹੇ। ........ ਮਜਾਲ ਕੇ ਜਨਾਨੀ ਉਦੋਂ ਕਿਸੇ ਵੱਲ ਮੂੰਹ ਚੁੱਕ ਕੇ ਵੇਖ ਜਏ। ਫੇਰ ਜਦ ਉਹਦੀ ਮੰਗਣੀ ਹੁੰਦੀ। ਨਾਈ ਜਾਂ ਕੋਈ ਤੀਸਰਾ ਕਰ ਕੇ ਆਉਂਦਾ। ਕੁੜੀ ਦੇ ਤਾਂ ਵਿਚਾਰੀ ਦੇ ਡੇਰੇ ਖ਼ਬਰ ਨਾ ਹੁੰਦੀ। ਉਦੋਂ ਤਾਂ ਕੁੜੀ ਦੇ ਘਰਦਿਆਂ ਨੂੰ ਵੀ ਮੁੰਡੇ ਦੇ ਪਿੰਡ ਦਾ ਘੱਟ ਈ ਪਤਾ ਹੁੰਦਾ ਸੀ। ਕਈ ਸਾਲ ਮੰਗਣੀ ਹੋਈ ਰਹਿਣੀ। ਵਿਆਹਣ ਗਈ ਜਨੇਤ ਕਈ-ਕਈ ਦਿਨ ਬਾਅਦ ਮੁੜਦੀ। ਮੁੰਡੇ ਦੀ ਵੀ ਹਿੰਮਤ ਨਾ ਹੁੰਦੀ, ਕੁੜੀ ਦੇ ਨੇੜੇ ਚਲਾ ਜਾਏ। ਉਹਨੂੰ ਘੁੰਡ ਚੁੱਕ ਕੇ ਦੇਖਣਾ ਤਾਂ ਬਹੁਤ ਦੂਰ ਦੀ ਗੱਲ। ਮੁਕਲਾਵੇ ਤੋਂ ਪਹਿਲਾਂ ਮੁੰਡਾ ਸਹੁਰੇ ਨਈਂ ਸੀ ਜਾ ਸਕਦਾ। ਜੇ ਕਿਤੇ ਫਰਜ਼ ਕਰੋ, ਅੜੀ ਕਰਕੇ ਚਲੇ ਗਿਆ ਤਾਂ ਉਹ ਕੁੜੀ ਨੂੰ ਮਿਲਣਾ ਛੱਡਿਆ, ਇਕ ਨਜ਼ਰ ਦੇਖਣਾ ਵੀ ਨਸੀਬ ਨਾ ਹੁੰਦਾ। ਫੇਰ ਕਈ ਸਾਲ ਬਾਅਦ ਮੁਕਲਾਵਾ ਆਉਣਾ। ਤਾਂ ਕਿਤੇ ਜਾ ਕੇ ਉਹਨੇ ਆਪਣੀ ਵਹੁਟੀ ਦੇ ਦਰਸ਼ਨ ਕਰਨੇ।......... ਪੰਦਰਾਂ-ਪੰਦਰਾਂ, ਸੋਲਾਂ-ਸੋਲਾਂ ਸਾਲ ਤੱਕ ਦੇ ਤਾਂ ਮੁੰਡੇ-ਕੁੜੀਆਂ ਨੂੰ ਸੈਕਸ ਬਾਰੇ ਪਤਾ ਈ ਨਈਂ ਸੀ ਹੁੰਦਾ। ਜਦ ਘਰ 'ਚ ਨਿਆਣਾ ਹੋਣਾ ਤਾਂ ਕਹਿਣਾ ਕਿ ਭਾਪਾ ਇਹਨੂੰ ਸ਼ਹਿਰੋਂ ਲਿਆਇਆ। ........ਔਹ ਦੇਖ ਲਉ, ਉਦੋਂ ਜੁਵਾਨ ਮੁੰਡੇ-ਕੁੜੀਆਂ ਕੱਠੇ ਲੁਕਣ-ਮੀਚੀ ਖੇਡ ਰਹੇ। ਕਿਸੇ ਦੇ ਮਨ 'ਚ ਕੋਈ ਅਸ਼ਲੀਲ ਭਾਵਨਾ ਈ ਨਈਂ ਆਉਂਦੀ। ਉਹ ਸੀ ਆਪਸ ਵਿਚ ਦਿਲੀ ਸਾਂਝ, ਅਪੱਣਤ ਦਾ ਜ਼ਮਾਨਾ।

"ਅੰਕਲ, ਸੁਣ ਰਹੇ ਓ ਕਿ ਸੌਂ ਗਏ ?"

"ਕੁੜੀਏ, ਸੱਚ ਪੁੱਛੇਂ ਤਾਂ ਤੇਰੀਆਂ ਗੱਲਾਂ ਨੇ ਮੇਰੀ ਬੋਲਤੀ ਬੰਦ ਕਰ ਤੀ। ਐਸ ਵੇਲੇ ਤੂੰ ਤਾਂ ਮੈਨੂੰ ਕੋਈ ਸੌ ਸਾਲ ਦੀ ਬੇਬੇ ਦੀਹਦੀ ਆਂ। ਮੈਂ ਤਾਂ ਹੈਰਾਨ ਆਂ, ਤੂੰ ਕੁੜੀ ਹੋ ਕੇ........।"

"ਕੁੜੀ ਹੋ ਕੇ .....! ਆਹੀ ਤਾਂ ਵਿਚਲੀ ਜੜ੍ਹ ਆ। ਮੈਂ ਐਮ.ਏ. ਆਂ। ਸਮਾਜ 'ਚ ਜਨਾਨੀ ਨਾਲ਼ ਕੀ ਹੁੰਦਾ ਰਿਹਾ, ਹੋ ਰਿਹਾ, ਸਮਝਦੀ ਆਂ। ਅੰਕਲ ਕੁੜੀ ਦਾ ਕੀ ਮਤਲਬ ? ਇਹ ਸਭ ਕੁਛ ਮੁੰਡੇ ਕਿਉਂ ਕਹਿ-ਕਰ ਸਕਦੇ ਆ। ਮੈਂ ਮੁੰਡੇ ਦਾ ਵੀ ਪਿਉ ਆਂ। ਅਗਲੇ-ਪਿਛਲੇ ਸਭ ਬਦਲੇ ਲਊਂ। ਤੁਸੀਂ ਦੇਖਿਉ, ਮੁੰਡੇ ਕੁੜੀਆਂ ਦੇ ਮੋਰ੍ਹੇ-ਮੋਰ੍ਹੇ ਭੱਜੂਗੇ। ਮੈਂ ਥੁਆਡੇ ਮਰਦਾਂ ਦੇ ਦਿਮਾਗ 'ਤੇ ਜਿਹੜੇ ਜਾਲ਼ੇ ਬਣੇ ਨੇ, ਉਹਨਾਂ ਨੂੰ ਹਟਾ ਰਹੀ ਆਂ। ..........ਅੱਗੇ ਸੁਣੋ ਫੇਰ।"

ਉਹਨੇ ਤਾਂ ਜਿਵੇਂ ਮੈਨੂੰ ਆਪਣੇ ਮੋਰ੍ਹੇ ਲਾ ਲਿਆ ਸੀ। ਮੈਂਖਿਆ ਇਹ ਤਾਂ ਕੋਈ ਡਾਕੂ ਰਹੀ ਫੂਲਾਂ ਦੇਵੀ ਦੀ ਸਕੀ ਹਊ। .....ਪਰ ਫਿਰ ਜੀਜੇ ਸਾਹਮਣੇ ਕਿਉਂ ਭਿੱਜੀ ਬਿੱਲੀ ਬਣ ਗਈ।.......ਖ਼ੈਰ, ਵੈਸੇ ਤਾਂ ਮਜਬੂਰੀ ਸੀ ਵਿਚਾਰੀ ਦੀ। ਮੇਰੀ ਸੋਚ ਉਹਦੇ ਹੱਕ ਵਿੱਚ ਭੁਗਤ ਗਈ।

ਉਹ ਅੱਗੇ ਦੱਸਣ ਲੱਗ ਪਈ- ਚਾਲ਼ੀ-ਪੰਜਾਹ ਕੁ ਸਾਲ ਪਹਿਲਾਂ ਤਕਨੀਕ ਦੇ ਪਸਾਰ ਨਾਲ ਫਰਕ ਪੈਣਾ ਸ਼ੁਰੂ ਹੋਇਆ। ਮੰਗਣੀ-ਵਿਆਹ ਤੋਂ ਪਹਿਲਾਂ ਮੁੰਡੇ-ਕੁੜੀ ਦੀ ਦੇਖ-ਦਿਖਾਈ ਸ਼ੁਰੂ ਹੋਈ। ਵਿਆਹ-ਮੰਗਣੀ ਦਾ ਟੈਮ ਘਟ ਗਿਆ। ਮੁਕਲਾਵੇ ਵਿਆਹ ਤੋਂ ਦੂਜੇ-ਤੀਜੇ ਦਿਨ ਆਉਣ ਲੱਗ ਪਏ। ਉਦੋਂ ਚਮਕੀਲੇ-ਅਮਰਜੋਤ ਜੋੜੀ ਦੀ ਚੜ੍ਹਾਈ ਸੀ।

ਉਦੋਂ ਦੇ ਗੀਤ–'ਤਹਿ ਲਾ ਕੇ ਛੱਡੂ ਗੁੰਦਵੇਂ ਸਰੀਰ ਦੀ, ਆਟੇ ਵਾਗੂੰ ਗੁੰਨ ਤੀ ਬਗਾਨੇ ਪੁੱਤ ਨੇ ਜਾਂ ਭੈਣ ਸਾਲ਼ੀਏ ਤੇਰੀ ਨੀਂ ਹੁਣ ਕੰਡਮ ਹੋ ਗਈ' ਵਰਗੇ ਗੀਤਾਂ ਕਰਕੇ ਉਹਨਾਂ ਦਾ ਕਤਲ ਕਰ ਦਿੱਤਾ ਗਿਆ। ਹੁਣ ਅੱਜ ਆਪਾਂ ਚਾਲ਼ੀ ਸਾਲ ਬਾਅਦ ਕਹਿੰਨੇ ਆਂ ਕਿ ਉਹਨਾਂ 'ਚ ਕੋਈ ਅਸ਼ਲੀਲਤਾ ਨਈਂ ਦੀਹਦੀ। ਇਹ ਤਾਂ ਅੱਜ–ਕਲ ਆਮ ਜਿਹੀਆਂ ਗੱਲਾਂ। ਪਰ ਹੁਣ ਜੇ ਮੇਰੇ ਵਰਗੀ ਕੋਈ ਪੋਰਨ ਵੀਡੀਉ ਦੇਖਦੀ ਏ ਤਾਂ ਕਹਿੰਦੇ ਨੇ ਇਹ ਤਾਂ ਗਸ਼ਤੀ ਜਾਂ ਟੈਕਸੀ ਹੁਣੀ। ਇਹਨਾਂ ਤੋਂ ਪੁੱਛੋ, ਥੁਆਡੇ ਮੁੰਡੇ ਜੋ ਨਿੱਤ ਕਰਦੇ, ਦੇਖਦੇ ਆ, ਉਹ ਗਸ਼ਤੇ, ਟੈਕਸੇ ਕਿਉਂ ਨਈਂ। ਜੇ ਕੁੜੀ ਦੇਖਦੀ ਆ ਤਾਂ ਲੁੱਚੀ ਆ। ........"ਤੁਸੀਂ ਦੱਸੋ ਮੈਂ ਕਿੱਥੇ ਗਲਤ ਆਂ ?"

"ਨਾ ਬਈ ਨਾ, ਮੈਂ ਬੂਝੜ ਨੇ ਕੀ ਦੱਸਣਾ।" ਮੈਂ ਤਾਂ ਪਹਿਲੀ ਵਾਰ ਕਿਸੇ ਕੁੜੀ ਦੇ ਮੂੰਹੋਂ ਚੋਂਦੀਆਂ–ਚੋਂਦੀਆਂ ਸੁਣ ਕੇ ਹੋਸ਼ ਉਡਾਈ ਬੈਠਾ ਸੀ।

"ਅੰਕਲ ! ਤੁਸੀਂ ਜ਼ਰਾ ਦੇਖੋ, ਚਾਲ਼ੀ–ਪੰਜਾਹ ਸਾਲ 'ਚ ਕੀ ਦਾ ਕੀ ਹੋ ਗਿਆ। ........ਹੁਣ ਤੁਸੀਂ ਸਾਲ ਦਰ ਸਾਲ ਉਤਾਂਹ ਨੂੰ ਚੜ੍ਹਨਾ ਸ਼ੁਰੂ ਕਰੋ। ਸੱਠ ਸਾਲ' 'ਤੇ ਜਾ ਕੇ ਖਲੋ ਜਾਉ। ...... ਜਰਾ ਸੋਚੋ, ਉਦੋਂ ਫਿਰ ਕੀ ਹਊ।"

"ਇਹ ਵੀ ਦੱਸ ਦੇ ਕੀ ਹਊ। ਸਾਡੇ ਬੱਸ ਦਾ ਤਾਂ ਇਹ ਰੋਗ ਨਈਂ।"

"ਇਹ ਵੀ ਸੁਣ ਲਉ ਫੇ।" ਉਹ ਦੱਸਣ ਲੱਗੀ– ਮੰਨ ਲਉ, ਹੁਣ ਤੁਸੀਂ ਸੱਠ ਸਾਲ ਤੋਂ ਅਗਾਂਹ ਦੇ ਅਗਲੇ ਸੰਸਾਰ 'ਚ ਬੈਠੇ ਉਂ। ........ਊਂ ਤਾਂ ਪਹਿਲਾਂ ਹੁਣੇ ਦੇਖ ਲਉ ਕੀ ਨਜ਼ਾਰੇ ਨੇ। ਉਦੋਂ ਦੀ ਗੱਲ ਤਾਂ ਬਾਅਦ 'ਚ ਕਰਦੇ ਆਂ। ਮੁੰਡੇ–ਕੁੜੀਆਂ ਕੰਙੜੀਆਂ ਪਾਈ ਘੁੰਮਦੇ ਫਿਰਦੇ ਸ਼ਹਿਰਾਂ 'ਚ। .......ਇਹ ਬਾਹਰ ਲਿਵ–ਇਨ–ਰਿਲੇਸ਼ਨ 'ਚ ਰਹਿ ਰਹੇ, ਕੱਠੇ ਇੱਕੋ ਕਮਰੇ 'ਚ। ਨਿੱਤ ਨਵੀਆਂ ਜੋੜੀਆਂ ਬਣਦੀਆਂ, ਟੁਟਦੀਆਂ। ਕਰ ਲਉ ਕੀ ਕਰਨਾ। ਇਹ ਆਪੇ ਸਭ ਕੁਛ ਕਰ–ਕਰਾ ਕੇ ਇਕ–ਦੂਜੇ ਨੂੰ ਛੱਡੀ/ਫੜੀ ਫਿਰਦੇ। ਘਰਦਿਆਂ ਨੂੰ ਪਤਾ ਵੀ ਨਈਂ ਹੁੰਦਾ। ......ਹੁਣ ਨਾ ਮਾਪਿਆਂ ਦਾ ਨਿਆਣਿਆਂ 'ਚ ਉਹ ਨਿੱਘ–ਪਿਆਰ, ਨਾ ਨਿਆਣੇ ਪਛਾਣਦੇ ਆ ਉਹਨਾਂ ਨੂੰ। ਕੋਲ਼ ਸਭ ਕੁਛ ਏ ਪਰ ਸੰਤਾਨ–ਸੁਖ ਮਾਈਨਸ। ਇਸੇ ਲਈ ਉਹ ਕੁੱਤੇ–ਬਿੱਲੀਆਂ ਪਾਲ ਰਹੇ। ਨਹੀਂ ਤਾਂ ਔਹ ਦੇਖ ਲਉ, ਦੂਰ ਕੀ ਜਾਣਾ। ਸੰਤੀ ਬੁੜੀ ਕਿਵੇਂ ਕੁੱਤਿਆਂ ਨਾਲ਼ ਖੇਡ ਰਹੀ। ਨਾ ਢਿੱਡੋਂ ਜੰਮੇ ਮੁੰਡੇ ਦਾ ਪਤਾ ਕਿੱਥੇ ਏ ਨਾ ਬਾਹਰ ਗਈ ਕੁੜੀ ਦਾ ਪਤਾ। ਵਿਚਾਰੀ ਕਿਹਦੇ ਨਾਲ਼ ਆਪਣਾ ਦਿਲ ਸਾਂਝਾ ਕਰੇ। ਅੱਗੇ ਹੋਰ ਦੇਖਿਉ, ਕਿਸੇ ਆਪਣੇ ਨੇ ਥੁਆਡੇ ਦੁਖੜੇ ਨਈਂ ਸੁਣਨੇ। ਦੁਖੜੇ ਸੁਣਨ ਵਾਲੇ ਹੋਕੇ ਲਾਇਆ ਕਰਨਗੇ– ਸੌ ਰੁਪਏ 'ਚ ਇਕ ਘੰਟਾ ਆਪਣੇ ਦੁਖੜੇ ਸੁਣਾਉ ਨਾਲੇ ਹੰਝੂ ਪੂੰਝਾਉ। .......ਕਰ ਲਿਉ ਕੀ ਕਰਨਾ।"

ਉਂਝ ਕਮਾਲ ਦੀ ਸਮਝ, ਨਾਲਜ ਸੀ ਕੁੜੀ ਦੀ। ਮੈਂ ਤਾਂ ਕੁਛ ਜਿਆਦਾ ਹੀ ਗਲਤ ਸੋਚ ਗਿਆ ਸੀ ਉਹਦੇ ਬਾਰੇ। ਮੇਰੀ ਹੁਣ ਉਹਦੀਆਂ ਗੱਲਾਂ 'ਚ ਉਤਸੁਕਤਾ ਵਧਦੀ ਜਾ ਰਹੀ ਸੀ। ਮੈਂ ਅੱਗੇ ਹੋਰ ਸੁਣਨ ਲਈ ਕਾਹਲਾ ਸੀ। "ਚੱਲ ਮੰਨ ਲਈ ਤੇਰੀ ਗੱਲ ਪਰ ਅਗਲੇ ਸੱਠ ਸਾਲਾਂ ਨੂੰ ਕੀ ਹਊ ? ..... ਨਾਲ਼ੇ ਆਪੇ ਮੈਂਨੂੰ ਸੱਠ ਸਾਲ ਅਗਾਂਹ ਲਿਜਾ ਕੇ ਖੜ੍ਹਾ ਕਰ ਤਾ।" ਖ਼ੈਰ, ਮੈਂ ਮੰਨ ਲਿਆ। ਅਗਾਂਹ ਐਨੀ ਤਾਂ ਮੇਰੀ ਉਮਰ ਵੀ ਨਈਂ ਹੋਣੀ।

"ਹੋਣਾ ਕੀ ਆ। ਓਹੀ ਹੋਣਾ ਜੋ ਹਜਾਰਾਂ ਸਾਲ ਪਹਿਲਾਂ ਹੁੰਦਾ ਸੀ।"

" ਹੈਂ! ਹਜਾਰਾਂ ਸਾਲ ਪਹਿਲਾਂ ਕੀ ਹੁੰਦਾ ਸੀ।" ਮੈਂ ਸੋਚਿਆ ਹੁਣ ਪਤਾ ਨਈਂ ਕਿਹੜਾ ਸੱਪ ਕੱਢੂ।

ਉਹ ਫਿਰ ਸ਼ੁਰੂ ਹੋ ਗਈ- ਉਦੋਂ ਰਿਸ਼ਤੇ ਨਈਂ ਸੀ ਹੁੰਦੇ। ਕੋਈ ਕਿਸੇ ਦਾ ਭੈਣ-ਭਰਾ, ਮਾਂ-ਬਾਪ ਕੁਝ ਨਹੀਂ ਸੀ। ਚਾਚੇ-ਤਾਏ, ਮਾਮੇ-ਮਾਸੀਆਂ ਦੀ ਤਾਂ ਗੱਲ ਈ ਛੱਡੋ। ........ਇਹ ਰਿਸ਼ਤੇ ਤਾਂ ਹੁਣੇ ਦਿਖਾਵੇ ਬਣ ਰਹੇ। ਇਹ ਮੋਬਾਈਲ, ਕੰਪਿਊਟਰਾਂ ਦੇ ਜਲਵੇ ਦੇਖੋ ਅੱਗੇ ਤੋਂ ਅੱਗੇ। ਕੜੱਕ ਕਰਕੇ ਲਗਣੀਆਂ ਤੇ ਤੜੱਕ ਕਰਕੇ ਟੁਟਣੀਆਂ। ਸ਼ਾਇਦ ਅੱਗੇ ਕਿਸੇ ਟੈਮ ਇਹ ਵਿਆਹ-ਵਿਊਹ ਹੋਣੇ ਬੰਦ ਹੋ ਜਾਣ।

"ਹੈਂ! ਐਂ ਹੋ ਜਊ!!"

"ਬੱਸ, ਜਾਨਵਰਾਂ ਵਾਂਗ ਚੱਲੂ ਸਭ। ਜੇ ਕੋਈ ਹਊ ਵੀ ਤਾਂ ਕੁਛ ਸਮੇਂ ਬਾਅਦ ਤੜੱਕ। ......ਕਰੋ ਕੀ ਕਰਨਾ!"

"ਪਰ ਜਿਹੜੇ ਨਿਆਣੇ ਜੰਮਣੇ, ਉਹਨਾਂ ਦਾ ਕੀ ਹਊ?"

"ਹੋਣਾ ਕੀ ਆ! ਤੁਸੀਂ ਦੇਖ ਲਿਉ, ਨਿਆਣੇ ਕਿਸੇ ਨੇ ਜਮਾਣੇ ਨੀਂ। ਜੇ ਕੋਈ ਜੰਮ ਪਿਆ ਤਾਂ ਕੁੱਤੇ-ਬਿੱਲੀਆਂ ਪਾਲਣ ਵਾਂਗ ਹੋਣਾ। ਜਿਹਨੂੰ ਪਾਲਣ ਦਾ ਸ਼ੌਂਕ ਹੋਣਾ, ਉਹਨੇ ਲੈ ਜਾਣਾ। ......ਆਹ ਜਿਹੜੀ ਦੁਨੀਆਂ ਕੀੜਿਆਂ ਵਾਂਗ ਤੁਰੀ ਫਿਰਦੀ, ਘਟਣੀ ਸ਼ੁਰੂ ਹੋ ਜਊ।"

"ਹੈਂ! .......ਇੱਦਾਂ-ਕਿੱਦਾਂ?"

"ਜੋ ਰੁਝਾਨ ਚੱਲ ਰਿਹਾ, ਲਗਦੈ ਕਿ ਮਾਵਾਂ-ਭੈਣਾਂ-ਧੀਆਂ ਵਾਲੇ ਰਿਸ਼ਤੇ ਕੋਈ ਨਿਭਾਉਂਦਾ ਮਿਲੂ। ਤੁਸੀਂ ਖ਼ੁਦ ਸੋਚੋ, ਜਿਹੜੀ ਕੁੜੀ ਬਾਹਰ ਨਈਂ ਸੀ ਨਿਕਲ਼ ਸਕਦੀ। ਆਪਣੀ ਮਰਜੀ ਨਾਲ਼ ਕੁਛ ਸੁਣ, ਕਰ ਨਈਂ ਸੀ ਸਕਦੀ। ਹੌਲ਼ੀ-ਹੌਲ਼ੀ, ਚੋਰੀ-ਚੋਰੀ ਮੇਰੇ ਵਰਗੀਆਂ ਚਮਕੀਲਾ ਸੁਣਨ ਵਾਲ਼ੀਆਂ ਥੋੜ੍ਹੇ ਸਮੇਂ 'ਚ ਪੋਰਨ ਵੀਡੀਉ 'ਤੇ ਪਹੁੰਚ ਗਈਆਂ। ਸੱਠ ਸਾਲਾਂ ਨੂੰ ਇਹ ਗੱਲ ਕਿੱਥੇ ਪਹੁੰਚੂ। .........ਉਦੋਂ ਪੋਰਨ ਵੀਡੀਉ ਕਹਿਨੇ ਦੇਖਣੇ। ਇਹ ਆਮ ਜਿਹੀ ਗੱਲ ਹਊ। .........ਅੱਬਲਾ ਤਾਂ ਲੋਕਾਂ ਦਾ ਉਦੋਂ ਤਈਂ ਇਹਦੇ 'ਚ ਇਨਟਰੈਸਟ ਈ ਖਤਮ ਹੋ ਜਾਣਾ। ਜੋ ਪੋਰਨ ਵੀਡੀਉ 'ਚ ਏ, ਉਹ ਸ਼ਰੇਆਮ ਚਲਣਾ। ਕਰਿਉ ਕੀ ਕਰਨਾ!"

ਉਹਦੀਆਂ ਗੱਲਾਂ ਸੁਣ ਕੇ ਮੇਰਾ ਹਉਕਾ ਨਿਕਲ਼ ਲਿਆ। "ਕੁੜੀਏ! ਗੱਲਾਂ ਤਾਂ ਤੇਰੀਆਂ ਜਿੱਦਾਂ ਹੈ ਉਹ ਹੈ। ਮੈਂ ਦੇਖ ਲਿਆ, ਹੈ ਤੂੰ ਅੰਤਰਜਾਮੀ .....ਪਰ ਹੁਣ ਮੈਂ ਤੈਨੂੰ ਇਕ ਗੱਲ ਕਹਿਣ ਲੱਗਾਂ, ਉਹ ਜਰਾ ਧਿਆਨ ਨਾਲ਼ ਸੁਣ ਲਈਂ।"

"ਕੀ?"

"ਜੇ ਐਂ ਕਹਿੰਦੀ-ਕਰਦੀ ਰਈ, ਤੇਰੇ ਨਾਲ ਕਿਸੇ ਨੇ ਵਿਆਹ ਨਈਂ ਕਰਾਣਾ।"

"ਵਿਆਹ ਕਰਾਂਦੀ ਮੇਰੀ ਜੁੱਤੀ। ਅੰਕਲ! ਮੈਂ ਇਹਨਾਂ ਝੰਜਟਾਂ 'ਚ ਕਾਹਨੂੰ ਪੈਣਾ।"

"ਚੱਲ ਤਾਂ ਫੇ ਮੇਰੀ ਐਨੀ ਗੱਲ ਈ ਮੰਨ ਲੈ ਕਿ ਹੋਰ ਅੱਗੇ ਕਿਸੇ ਕੋਲ਼ ਅੰਤਰਜਾਮੀ ਨਾ ਬਣੀਂ। ਇਹ ਸ਼ਰੇਆਮ ਕਰਨ ਵਾਲੀਆਂ ਗੱਲਾਂ ਨਈਂ। ਚਮਕੀਲਾ ਸੁਣਨ ਵਾਂਗ ਸਭ ਕੁਝ ਚੁਪਕੇ-ਚੁਪਕੇ ਹੀ........। ਨਈਂ ਤਾਂ ਕਿਤੇ ਤੇਰਾ ਵੀ ਅਮਰਜੋਤ-ਚਮਕੀਲੇ ਦੀ ਜੋੜੀ ਵਾਂਗ ...........।"

"ਹੋ ਜਏ ਜੋ ਹੁੰਦਾ, ਮੈਂ ਤਾਂ ਐਂ ਹੀ ਬੋਲੂੰ, ਇੰਝ ਈ ਕਰੂੰ।"

ਫਿਰ ਇਕ ਕੋਈ ਹੋਰ ਜਣਾ ਮੋਟਰਸਾਈਕਲ 'ਤੇ ਆਇਆ, ਉਹ ਝੱਟ ਉਹਦੇ ਪਿੱਛੇ ਬਹਿ ਕੇ ਤਿੱਤਰ ਹੋ ਗਈ।

# ਆਧੁਨਿਕ ਪੰਜਾਬੀ ਕਹਾਣੀ ਵਿੱਚ ਸਬਾਲਟਰਨ ਸੰਵੇਦਨਾ

**-ਡਾ. ਬਲਦੇਵ ਸਿੰਘ ਧਾਲੀਵਾਲ**

ਸੰਕਲਪ ਸਬਾਲਟਰਨ ਦੇ ਭਾਵ-ਬੋਧ ਨੂੰ ਇੰਨ-ਬਿੰਨ ਪ੍ਰਗਟਾਉਣ ਵਾਲਾ ਸ਼ਬਦ ਪੰਜਾਬੀ ਭਾਸ਼ਾ ਵਿੱਚ ਫ਼ਿਲਹਾਲ ਉਪਲਬਧ ਨਹੀਂ ਹੈ। ਅਜਿਹਾ ਸੁਭਾਵਕ ਹੀ ਹੈ ਕਿਉਂਕਿ ਹਰੇਕ ਸੰਕਲਪ ਸਥਿਤੀ ਅਤੇ ਸਥਾਨ-ਵਿਸ਼ੇਸ਼ ਦੀ ਉਪਜ ਹੁੰਦਾ ਹੈ। ਇਸ ਲਈ ਐਨਟੋਨੀਓ ਗ੍ਰਾਮਸ਼ੀ ਨੇ ਆਪਣੇ ਸਮਕਾਲ ਦੀਆਂ ਵਿਸ਼ੇਸ਼ ਪ੍ਰਸਥਿਤੀਆਂ ਦੇ ਸੰਦਰਭ ਵਿੱਚ ਇਸ ਸੰਕਲਪ ਦੀ ਘਾੜਤ ਉਸ ਸਭਿਆਚਾਰਕ ਪ੍ਰਭੂਤਾ ਨੂੰ ਦਰਸਾਉਣ ਲਈ ਕੀਤੀ ਜਿਹੜੀ ਦਮਿਤ ਜਾਂ ਅਧੀਨ ਵਰਗਾਂ (ਸਬਾਲਟਰਨ) ਨੂੰ ਇਤਿਹਾਸਕ ਪ੍ਰਵਚਨਾਂ ਵਿੱਚੋਂ ਖਾਰਜ ਕਰ ਦਿੰਦੀ ਰਹੀ ਹੈ। ਉੱਤਰ-ਆਧੁਨਿਕ ਚਿੰਤਨ ਦੇ ਉਭਾਰ ਸਮੇਂ ਜਦ ਮਹਾਂਬਿਰਤਾਂਤਾਂ ਅਤੇ ਲਘੂ-ਬਿਰਤਾਂਤਾਂ ਦੇ ਹਵਾਲੇ ਨਾਲ ਹਾਸ਼ੀਆਗਤ ਵਿਅਕਤੀਆਂ ਅਤੇ ਸਮੂਹਾਂ ਦੀ ਚਰਚਾ ਹੋਣ ਲੱਗੀ ਤਾਂ ਸਬਾਲਟਰਨ ਸੰਕਲਪ ਵਿਸ਼ੇਸ਼ ਕਰਕੇ ਉਤਰ-ਬਸਤੀਵਾਦੀ ਚਿੰਤਨ ਪ੍ਰਣਾਲੀ ਦਾ ਅਹਿਮ ਟੂਲ (ਸੰਦ-ਸਾਧਨ) ਬਣ ਕੇ 'ਸਬਾਲਟਰਨ ਸਟੱਡੀਜ਼ ਗਰੁੱਪ' ਦੀ ਟੇਕ ਬਣ ਗਿਆ। ਇਸ ਸੰਕਲਪ ਦੇ ਹਵਾਲੇ ਨਾਲ ਇਸ ਗਰੁੱਪ ਨੇ ਬਸਤੀਵਾਦੀ ਸਾਮਰਾਜ ਦੀਆਂ ਦਮਨ ਵਾਲੀਆਂ ਉਨ੍ਹਾਂ ਨੀਤੀਆਂ ਦਾ ਪੁਨਰ-ਮੁਲੰਕਣ ਕਰਨ ਦਾ ਯਤਨ ਕੀਤਾ ਜਿਨ੍ਹਾਂ ਬਸਤੀਕ੍ਰਿਤ ਨਾਲ ਜਨ-ਸਾਧਾਰਨ ਦੀ ਆਵਾਜ਼ ਨੂੰ ਇਤਿਹਾਸਕ ਪ੍ਰਵਚਨਾਂ ਵਿੱਚੋਂ ਖਾਰਜ ਕਰ ਦਿੱਤਾ ਗਿਆ ਸੀ। ਦੂਜੇ ਸ਼ਬਦਾਂ ਵਿੱਚ ਅਜਿਹੇ ਚਿੰਤਨ ਰਾਹੀਂ ਜਨ-ਸਾਧਾਰਨ ਜਾਂ ਸਬਾਲਟਰਨ ਦੇ ਖਾਮੋਸ਼ ਬੋਲਾਂ ਨੂੰ ਪੁਨਰ-ਸੁਰਜੀਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ।

ਸੰਕਲਪ ਸਬਾਲਟਰਨ ਨੂੰ ਭਾਰਤ/ਪੰਜਾਬ ਦੇ ਪ੍ਰਸੰਗ ਵਿੱਚ ਵੇਖੀਏ ਤਾਂ ਸਰਸਰੀ ਨਜ਼ਰੇ ਹੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਬਾਲਟਰਨ ਦੀ ਸਥਿਤੀ ਨਾਲ ਰਲਦੇ-ਮਿਲਦੇ ਜਨ-ਸਾਧਾਰਨ ਵਰਗਾਂ ਦੀ ਮੌਜੂਦਗੀ ਤਾਂ ਨਿਰਸੰਦੇਹ ਇਥੇ ਵੀ ਵੇਖਣ ਨੂੰ ਮਿਲਦੀ ਹੈ ਪਰ ਉਨ੍ਹਾਂ ਵਰਗਾਂ ਦੇ ਸਮੂਹ ਨੂੰ ਸਮੁੱਚ ਵਿੱਚ ਪ੍ਰਗਟਾਉਣ ਵਾਲਾ ਕੋਈ ਨਿਸਚਤ ਸੰਕਲਪ ਸਾਡੇ ਚਿੰਤਨ ਵਿੱਚ ਮੌਜੂਦ ਨਹੀਂ। ਉਂਜ ਅਜਿਹੀ ਸਥਿਤੀ ਨੂੰ ਪ੍ਰਗਟਾਉਣ ਲਈ ਸਾਡੇ ਕੋਲ ਹੋਰ ਬਹੁਤ ਸਾਰੇ ਸ਼ਬਦ ਜਾਂ ਸੰਕਲਪ ਹਨ, ਜਿਵੇਂ ਦਲਿਤ, ਅਬਲਾ, ਦਮਿਤ, ਮੁਥਾਜ, ਅਧੀਨ, ਗੋਲਾ, ਨਿਮਨ, ਅਛੂਤ, ਲੁੱਟਿਆ-ਪੁੱਟਿਆ (ਪ੍ਰੋਲੇਤਾਰੀ), ਅਣਹੋਇਆ, ਅਬੋਲ, ਪੇਂਡੂ, ਅਸਭਿਅਕ, ਮੂੜ੍ਹ, ਗਰੀਬ, ਦੇਸੀ ਆਦਿ। ਇਹ ਸਮੂਹ ਸ਼ਬਦ ਅਸਲ ਵਿੱਚ ਆਪਣੇ ਵਿਭਿੰਨ ਸੰਵੇਦਨਾਤਮਕ ਪਾਸਾਰਾਂ ਨਾਲ ਸੰਕਲਪ ਸਬਾਲਟਰਨ ਦੇ ਪੂਰਕ ਹੀ ਬਣਦੇ ਹਨ। ਦੂਜੇ ਸ਼ਬਦਾਂ ਵਿੱਚ ਸੰਕਲਪ ਸਬਾਲਟਰਨ ਵਿੱਚ ਇਨ੍ਹਾਂ ਸਮੂਹ ਸ਼ਬਦਾਂ ਦਾ ਭਾਵ-ਬੋਧ ਸ਼ਾਮਿਲ ਹੈ।

ਸਥਾਪਤੀ ਦੁਆਰਾ ਆਪਣੀ ਧੌਂਸ ਜਾਂ ਹੈਜੇਮਨੀ ਰਾਹੀਂ ਭਾਰਤੀ ਜਨ-ਸਾਧਾਰਨ ਨੂੰ ਹਾਸ਼ੀਆਗਤ ਅਤੇ ਅਬੋਲ ਕਰਨ ਦਾ ਇਤਿਹਾਸ ਬਹੁਤ ਪੁਰਾਣਾ ਹੈ। ਸੱਤਾਵਾਨ ਵਰਗ ਅਤੇ ਬ੍ਰਾਹਮਣਵਾਦ ਨੇ ਜਾਤ-ਪਾਤੀ ਵਿਵਸਥਾ ਦੇ ਟੂਲਜ਼ (ਸੰਦ-ਸਾਧਨਾਂ) ਨਾਲ ਨਿਰੰਤਰ ਆਪਣੀ ਪ੍ਰਭੂਤਾ ਬਣਾਈ ਰੱਖੀ। ਮੁਸਲਿਮ ਸ਼ਾਸਕਾਂ ਦੇ ਦੌਰ ਵਿੱਚ ਵੀ ਬ੍ਰਾਹਮਣਵਾਦ ਦੀ ਇਹ ਸਰਵਉੱਚਤਾ ਖਤਮ ਨਹੀਂ ਹੋਈ, ਸਗੋਂ ਹੋਰ ਸ਼ਕਤੀਵਰ ਹੋ ਗਈ। ਮੁਸਲਿਮ ਸ਼ਾਸਕ ਵੀ ਸਾਮੰਤੀ ਕਦਰਾਂ-ਕੀਮਤਾਂ ਦੇ ਧਾਰਨੀ ਹੋਣ ਕਰਕੇ ਊਚ-ਨੀਚ ਦੇ ਵਿਤਕਰਿਆਂ ਨੂੰ ਘਟਾਉਣ ਵਾਲੇ

ਨਹੀਂ ਬਲਕਿ ਦਰਜੇਬੰਦੀਆਂ ਨੂੰ ਹੋਰ ਪੱਕਿਆਂ ਕਰਨ ਵਾਲੇ ਸਿੱਧ ਹੋਏ। ਬਰਤਾਨਵੀ ਬਸਤੀਵਾਦੀ ਹਕੂਮਤ ਦੀ ਸਥਾਪਨਾ ਨਾਲ ਵਕਤੀ ਤੌਰ 'ਤੇ ਇਹ ਪ੍ਰਭਾਵ ਬਣਿਆ ਕਿ ਪੂੰਜੀਵਾਦ ਦੇ ਪਾਸਾਰੇ ਅਤੇ ਆਧੁਨਿਕ ਚੇਤਨਾ ਦੇ ਵਿਕਾਸ ਨਾਲ ਭਾਰਤ ਵਿੱਚ ਜਗੀਰੂ ਕਦਰਾਂ-ਕੀਮਤਾਂ, ਮੌਲਾਣਾਵਾਦ ਅਤੇ ਬ੍ਰਾਹਮਣਵਾਦੀ ਕਰਮ-ਕਾਂਡ ਦੀ ਜਕੜ ਜ਼ਰੂਰ ਢਿੱਲੀ ਪਵੇਗੀ। ਅੰਸ਼ਕ ਰੂਪ ਵਿੱਚ ਅਜਿਹਾ ਹੋਇਆ ਵੀ ਪਰ ਕੋਈ ਕ੍ਰਾਂਤੀਕਾਰੀ ਤਬਦੀਲੀਆਂ ਨਾ ਵਾਪਰ ਸਕੀਆਂ ਕਿਉਂਕਿ ਬਸਤੀਵਾਦੀ ਹਕੂਮਤ ਨੇ ਆਪਣੀਆਂ ਸਾਮਰਾਜਵਾਦ ਦੇ ਪਾਸਾਰੇ ਵਾਲੀਆਂ ਨੀਤੀਆਂ ਕਾਰਨ ਜਗੀਰੂ ਕਦਰਾਂ-ਕੀਮਤਾਂ ਵਿੱਚ ਗ੍ਰੱਸੇ ਜਨ-ਸਾਧਾਰਨ ਦੇ ਪਛੜੇਪਣ ਅਤੇ ਹੀਣ-ਭਾਵਨਾ ਨੂੰ ਆਪਣੀ ਸਥਾਪਤੀ ਜਾਂ ਗ਼ਲਬੇ ਲਈ ਵਰਤਿਆ। ਉਨ੍ਹਾਂ ਨੇ ਜਨ-ਸਾਧਾਰਨ ਦੇ ਆਰਥਿਕ ਸ਼ੋਸ਼ਣ ਤੋਂ ਅੱਗੇ ਉਨ੍ਹਾਂ ਦੇ 'ਆਤਮ' (ਮਨ-ਮਸਤਕ) ਉਤੇ ਦਾਬੇ ਦੀ ਇਕ ਨਵੀਂ ਇਬਾਰਤ ਲਿਖ ਦਿੱਤੀ। ਇਸ ਤਰ੍ਹਾਂ ਸਾਮਰਾਜੀ ਪੱਛਮਵਾਦ ਦਾ ਇਹ ਪ੍ਰਵਚਨ ਉਭਾਰ ਕੇ ਪੇਸ਼ ਕੀਤਾ ਗਿਆ ਕਿ ਭਾਰਤੀ ਲੋਕ ਪਛੜੇ, ਜੰਗਲੀ, ਬੇਬੁੱਧ, ਆਲਸੀ, ਕਰੂਪ (ਕਾਲੇ, ਭੂਰੇ), ਅਸਭਿਅਕ ਆਦਿ ਹਨ ਅਤੇ ਅੰਗਰੇਜ਼ਾਂ ਦਾ ਪੈਗ਼ੰਬਰੀ ਫਰਜ਼ ਅਜਿਹੇ ਪਸ਼ੂ-ਨੁਮਾ, ਜਾਹਲ ਲੋਕਾਂ ਦਾ ਆਧੁਨਿਕੀਕਰਨ ਕਰਨਾ ਹੈ ਤਾਂ ਕਿ ਇਹ ਵੀ ਅੰਗਰੇਜ਼ਾਂ ਵਾਂਗ ਸਭਿਅਕ ਬਣ ਸਕਣ। ਇਸ ਪਰਉਪਕਾਰੀ ਸੰਦੇਸ਼ (The White Man's Burden) ਦੇ ਪ੍ਰਚਾਰ ਨਾਲ ਅੰਗਰੇਜ਼ੀ ਹਕੂਮਤ ਨੂੰ ਆਪਣਾ ਮਾਨਵੀ ਚਿਹਰਾ ਵਿਖਾਉਣ ਅਤੇ ਦਮਨੀ ਕਰੂਪਤਾ ਲੁਕਾਉਣ ਲਈ ਵਿਸ਼ੇਸ਼ ਮਦਦ ਮਿਲੀ। ਇਸ ਹਕੂਮਤੀ ਅਮਲ ਨਾਲ ਭਾਰਤੀ ਲੋਕ ਆਪਣੀ ਮੂਲ ਸਾਂਸਕ੍ਰਿਤਕ ਪਛਾਣ ਪ੍ਰਤੀ ਡੂੰਘੇ ਹੀਣ-ਭਾਵ ਦਾ ਸ਼ਿਕਾਰ ਹੋ ਗਏ ਅਤੇ ਇਉਂ ਪੱਛਮੀ ਸਭਿਅਤਾ ਦੀ ਪ੍ਰਭੁਤਾ (ਹੈਜੇਮਨੀ) ਲੰਮਾ ਸਮਾਂ ਬਰਕਰਾਰ ਰਹੀ। ਅਜਿਹੇ ਦਮਨ ਦੇ ਦੂਰਰਸੀ ਪ੍ਰਭਾਵਾਂ ਦੇ ਸਿੱਟੇ ਵਜੋਂ ਇਹ ਵਾਪਰਿਆ ਕਿ ਬਸਤੀਵਾਦੀ ਹਕੂਮਤ ਤੋਂ ਸੁਤੰਤਰ ਹੋ ਜਾਣ ਤੋਂ ਬਾਅਦ ਵੀ ਉਨ੍ਹਾਂ ਦੀ ਪ੍ਰਭੁਤਾ ਇਕ ਜਾਂ ਦੂਜੇ ਰੂਪ ਵਿੱਚ ਹੁਣ ਤੱਕ ਬਣੀ ਹੋਈ ਹੈ।

ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿੱਚ ਵਿਸ਼ਵੀਕਰਨ ਦੇ ਉਭਾਰ ਨਾਲ ਬਸਤੀਵਾਦ ਦੇ ਨਵੇਂ ਅਵਤਾਰ ਯਾਨੀ ਨਵ-ਬਸਤੀਵਾਦ ਅਤੇ ਨਵ-ਬ੍ਰਾਹਮਣਵਾਦ ਦਾ ਹਮਲਾ ਜਦ ਭਾਰਤ ਜਿਹੇ ਵਿਕਾਸਸ਼ੀਲ ਦੇਸ਼ ਉਤੇ ਇੱਕ ਵਾਰ ਫਿਰ ਹੋਇਆ ਤਾਂ ਭਾਰਤ ਦਾ ਜਨ-ਸਾਧਾਰਨ ਮੁੜ ਆਪਣੀ ਪਛਾਣ ਦੇ ਨਵੇਂ ਸੰਕਟਾਂ ਦੇ ਰੂ-ਬ-ਰੂ ਹੋਇਆ ਹੈ। ਇਹ ਸੰਕਟ ਵੀ ਪੱਛਮੀਕਰਨ ਰਾਹੀਂ ਉਨ੍ਹਾਂ ਦੀ ਦੇਸੀ ਪਛਾਣ ਨੂੰ ਕਰੂਪ ਕਰਨ ਵਾਲੇ ਜਾਂ ਮੂਲੋਂ ਤਹਿਸ-ਨਹਿਸ ਕਰਨ ਵਾਲੇ ਹੀ ਹਨ। ਪਰ ਪਹਿਲਾਂ ਨਾਲੋਂ ਮੁੱਖ ਫਰਕ ਇਹ ਹੈ ਕਿ ਹੁਣ ਇਹ ਲੋਕ (ਸਬਾਲਟਰਨ) ਮੂਲੋਂ ਅਬੋਲ ਨਹੀਂ ਹਨ ਬਲਕਿ ਖ਼ੁਦ ਵੀ ਬੋਲਣ ਜੋਗੇ ਹੋ ਗਏ ਹਨ ਅਤੇ ਚਿੰਤਕਾਂ ਰਾਹੀਂ ਇਨ੍ਹਾਂ ਦੇ ਬੋਲਾਂ ਨੂੰ ਲੋੜੀਂਦੀ ਪ੍ਰਤੀਨਿਧਤਾ (Representation) ਵੀ ਮਿਲ ਰਹੀ ਹੈ। ਦਲਿਤ ਰਾਜਨੀਤੀ ਅਤੇ ਨਵ-ਨਾਰੀਵਾਦ ਨੇ ਆਪਣੀ ਹੋਂਦ ਜਤਾਉਣ ਲਈ ਵਿਸ਼ੇਸ਼ ਹੰਭਲੇ ਮਾਰੇ ਹਨ, ਸੋਸ਼ਲ ਮੀਡੀਆ ਦੇ ਮਾਧਿਅਮ ਨੇ ਅਜਿਹੀ ਪ੍ਰਤੀਨਿਧਤਾ ਨੂੰ ਵਿਸ਼ੇਸ਼ ਤੌਰ 'ਤੇ ਹੁਲਾਰਾ ਦਿੱਤਾ ਹੈ। ਦੂਜੇ ਸ਼ਬਦਾਂ ਵਿੱਚ ਸਬਾਲਟਰਨ ਚੇਤਨਾ ਨੂੰ ਉਤਰ-ਬਸਤੀਵਾਦ ਨੇ ਪ੍ਰਤੀਰੋਧ ਦੇ ਨਵੇਂ ਪੈਂਤੜੇ ਪ੍ਰਦਾਨ ਕੀਤੇ ਹਨ। ਗਾਇਤਰੀ ਚੱਕਰਵਰਤੀ ਸਪੀਵਾਕ ਦੇ ਕਲਾਸਕੀ ਮਹੱਤਤਾ ਵਾਲੇ ਲੇਖ 'ਕੀ ਦਮਿਤ ਬੋਲ ਸਕਦਾ ਹੈ' (Can Subaltern Speak) ਦੇ ਹਵਾਲੇ ਨਾਲ ਵਿਸ਼ਵ ਪੱਧਰ ਉੱਤੇ ਛਿੜੀ ਚਰਚਾ ਇਨ੍ਹਾਂ ਨਵੇਂ ਪੈਂਤੜਿਆਂ ਦੀ ਤਲਾਸ਼ ਵਿੱਚੋਂ ਹੀ ਪ੍ਰੇਰਿਤ ਹੋ ਰਹੀ ਹੈ।

ਸਬਾਲਟਰਨ ਸੰਵੇਦਨਾ ਦੇ ਸੰਦਰਭ ਵਿੱਚ ਜਦੋਂ ਪੰਜਾਬੀ ਕਹਾਣੀ ਦੇ ਸਫ਼ਰ ਉੱਤੇ ਝਾਤੀ ਮਾਰਦੇ ਹਾਂ ਤਾਂ ਮੁੱਢਲੇ ਤੌਰ ਉੱਤੇ ਇਹੀ ਪਰਿਕਲਪਨਾ (Hypothesis) ਬਣਦੀ ਹੈ ਕਿ ਪੰਜਾਬੀ ਕਹਾਣੀ ਨੇ ਆਪਣੇ ਲੋਕ-ਪੱਖੀ ਪ੍ਰੇਰਕਾਂ ਕਾਰਨ ਸਬਾਲਟਰਨ ਦੀ ਆਵਾਜ਼ ਨੂੰ ਲੋੜੀਂਦੀ ਪ੍ਰਤੀਨਿਧਤਾ ਦਿੱਤੀ ਹੈ। ਇਨ੍ਹਾਂ ਪ੍ਰੇਰਕਾਂ ਦੇ ਇਤਿਹਾਸਕ ਸ੍ਰੋਤਾਂ ਨੂੰ ਆਮ ਕਰਕੇ ਨਾਬਰੀ ਵਾਲੀ ਮੱਧਕਾਲੀ ਸਾਹਿਤ-ਸੰਵੇਦਨਾ ਅਤੇ ਵਿਸ਼ੇਸ਼ ਕਰਕੇ ਗੁਰਮਤਿ ਦੇ 'ਨੀਚਾ ਅੰਦਰਿ ਨੀਚ ਜਾਤਿ..॥' ਅਤੇ 'ਜਿਤੁ ਜੰਮਹਿ ਰਾਜਾਨ...॥' ਆਦਿ ਮਹਾਂਵਾਕਾਂ ਦੇ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ।

ਆਧੁਨਿਕ ਪੰਜਾਬੀ ਕਹਾਣੀ ਦਾ ਆਰੰਭ ਹੀ ਬਸਤੀਵਾਦੀ ਹਕੂਮਤ ਵਿਰੁੱਧ ਉੱਠੀਆਂ ਨਵ-ਜਾਗਰਣ ਦੀਆਂ ਭਾਰਤੀ ਲਹਿਰਾਂ ਦੇ ਪ੍ਰਭਾਵ ਨਾਲ ਹੁੰਦਾ ਹੈ। ਪੰਜਾਬੀ ਕਹਾਣੀ ਦੇ ਮੁੱਢਲੇ ਪੜਾਅ ਦੇ ਪਹਿਲੇ ਅੱਧ ਵਿੱਚ ਮੋਹਨ ਸਿੰਘ ਵੈਦ ਦਾ ਨਾਂ ਸਭ ਤੋਂ ਉਭਰਵਾਂ ਹੈ। ਉਸ ਦੀ ਕਹਾਣੀ ਵਿੱਚ ਦਲਿਤ ਸੰਵੇਦਨਾ ਦੀ ਪ੍ਰਤੀਨਿਧਤਾ ਕਰਨ ਵਾਲੇ ਵੇਰਵੇ ਤਾਂ ਅਲਪ-ਮਾਤਰ ਹੀ ਹਨ ਪਰ ਅਬਲਾ ਸਮਝੀ ਜਾਂਦੀ ਨਾਰੀ ਦੇ ਮਸਲਿਆਂ ਨੂੰ ਭਰਪੂਰ ਰੂਪ ਵਿੱਚ ਕਥਾ-ਵਸਤੂ ਬਣਾਇਆ ਗਿਆ ਮਿਲਦਾ ਹੈ। ਆਪਣੀ ਸਿੱਖ ਮੱਧਵਰਗੀ ਦ੍ਰਿਸ਼ਟੀ ਰਾਹੀਂ ਉਹ ਆਪਣੀਆਂ ਨਾਰੀ-ਪਾਤਰਾਂ ਨੂੰ ਸਿੱਖ-ਸਲੀਕੇ ਜਾਂ ਰਹਿਤ-ਮਰਿਯਾਦਾ ਅਤੇ ਲੋਕ-ਮੁਖੀ ਆਧੁਨਿਕ ਵਿੱਦਿਆ ਜਾਂ ਚਿੰਤਨ ਦੀ ਟੇਕ ਨਾਲ ਸੰਕਟ ਵਿੱਚੋਂ ਨਿਕਲਣ ਦਾ ਰਾਹ ਦੱਸਦਾ ਹੈ। ਇਹ ਦੋਵੇਂ ਢੰਗ ਨਾਰੀ ਪਾਤਰ ਨੂੰ ਬ੍ਰਾਹਮਣੀ ਕਰਮ-ਕਾਂਡ ਵਿੱਚੋਂ ਮੁਕਤ ਹੋਣ ਅਤੇ ਨਵੀਆਂ ਆਧੁਨਿਕ ਕਦਰਾਂ-ਕੀਮਤਾਂ ਰਾਹੀਂ ਅੱਗੇ ਵਧਣ ਦਾ ਬਲ ਬਖ਼ਸ਼ਣ ਵਾਲੇ ਸਿੱਧ ਹੁੰਦੇ ਹਨ। ਉਸ ਦੀ ਕਹਾਣੀ 'ਸੁੱਘੜ ਕੌਰ' ਦੀ ਨਾਰੀ ਪਾਤਰ ਇਸ ਗੱਲੋਂ ਤਣਾਅ ਵਿੱਚ ਹੈ ਕਿ ਆਪਣੀ ਅਨਪੜ੍ਹਤਾ ਅਤੇ ਰਵਾਇਤੀ ਸੋਚ ਕਰਕੇ ਇਕ ਪੜ੍ਹੇ-ਲਿਖੇ ਅਤੇ ਸਰਦੇ-ਪੁਜਦੇ ਸਹੁਰੇ ਪਰਿਵਾਰ ਵਿੱਚ ਯੋਗ ਸਥਾਨ ਹਾਸਿਲ ਨਹੀਂ ਕਰ ਸਕੇਗੀ ਪਰ ਸਿੱਖ-ਸਲੀਕੇ ਅਤੇ ਵਿੱਦਿਆ ਸਦਕਾ ਉਹ ਅੰਤ ਨੂੰ 'ਸੁੱਘੜ ਕੌਰ' ਦਾ ਵਿਸ਼ੇਸ਼ਣੀ ਲਕਬ ਹਾਸਿਲ ਕਰਨ ਵਿੱਚ ਸਫ਼ਲ ਹੁੰਦੀ ਹੈ।

ਅੰਗਰੇਜ਼ੀ ਹਕੂਮਤ ਵਿਰੁੱਧ ਸੁਤੰਤਰਤਾ ਸੰਗਰਾਮ ਦੀ ਲਹਿਰ ਵਿੱਚ ਜਿਵੇਂ ਜਿਵੇਂ ਉਭਾਰ ਆਉਂਦਾ ਹੈ ਉਵੇਂ ਪੰਜਾਬ ਦੇ ਦਲਿਤ, ਨਿਮਨ ਕਿਸਾਨ ਅਤੇ ਨਾਰੀ ਵਰਗ ਉਸ ਸੰਗਰਾਮ ਵਿੱਚ ਸ਼ਾਮਿਲ ਹੋ ਕੇ ਆਪਣੀ ਪ੍ਰਤਿਰੋਧੀ ਸੁਰ ਉੱਚੀ ਕਰਨ ਲਗਦੇ ਹਨ। ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਆਓ ਹਿੰਦੀਓ ਰਲ ਕੇ ਨੱਚੀਏ, ਕੋਈ ਇਸ਼ਕ ਦਾ ਤ੍ਰਿਖੜਾ ਤਾਲ਼ ਵਲ਼ੇ...' ਦੀ ਤਰਜ਼ ਉੱਤੇ ਇਹ ਨਿਮਨ ਵਰਗ ਇਕ ਪਾਸੇ ਤਾਂ ਊਚ-ਨੀਚ ਵਾਲੀਆਂ ਜਗੀਰੂ ਰੀਤੀਆਂ ਤੋਂ ਮੁਕਤ ਹੋਣ ਲਈ ਹੰਭਲਾ ਮਾਰਦੇ ਹਨ ਅਤੇ ਦੂਜੇ ਪਾਸੇ ਅੰਗਰੇਜ਼ੀ ਹਕੂਮਤ ਦੇ ਭੈਅ ਨੂੰ ਆਪਣੇ 'ਆਤਮ' 'ਚੋਂ ਖਾਰਜ ਕਰਕੇ ਆਪਣੀ ਆਜ਼ਾਦ ਹਸਤੀ ਦਾ ਨਵਾਂ ਇਤਿਹਾਸ ਸਿਰਜਣ ਦਾ ਯਤਨ ਕਰਦੇ ਹਨ। ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਕਹਾਣੀ 'ਚੰਡੀਦਾਸ' ਦਾ ਨੌਜਵਾਨ ਪੁਜਾਰੀ ਪਾਤਰ ਸੰਸਥਾਈ ਧਰਮ ਅਤੇ ਜਾਤ-ਪਾਤ ਦੀਆਂ ਬੰਧਸ਼ਾਂ ਨੂੰ ਉਲੰਘ ਕੇ ਨਿਮਨ ਜਾਤ ਦੀ ਕੁੜੀ ਨੂੰ ਅਪਨਾਉਣ ਦਾ ਸਾਹਸ ਵਿਖਾਉਂਦਾ ਹੈ। ਪ੍ਰਤੀਕ ਰੂਪ ਵਿੱਚ ਉਹ ਆਪਣੀ ਸੁਤੰਤਰ ਹੋਂਦ ਦੀ ਸਲਾਮਤੀ ਵੱਲ ਪਹਿਲਾ ਕਦਮ ਵੀ ਚੁੱਕਦਾ ਹੈ। ਨਾਨਕ ਸਿੰਘ ਦੀ ਕਹਾਣੀ 'ਅਰਜ਼ੀ' ਦਾ ਸ਼ਾਹੂਕਾਰ ਆਪਣੇ ਕਰਜ਼ਦਾਰ ਅੱਖੜ ਕਿਸਾਨ ਦੇ ਗੁੱਸੇ ਅਤੇ ਵਿਰੋਧ ਦੀ ਕਲਪਨਾ

ਕਰਕੇ ਉਸ ਵਿਰੁੱਧ 'ਅਰਜੀ' ਪਾਉਣ ਦਾ ਵਿਚਾਰ ਤਿਆਗ ਦਿੰਦਾ ਹੈ। ਸੁਤੰਤਰਤਾ ਸੰਗਰਾਮ ਦੇ ਪ੍ਰਸੰਗ ਵਿੱਚ ਗੁਰਮੁਖ ਸਿੰਘ ਮੁਸਾਫਿਰ ਦੀ ਕਹਾਣੀ 'ਬਾਗੀ ਦੀ ਧੀ' ਵਿਚਲਾ ਇਕ ਸਾਧਾਰਨ ਪਰਿਵਾਰ ਪੂਰੀ ਨਿਡਰਤਾ ਨਾਲ ਅੰਗਰੇਜ਼ੀ ਹਕੂਮਤ ਦੇ ਦਮਨ ਦਾ, ਸ਼ਾਂਤਮਈ ਢੰਗ ਨਾਲ ਗ੍ਰਿਫ਼ਤਾਰੀ ਦੇ ਕੇ, ਵਿਦਰੋਹ ਕਰਦਾ ਹੈ। ਇਹ ਪਾਤਰ ਉਨ੍ਹਾਂ ਪੰਜਾਬੀਆਂ ਦੀ ਪ੍ਰਤੀਨਿਧਤਾ ਕਰਦੇ ਹਨ ਜਿਹੜੇ ਹੁਣ ਅਬੋਲ ਨਹੀਂ ਰਹੇ ਸਗੋਂ ਦੋਵੇਂ ਤਰ੍ਹਾਂ ਦੀ ਸਥਾਪਤੀ (ਬ੍ਰਾਹਮਣਵਾਦ ਅਤੇ ਬਸਤੀਵਾਦ) ਵਿਰੁੱਧ ਆਪਣੀ ਆਵਾਜ਼ ਉਠਾਉਂਦੇ ਹਨ। ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ 'ਆਸ ਦਾ ਜਨਮ' ਅਤੇ 'ਪਤਾਲ ਦਾ ਬੰਦਾ' ਵਿੱਚ ਸਬਾਲਟਰਨ ਦੀਆਂ ਇਹ ਵਿਦਰੋਹੀ ਸੁਰਾਂ ਹੋਰ ਵੀ ਬੁਲੰਦੀ ਉੱਤੇ ਪਹੁੰਚਦੀਆਂ ਨਜ਼ਰ ਆਉਂਦੀਆਂ ਹਨ।

ਇਨ੍ਹਾਂ ਵਿਦਰੋਹੀ ਸੁਰਾਂ ਦਾ ਰਾਜਸੀ ਸਿੱਟਾ ਤਾਂ, ਨਿਰਸੰਦੇਹ, ਇਹ ਨਿਕਲਿਆ ਕਿ ਅੰਤ ਬਸਤੀਵਾਦੀ ਹਕੂਮਤ ਤੋਂ ਮੁਕਤੀ ਮਿਲ ਗਈ ਪਰ ਦੂਜੇ ਪਾਸੇ ਇਹ ਆਜ਼ਾਦੀ ਵੀ ਭਾਰਤੀ ਸਬਾਲਟਰਨ ਦੇ 'ਆਤਮ' ਨੂੰ ਉਨ੍ਹਾਂ ਇਬਾਰਤਾਂ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਕਰ ਸਕੀ ਜਿਹੜੇ ਬਸਤੀਵਾਦੀ ਦਮਨ ਦੌਰਾਨ ਉਸਦੇ 'ਆਤਮ' ਉੱਤੇ ਖੁਣ ਦਿੱਤੇ ਗਏ ਸਨ। ਅਜਿਹੇ ਬੰਦੀ ਆਤਮ ਤੋਂ ਮੁਕਤ ਹੋਣਾ ਸੁਖਾਲਾ ਨਹੀਂ ਹੁੰਦਾ। ਸੰਤ ਸਿੰਘ ਸੇਖੋਂ ਦੀ ਕਹਾਣੀ 'ਅਣੋਖ ਸਿੰਘ ਦੀ ਵਹੁਟੀ' ਅਜਿਹੇ ਜ਼ਖ਼ਮੀ ਆਤਮ ਦਾ ਇਕ ਵੱਖਰੀ ਤਰ੍ਹਾਂ ਦਾ ਯਥਾਰਥਕ ਰੂਪ ਵਿਖਾਉਂਦੀ ਹੈ। ਕਹਾਣੀ ਦਾ ਪਾਤਰ ਅਣੋਖ ਸਿੰਘ ਇਕ ਫੌਜੀ ਹੈ। ਟਰਕੀ ਵਿੱਚ ਲੜਾਈ ਸਮੇਂ ਉਸ ਉੱਤੇ ਇਕ ਜਾਰਜੀਅਨ ਲੜਕੀ 'ਆਸ਼ਕ' ਹੋ ਜਾਂਦੀ ਹੈ। ਉਹ ਅਣੋਖ ਸਿੰਘ ਨਾਲ ਪੰਜਾਬ ਆ ਜਾਂਦੀ ਹੈ। ਉਨ੍ਹਾਂ ਦੇ ਬੱਚੇ ਹੁੰਦੇ ਹਨ। ਇਕ ਬੱਚੇ ਦੀ ਮੌਤ ਹੋ ਜਾਂਦੀ ਹੈ। ਜਦ ਸਿੱਖ ਰਵਾਇਤਾਂ ਅਨੁਸਾਰ ਉਸ ਦਾ ਦਾਹ ਸੰਸਕਾਰ ਕੀਤਾ ਜਾਂਦਾ ਹੈ ਤਾਂ ਮਾਂ ਆਪਣੇ ਬੱਚੇ ਨੂੰ ਸਾੜੇ ਜਾਣ ਦਾ ਦ੍ਰਿਸ਼ ਵੇਖ ਨਹੀਂ ਸਕਦੀ। ਉਸ ਨੂੰ ਅਣੋਖ ਸਿੰਘ ਉਸੇ ਪ੍ਰਕਾਰ ਦਾ ਨਿਰਦਈ, ਜਾਹਲ ਅਤੇ ਗ਼ੈਰ (other) ਜਾਪਦਾ ਹੈ ਜਿਵੇਂ ਕਿ ਉਸ ਦੇ ਅਵਚੇਤਨ ਵਿੱਚ ਭਾਰਤੀਆਂ ਦਾ ਬਿੰਬ ਹੋਵੇਗਾ। ਉਹ ਅਣੋਖ ਸਿੰਘ ਨੂੰ ਛੱਡ ਜਾਂਦੀ ਹੈ। ਇਸ ਦੋਹਰੇ ਸਦਮੇ ਨਾਲ ਅਣੋਖ ਸਿੰਘ ਦਾ ਮਾਨਸਿਕ ਤਵਾਜ਼ਨ ਵਿਗੜ ਜਾਂਦਾ ਹੈ। ਕਹਾਣੀ ਬੜੇ ਸੂਖ਼ਮ ਢੰਗ ਨਾਲ ਉਸ ਬਸਤੀਵਾਦੀ ਪ੍ਰਵਚਨ ਵੱਲ ਸੰਕੇਤ ਕਰਦੀ ਹੈ ਜਿਸ ਅਨੁਸਾਰ ਭਾਰਤੀਆਂ ਨੂੰ ਗ਼ੈਰ-ਮਾਨਵੀ ਸਿੱਧ ਕੀਤਾ ਜਾਂਦਾ ਸੀ।

ਪੰਜਾਬੀ ਕਹਾਣੀਕਾਰ ਸੰਤਾਲੀ ਦੀ ਵੰਡ ਉਪਰੰਤ ਹੋਈ ਕਤਲੋਗਾਰਤ ਅਤੇ ਉਜਾੜੇ ਦੇ ਮਾਰੂ ਪ੍ਰਭਾਵਾਂ ਨਾਲ ਸ਼ਰਨਾਰਥੀ ਹੋਣ ਵਾਲੇ ਜਨ-ਸਾਧਾਰਨ ਨੂੰ ਵੀ ਸਬਾਲਟਰਨ ਦੀ ਸ਼੍ਰੇਣੀ ਵਿੱਚ ਹੀ ਰੱਖ ਕੇ ਉਨ੍ਹਾਂ ਦੇ ਸੰਕਟਾਂ ਨੂੰ ਸਾਮਰਾਜੀ ਬਸਤੀਵਾਦ ਦੀ ਰਾਜਨੀਤੀ ਦੇ ਗ਼ੈਰਮਾਨਵੀ ਪ੍ਰਕੋਪ ਵਜੋਂ ਤਸੱਵਰ ਕਰਦਾ ਹੈ। ਇਹ ਵੀ ਪਾੜੋ ਤੇ ਰਾਜ ਕਰੋ ਵਾਲ਼ੇ ਬਸਤੀਵਾਦੀ ਦਮਨ ਦਾ ਹੀ ਇਕ ਉਹ ਪਾਸਾਰ ਹੈ ਜਿਸ ਅਨੁਸਾਰ ਕੋਈ ਵਿਅਕਤੀ ਆਪਣੀ ਧਰਤੀ ਉੱਤੇ ਹੀ ਓਪਰਾ ਅਤੇ ਬੇਪਛਾਣ ਹੋ ਜਾਂਦਾ ਹੈ। ਇਹ ਓਪਰਾਪਣ ਉਸ ਦੇ 'ਆਤਮ' ਦਾ ਕਦੇ ਨਾ ਠੀਕ ਹੋਣ ਵਾਲਾ ਜ਼ਖ਼ਮ ਬਣ ਜਾਂਦਾ ਹੈ। ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ 'ਖੱਬਲ' ਅਤੇ 'ਮੈਨੂੰ ਜਾਣਨੈ' ਦੇ ਮੁੱਖ ਪਾਤਰਾਂ ਦੀ ਗੁੰਮੀ-ਗੁਆਚੀ ਪਛਾਣ ਦੀ ਪੀੜ ਨੂੰ ਉਦਾਹਰਣ ਦੇ ਤੌਰ 'ਤੇ ਵੇਖਿਆ ਜਾ ਸਕਦਾ ਹੈ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਮਿਲੇ ਬਰਾਬਰੀ ਦੇ ਸੰਵਿਧਾਨਕ ਹੱਕ ਵਕਤੀ ਤੌਰ

'ਤੇ ਸਬਾਲਟਰਨ ਨੂੰ ਵੀ ਸਥਾਪਿਤ ਵਰਗ ਜਿਹੀ ਸੁਤੰਤਰਤਾ ਦਾ ਅਹਿਸਾਸ ਦਿੰਦੇ ਹਨ। ਅੰਗਰੇਜ਼ ਹੁਕਮਰਾਨਾਂ ਦੀ ਥਾਂ ਆਪਣੇ ਭਾਰਤੀ ਸ਼ਾਸਕਾਂ ਦੀ ਮੌਜੂਦਗੀ ਇਸ ਅਹਿਸਾਸ ਨੂੰ ਹੋਰ ਵੀ ਸੰਤੁਸ਼ਟੀਜਨਕ ਬਣਾਉਂਦੀ ਹੈ ਪਰ ਇਹ ਅਹਿਸਾਸ ਵਕਤੀ ਸਿੱਧ ਹੁੰਦਾ ਹੈ ਕਿਉਂਕਿ ਸਥਾਪਿਤ ਧਿਰਾਂ ਵੱਲੋਂ ਆਪਣੇ ਵਰਗ-ਹਿੱਤਾਂ ਨੂੰ ਮੁੱਖ ਰਖਦਿਆਂ ਸੰਵਿਧਾਨਕ ਹੱਕਾਂ ਨੂੰ ਅਮਲੀ ਰੂਪ 'ਚ ਲਾਗੂ ਨਹੀਂ ਕੀਤਾ ਜਾਂਦਾ। ਇਸ ਪ੍ਰਸੰਗ ਵਿੱਚ ਦੇਸੀ ਸ਼ਾਸਕਾਂ ਦਾ ਖ਼ੁਦਪ੍ਰਸਤ ਵਿਵਹਾਰ ਬਸਤੀਵਾਦੀ ਨੀਤੀਆਂ ਤੋਂ ਬਹੁਤਾ ਵੱਖਰਾ ਸਿੱਧ ਨਹੀਂ ਹੁੰਦਾ। ਸਬਾਲਟਰਨ ਦੀ ਸਥਿਤੀ ਉਵੇਂ ਹੀ ਹਾਸ਼ੀਆਗਤ ਵਾਲੀ ਬਣੀ ਰਹਿੰਦੀ ਹੈ। ਇਸ ਵਕਤ ਤੱਕ ਪੰਜਾਬੀ ਕਹਾਣੀ ਪੂਰੀ ਤਰ੍ਹਾਂ ਯਥਾਰਥਵਾਦੀ ਪ੍ਰਵਿਰਤੀ ਦੀ ਧਾਰਨੀ ਬਣ ਚੁੱਕੀ ਸੀ, ਇਸ ਲਈ ਹਾਸ਼ੀਆਗਤ ਵਰਗਾਂ ਅਤੇ ਵਿਅਕਤੀਆਂ ਦੇ ਜੀਵੰਤ ਚਿਹਰੇ-ਮੋਹਰੇ ਚਿਤਰਣ ਵਾਲੀਆਂ ਕਹਾਣੀਆਂ ਵੱਡੀ ਗਿਣਤੀ ਵਿੱਚ ਲਿਖੀਆਂ ਜਾਣ ਲਗਦੀਆਂ ਹਨ। ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਸਾਂਝ' ਵਿੱਚ ਅਜਿਹੇ ਚਿਹਰੇ-ਮੋਹਰਿਆਂ ਦਾ ਇਕ ਮਾਰਮਿਕ ਦ੍ਰਿਸ਼ ਵੇਖਣਯੋਗ ਹੈ:

ਪਰ੍ਹਾਂ ਖੇਸਾਂ ਉਤੇ ਬੈਠੇ ਬੰਦੇ ਕੋਈ ਗੱਲ ਨਹੀਂ ਕਰ ਰਹੇ ਸਨ। ਕਰਦੇ ਵੀ ਕਿਸ ਨਾਲ ? ਸਾਡੀ ਢਾਣੀ ਅਤੇ ਉਹਨਾਂ ਦੇ ਵਿਚਕਾਰ ਕੁਝ ਵਿੱਥ ਸੀ ਤੇ ਘਰ ਦਾ ਕੋਈ ਬੰਦਾ ਉਹਨਾਂ ਵਿੱਚ ਬੈਠਾ ਨਹੀਂ ਸੀ। ਉਹ ਬੰਦੇ ਹੈ ਵੀ ਕੁਝ ਹੋਰ ਤਰ੍ਹਾਂ ਦੇ ਸਨ। ਇਹੋ ਜਿਹੇ ਬੰਦੇ ਮੈਂ ਪਹਿਲਾਂ ਕਦੇ ਏਨੇ ਇਕੱਠੇ ਨਹੀਂ ਵੇਖੇ ਸਨ। ਮੈਂ ਹੈਰਾਨ ਹੋ ਰਿਹਾ ਸਾਂ ਕਿ ਇਹ ਮੈਨੂੰ ਹੋਰ ਤਰ੍ਹਾਂ ਦੇ ਕਿਉਂ ਲਗਦੇ ਨੇ। ਧਿਆਨ ਨਾਲ ਉਹਨਾਂ ਦੇ ਚਿਹਰਿਆਂ ਵੱਲ ਵੇਖਿਆ। ਹੌਲੀ ਹੌਲੀ ਮੈਨੂੰ ਫਰਕ ਦੀ ਸਮਝ ਆਉਂਦੀ ਜਾਪੀ। ਉਹਨਾਂ ਦੇ ਨਕਸ਼ ਉੱਘੜ ਕੇ ਨਹੀਂ ਦਿਸਦੇ ਸਨ। ਨਾ ਨੱਕ, ਨਾ ਬੁੱਲ੍ਹ, ਨਾ ਅੱਖਾਂ, ਕਿਸੇ ਪਾਸੇ ਕੋਈ ਕਾਟ ਕਰਦੀਆਂ ਸਨ। ਉਹਨਾਂ ਦੇ ਮੂੰਹਾਂ ਉਤੇ ਜਿਵੇਂ ਪੋਚਾ ਫਿਰਿਆ ਹੋਇਆ ਸੀ। ਉਤੇ ਲਈਆਂ ਚਾਦਰਾਂ ਵਿੱਚ ਉਹ ਸੁੰਗੜ ਕੇ ਬੈਠੇ ਸਨ। ਪਰ ਜੇ ਇਸ ਤਰ੍ਹਾਂ ਨਾ ਵੀ ਬੈਠੇ ਹੁੰਦੇ ਤਾਂ ਵੀ ਉਹਨਾਂ ਦੇ ਸਰੀਰ ਦਾ ਪ੍ਰਭਾਵ ਫੁੱਟ ਦੋ ਫੁੱਟ ਅਗਾਂਹ ਪੈ ਸਕਣਾ ਵੀ ਅਸੰਭਵ ਸੀ। ਇਸ ਤਰ੍ਹਾਂ ਲਗਦਾ ਸੀ ਜਿਵੇਂ ਕੱਛੂ ਕੁੰਮੇ ਵਾਂਗ ਉਹ ਸਦਾ ਆਪਾ ਸੁਕੇੜਨ ਵਿੱਚ ਹੀ ਲੱਗੇ ਰਹੇ ਹੋਣ। ਅਜੇ ਵੀ ਇਕ ਫਰਕ ਸੀ। ਕੱਛੂ ਕੁੰਮਾ ਤਾਂ ਕੇਵਲ ਖਤਰੇ ਵੇਲੇ ਹੀ ਆਪਾ ਸੁਕੇੜਦਾ ਏ। ਜਦੋਂ ਉਸ ਨੂੰ ਖ਼ਤਰੇ ਦਾ ਅਨੁਭਵ ਨਾ ਹੋਵੇ ਤਾਂ ਸਿਰੀ ਬਾਹਰ ਕੱਢ ਕੇ ਉਹ ਬੜੀ ਮੌਜ ਨਾਲ ਟੁਰਦਾ ਏ ਜਾਂ ਪਾਣੀ ਵਿੱਚ ਤਰਦੀ ਲੱਕੜ ਉੱਤੇ ਬੈਠ ਕੇ ਧੁੱਪ ਸੇਕਦਾ ਰਹਿੰਦਾ ਏ। ਇਹ ਮਨੁੱਖ ਅਤੇ ਇਸ ਲਈ ਸੂਝਵਾਨ ਹੋਣ ਕਰਕੇ ਹਰ ਵੇਲੇ ਡਰਦੇ ਤੇ ਸੁੰਗੜੇ ਰਹੇ ਸਨ।

ਸਬਾਲਟਰਨ ਦੀ ਸਥਿਤੀ ਦੇ ਇਸ ਜੀਵੰਤ ਦ੍ਰਿਸ਼ ਤੋਂ ਭਲੀਭਾਂਤ ਇਹ ਬੋਧ ਹੋ ਜਾਂਦਾ ਹੈ ਕਿ ਨਪੀੜਿਆ 'ਆਤਮ' ਹੌਲੀ ਹੌਲੀ ਮਨੁੱਖ ਦੇ ਸਾਰੇ ਵਜੂਦ ਨੂੰ ਆਪਣੀ ਲਪੇਟ ਵਿੱਚ ਲੈ ਲੈਂਦਾ ਹੈ ਅਤੇ ਅੱਗੋਂ ਉਸ ਦੀ ਨਕਸ਼-ਨੁਹਾਰ ਤੋਂ ਵੀ ਪ੍ਰਤੱਖ ਝਲਕਣ ਲਗਦਾ ਹੈ। ਅਜਿਹੇ 'ਆਤਮ' ਨੂੰ ਮੁੜ ਪਹਿਲਾਂ ਵਾਲੀ ਨਾਰਮਲ ਸਥਿਤੀ ਵਿੱਚ ਲਿਆਉਣਾ ਅਸੰਭਵ ਜਾਪਣ ਲੱਗ ਜਾਂਦਾ ਹੈ।

ਗੁਰਦਿਆਲ ਸਿੰਘ ਦੀ ਕਹਾਣੀ 'ਚਾਰੇ ਦੀ ਪੰਡ' ਦੇ ਦਲਿਤ ਪਾਤਰ ਦੀ ਪਤਨੀ ਇਕ ਥੱਬੀ ਹਰੇ ਚਾਰੇ ਦੀ ਖਾਤਰ ਜ਼ਿਮੀਂਦਾਰ ਨਾਲ ਜਿਨਸੀ ਸੰਬੰਧ ਬਨਾਉਣ ਲਈ ਮਜਬੂਰ ਹੁੰਦੀ ਹੈ। ਇਹ ਜ਼ਲਾਲਤ ਸਿਰਫ ਉਸ ਨਾਰੀ ਪਾਤਰ ਦੇ ਹੀ ਨਹੀਂ ਬਲਕਿ ਉਸ ਦੇ ਪਤੀ ਦੇ 'ਆਤਮ'

ਨੂੰ ਵੀ ਇਸ ਕਦਰ ਪੀੜਤ ਕਰ ਦਿੰਦੀ ਹੈ ਕਿ ਆਪਣੇ ਰੋਹ ਨੂੰ ਦਬਾਉਂਦਿਆਂ ਹੋਇਆਂ ਉਹ ਅਸਤਿੱਤਵੀ ਸੰਕਟ ਦਾ ਸ਼ਿਕਾਰ ਹੋ ਜਾਂਦਾ ਹੈ।

ਦਲਿਤ ਪਾਤਰਾਂ ਦੇ ਮੁਕਾਬਲਤਨ ਪੰਜਾਬ ਦੀ ਔਰਤ ਆਪਣੀ ਸਬਾਲਟਰਨ ਸਥਿਤੀ 'ਚੋਂ ਬਾਹਰ ਆਉਣ ਲਈ ਵਧੇਰੇ ਚੇਤੰਨ ਅਤੇ ਸੰਘਰਸ਼ਸ਼ੀਲ ਜਾਪਦੀ ਹੈ। ਆਪਣੀ ਅਜਿਹੀ ਡਿਜ਼ਾਇਰ ਦਾ ਪ੍ਰਗਟਾਵਾ ਉਹ ਖ਼ੁਦ ਵੀ ਬੇਬਾਕੀ ਨਾਲ ਕਰਦੀ ਹੈ ਅਤੇ ਉਸ ਦੇ ਅਨੁਭਵਾਂ ਨੂੰ ਮਰਦ ਕਹਾਣੀਕਾਰਾਂ ਦੀ ਪ੍ਰਤੀਨਿਧਤਾ ਵੀ ਭਰਪੂਰ ਰੂਪ 'ਚ ਮਿਲ ਸਕੀ ਹੈ। ਛੇਵੇਂ, ਸੱਤਵੇਂ ਦਹਾਕੇ ਵਿੱਚ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ ਤੋਂ ਬਾਅਦ ਅਜੀਤ ਕੌਰ ਨੇ ਉਸ ਬੇਬਾਕ ਔਰਤ ਦੀਆਂ ਸਾਰੀਆਂ ਪ੍ਰਤੀਰੋਧੀ ਸੁਰਾਂ ਨੂੰ ਜ਼ੁਬਾਨ ਦਿੱਤੀ ਹੈ। ਉਸ ਦੀ ਕਹਾਣੀ 'ਫਾਲਤੂ ਔਰਤ' ਇਸ ਦੀ ਕਲਾਸਿਕੀ ਮਿਸਾਲ ਕਹੀ ਜਾ ਸਕਦੀ ਹੈ।

ਅੱਠਵੇਂ ਦਹਾਕੇ ਦੇ ਆਸ-ਪਾਸ ਸਬਾਲਟਰਨ ਸੰਵੇਦਨਾ ਦੇ ਪ੍ਰਸੰਗ ਵਿੱਚ ਵੇਖੀਏ ਤਾਂ ਪੰਜਾਬੀ ਕਹਾਣੀ ਵਿੱਚ ਇਕ ਵੱਡਾ ਪਰਿਵਰਤਨ ਵੇਖਣ ਨੂੰ ਮਿਲਦਾ ਹੈ। ਵਿਸ਼ੇਸ਼ ਕਰਕੇ ਦਲਿਤ ਅਤੇ ਨਾਰੀ ਵਰਗਾਂ ਦੇ ਅਨੁਭਵਾਂ ਨੂੰ ਉਹਨਾਂ ਰਚਨਾਕਾਰਾਂ ਦੁਆਰਾ ਪ੍ਰਗਟਾਇਆ ਜਾਣ ਲਗਦਾ ਹੈ ਜਿਹੜੇ ਖ਼ੁਦ ਉਸ ਜਾਤ-ਗੋਤ, ਸ਼੍ਰੇਣੀ ਦੇ ਪਿਛੋਕੜ ਵਾਲੇ ਸਨ। ਦਲਿਤ ਲੇਖਕਾਂ ਵਿੱਚ ਅਤਰਜੀਤ, ਪ੍ਰੇਮ ਗੋਰਖੀ, ਕਿਰਪਾਲ ਕਜ਼ਾਕ ਆਦਿ ਦੇ ਨਾਂ ਇਸ ਸੰਦਰਭ ਵਿੱਚ ਉਲੇਖਯੋਗ ਹਨ ਤਾਂ ਨਾਰੀ ਅਨੁਭਵ ਨੂੰ ਜ਼ੁਬਾਨ ਦੇਣ ਵਾਲੀਆਂ ਲੇਖਕਾਵਾਂ ਵਿੱਚ ਸੁਖਵੰਤ ਕੌਰ ਮਾਨ, ਬਚਿੰਤ ਕੌਰ, ਰਾਜਿੰਦਰ ਕੌਰ ਆਦਿ ਅਹਿਮ ਹਨ। ਆਪਣੇ ਘੁਟਨਭਰੇ ਜਾਤੀਗਤ ਅਨੁਭਵਾਂ ਨੂੰ ਕਥਾ-ਵਸਤੂ ਬਨਾਉਣ ਕਰਕੇ ਇਨ੍ਹਾਂ ਦੀਆਂ ਕਹਾਣੀਆਂ ਵਿੱਚ ਸਵੈ ਜੀਵਨੀ ਆਤਮਕ ਛੋਹਾਂ ਵਾਲਾ ਬਿਰਤਾਂਤ ਆਪਣੇ ਸੱਜਰੇਪਣ ਅਤੇ ਪ੍ਰਮਾਣਿਕਤਾ ਕਾਰਨ ਵਿਸ਼ੇਸ਼ ਧਿਆਨ ਖਿੱਚਦਾ ਹੈ। ਅਤਰਜੀਤ ਦੀਆਂ ਕਹਾਣੀਆਂ 'ਬਠਲੂ ਚਮਿਆਰ', 'ਸਬੂਤੇ ਕਦਮ', ਪ੍ਰੇਮ ਗੋਰਖੀ ਦੀਆਂ 'ਜੀਣ-ਮਰਨ', 'ਅਰਜਨ ਸਫੈਦੀ ਵਾਲਾ', ਕਿਰਪਾਲ ਕਜ਼ਾਕ ਦੀਆਂ 'ਜਿੱਥੋਂ ਸੂਰਜ ਉਗਦਾ ਹੈ', 'ਹੁੰਮਸ' ਆਦਿ ਇਸ ਪ੍ਰਸੰਗ ਵਿੱਚ ਮਿਸਾਲੀ ਕਹਾਣੀਆਂ ਹਨ। ਇਸੇ ਤਰ੍ਹਾਂ ਸੁਖਵੰਤ ਕੌਰ ਮਾਨ ਦੀਆਂ ਕਹਾਣੀਆਂ ਨਿਮਨ ਕਿਸਾਨੀ ਵਰਗ ਦੀ ਨਵੀਆਂ ਕਰਵਟਾਂ ਲੈਂਦੀ ਸਬਾਲਟਰਨ ਸੰਵੇਦਨਾ ਦਾ ਯਥਾਰਥਕ ਗਲਪ-ਬਿੰਬ ਸਿਰਜਦੀਆਂ ਹਨ, ਜਿਵੇਂ ਕਹਾਣੀ 'ਖੋਭਾ' ਦੀ ਮਿਸਾਲ ਇਸ ਗੱਲ ਦੀ ਭਰਵੀਂ ਗਵਾਹੀ ਭਰਦੀ ਹੈ।

ਵੀਹਵੀਂ ਸਦੀ ਦੇ ਅੰਤਲੇ ਦਹਾਕੇ ਦੌਰਾਨ ਜਦੋਂ ਉਤਰ-ਆਧੁਨਿਕ ਚਿੰਤਨ ਦੇ ਵਿਆਪਕ ਪ੍ਰਭਾਵਾਂ ਕਾਰਨ ਲਘੂ-ਬਿਰਤਾਂਤਾਂ ਦੀ ਗੱਲ ਵਧੇਰੇ ਹੋਣ ਲਗਦੀ ਹੈ ਤਾਂ ਪੰਜਾਬੀ ਸਮਾਜ ਦੀਆਂ ਅਬੋਲ ਰਹੀਆਂ ਹਾਸ਼ੀਆਗਤ ਪਛਾਣਾਂ ਦਾ ਬਿਰਤਾਂਤ ਪੰਜਾਬੀ ਕਹਾਣੀ ਦਾ ਕੇਂਦਰ ਬਣ ਜਾਂਦਾ ਹੈ। ਸਬਾਲਟਰਨ ਸੰਵੇਦਨਾ ਦੇ ਨੁਕਤਾ-ਨਿਗਾਹ ਤੋਂ ਵੇਖਿਆਂ ਇਕ ਨਵੀਂ ਗੱਲ ਇਹ ਸਾਹਮਣੇ ਆਉਂਦੀ ਹੈ ਕਿ ਦਲਿਤ, ਨਾਰੀ, ਪਾਕਿਸਤਾਨੀ ਪੰਜਾਬੀ ਅਤੇ ਪਰਵਾਸੀ ਵਰਗਾਂ ਦੇ ਨਾਲ਼ ਨਾਲ਼ ਮੂਲੋਂ ਛੋਟੇ ਅਤੇ ਅਣਗੌਲੇ ਵਿਅਕਤੀਆਂ ਜਾਂ ਸਮੂਹਾਂ ਨੂੰ ਕਥਾ-ਵਸਤੂ ਬਨਾਉਣ ਦਾ ਵਰਤਾਰਾ ਜ਼ੋਰ ਫੜ੍ਹ ਲੈਂਦਾ ਹੈ, ਜਿਵੇਂ ਕਸ਼ਮੀਰੀ ਸਿੱਖ, ਕਿੰਨਰ, ਆਦਿਵਾਸੀ, ਸਮਲਿੰਗੀ, ਬੌਣੇ, ਸਲੱਮ-ਵਾਸੀ, ਮੰਗਤੇ, ਅਪਾਹਜ, ਮਾਨਸਿਕ ਤੌਰ 'ਤੇ ਅਸਾਧਾਰਨ, ਜੱਲਾਦ, ਖੱਲਾਂ ਦੇ ਕਾਰੋਬਾਰੀ, ਮਰਾਸੀ, ਕੁਦੇਸਣਾਂ, ਪਰਵਾਸੀ ਮਜ਼ਦੂਰ, ਸ਼ਮਸ਼ਾਨਘਾਟ ਦੇ ਕਰਿੰਦੇ, ਕਾਲ ਗਰਲਜ਼ ਆਦਿ।

ਬਸਤੀਵਾਦ ਵਾਂਗ ਹੀ ਨਵ-ਬਸਤੀਵਾਦ ਨੇ ਸਥੂਲ ਅਤੇ ਸੂਖ਼ਮ ਦੋਵਾਂ ਤਰੀਕਿਆਂ ਨਾਲ ਹੀ ਅਜੋਕੇ ਮਨੁੱਖ ਦੇ ਮਨ-ਮਸਤਕ ਨੂੰ ਆਪਣੀ ਬਸਤੀ ਬਨਾਉਣ ਦਾ ਅਮਲ ਤੇਜ ਕਰ ਦਿੱਤਾ ਹੈ। ਬਾਜ਼ਾਰ ਇਸ ਲੜਾਈ ਦਾ ਮੈਦਾਨ ਹੈ ਅਤੇ ਇਸ਼ਤਿਹਾਰਬਾਜ਼ੀ ਇਸ ਦਾ ਮੁੱਖ ਹਥਿਆਰ ਹੈ। ਮਨੁੱਖ ਨੂੰ ਅਨੇਕਾਂ ਤਰ੍ਹਾਂ ਦੇ ਲੁਭਾਉਣੇ ਸੁਖ-ਸੁਆਦ ਲੈਣ ਲਈ ਉਪਭੋਗੀ ਹੋਣ ਦੇ ਰਾਹ ਤੋਰਿਆ ਜਾਂਦਾ ਹੈ। ਜਦੋਂ ਉਸ ਦੇ 'ਆਤਮ' ਨੂੰ ਪੂਰੀ ਤਰ੍ਹਾਂ ਮਨ-ਇੱਛਤ ਰੰਗਣ ਚਾੜ੍ਹ ਦਿੱਤੀ ਜਾਂਦੀ ਹੈ ਤਾਂ ਫਿਰ ਉਹ ਉਪਭੋਗੀ ਦੇ ਰੂਪ ਵਿੱਚ ਸਵੈ-ਚਾਲਤ ਰਬੋਟ ਵਾਂਗ ਚਲਦਾ ਰਹਿੰਦਾ ਹੈ। ਮਸ਼ੀਨੀਕਰਨ ਦੀ ਦਿਸ਼ਾ ਵੱਲ ਤੁਰਦਿਆਂ ਹੌਲੀ ਹੌਲੀ ਉਸ ਦਾ ਭਾਵਨਾਤਮਕ ਅਤੇ ਸੁਹਜਾਤਮਕ ਸੰਸਾਰ ਸਿਥਲ ਪੈ ਜਾਂਦਾ ਹੈ ਅਤੇ ਮਨੁੱਖੀ ਗੌਰਵ ਨਾਲ ਜਿਉਣਾ ਉਸ ਲਈ ਕੋਈ ਮਾਣਯੋਗ ਮੁੱਲ ਨਹੀਂ ਰਹਿ ਜਾਂਦਾ। ਮਨੁੱਖੀ 'ਆਤਮ' ਦੇ ਅਜਿਹੇ ਵਸਤੂਕਰਨ ਦਾ ਬਿਰਤਾਂਤ ਸਮਕਾਲੀ ਪੰਜਾਬੀ ਕਹਾਣੀ ਨੇ ਬਹੁਤ ਸ਼ਿੱਦਤ ਅਤੇ ਪ੍ਰਮਾਣਿਕਤਾ ਨਾਲ ਸਿਰਜਣ ਦਾ ਯਤਨ ਕੀਤਾ ਹੈ। ਇਸ ਸਮੁੱਚੀ ਪ੍ਰਕਿਰਿਆ ਨੂੰ ਵੇਖਣ-ਜਾਂਚਣ ਲਈ ਪੰਜਾਬੀ ਦੇ ਸੁਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੀਆਂ ਦੋ ਕਹਾਣੀਆਂ 'ਨੌਂ ਬਾਰਾਂ ਦਸ' ਅਤੇ 'ਮੈਂ ਰੋ ਨਾ ਲਵਾਂ ਇਕ ਵਾਰ ' ਦੀ ਉਦਾਹਰਣ ਲੈਂਦੇ ਹਾਂ। ਇਨ੍ਹਾਂ ਦੋਵਾਂ ਕਹਾਣੀਆਂ ਦਾ ਕੇਂਦਰੀ ਪਾਤਰ ਦਲਿਤ ਵਰਗ ਦਾ ਅਸਾਧਾਰਨ ਮਾਨਸਿਕਤਾ ਵਾਲਾ ਨਿੰਦਰ ਹੈ। ਟੀ.ਵੀ., ਵੀ.ਸੀ.ਆਰ ਉੱਤੇ ਫ਼ਿਲਮਾਂ ਵੇਖਦਾ ਵੇਖਦਾ ਉਹ ਆਪ ਇਸ ਫੈਂਟਸੀ ਦੇ ਮੱਕੜਜਾਲ ਵਿੱਚ ਇਉਂ ਫਸ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਫ਼ਿਲਮੀ ਅਦਾਕਾਰ ਧਰਮਿੰਦਰ ਦਾ ਤੀਜਾ ਮੁੰਡਾ ਤਸੱਵੁਰ ਕਰਨ ਲੱਗ ਪੈਂਦਾ ਹੈ ਅਤੇ ਹਕੀਕੀ ਤੇ ਖ਼ਿਆਲੀ ਦੁਨੀਆਂ ਦੇ ਵਿਚਕਾਰਲੀ ਕੰਧ ਉੱਤੇ ਡਿਕਡੋਲੇ ਖਾਂਦਿਆਂ ਤੁਰਨ ਲਗਦਾ ਹੈ। ਇਸ ਤਰ੍ਹਾਂ ਕਰਦਿਆਂ ਉਹ ਇਕ ਆਮ ਬੰਦੇ ਵਾਂਗ ਜਿਉਣ ਦੀ ਜਾਚ ਭੁੱਲ ਜਾਂਦਾ ਹੈ ਅਤੇ ਹਕੀਕੀ ਦੁਨੀਆਂ ਵਿੱਚ ਮਜ਼ਾਕ ਦਾ ਪਾਤਰ ਬਣ ਜਾਂਦਾ ਹੈ।

ਨਵ-ਬਸਤੀਵਾਦ ਦਾ ਸਿਰਜਿਆ ਬਾਜ਼ਾਰੀ ਤਲਿੱਸਮ ਇਉਂ ਹੀ ਬੰਦੇ ਦੇ 'ਆਤਮ' ਉੱਤੇ ਉਪਭੋਗੀ ਡਿਜ਼ਾਇਰ ਦੀ ਇਬਾਰਤ ਲਿਖਦਾ ਹੈ। ਨਿੰਦਰ ਦੀ ਮਿਸਾਲ ਇਸ ਲਈ ਵੀ ਮਹੱਤਵਪੂਰਨ ਹੋ ਜਾਂਦੀ ਹੈ ਕਿ ਉਹ ਆਰਥਿਕ ਅਤੇ ਸਮਾਜਿਕ ਦਰਜੇਬੰਦੀ ਦੇ ਸਭ ਤੋਂ ਹੇਠਲੇ ਡੰਡੇ ਉੱਤੇ ਖੜ੍ਹਾ ਪਾਤਰ ਹੈ ਅਤੇ ਨਵ-ਬਸਤੀਵਾਦ ਦੀ ਮਾਰ ਉਸ ਦੇ 'ਆਤਮ' ਤੱਕ ਵੀ ਸਹਿਜੇ ਹੀ ਪਹੁੰਚ ਚੁੱਕੀ ਨਜ਼ਰ ਆਉਂਦੀ ਹੈ।

ਵਿਸ਼ਵੀਕਰਨ ਦਾ ਵਰਤਾਰਾ ਅਸਲ ਵਿੱਚ ਨਵ-ਬਸਤੀਵਾਦ ਦਾ ਹੀ ਬਾਹਰੀ ਪ੍ਰਗਟਾਵਾ ਹੈ। ਇਸ ਦਾ ਸਰੂਪ ਮਹਾਂਬਿਰਤਾਂਤਾਂ ਵਾਲਾ ਹੈ ਜਿਸਦੇ ਮੁਕਾਬਲੇ ਵਿੱਚ ਲਘੂ-ਬਿਰਤਾਂਤਾਂ ਜਾਂ ਖੇਤਰੀ ਸਭਿਆਚਾਰਾਂ ਦੀ ਹੋਂਦ ਅਤੇ ਹੋਣੀ ਹਾਸ਼ੀਆਗਤ ਜਾਂ ਸਬਾਲਟਰਨ ਵਾਲੀ ਬਣ ਜਾਂਦੀ ਹੈ। ਅਜੋਕੀ ਭਾਰਤੀ ਅਤੇ ਪਾਕਿਸਤਾਨੀ ਪੰਜਾਬੀ ਕਹਾਣੀ ਵਿੱਚ ਅਜਿਹੇ ਸਬਾਲਟਰਨ ਭਾਵ-ਬੋਧ ਦੇ ਅਨੇਕਾਂ ਪਾਸਾਰ ਉਜਾਗਰ ਹੋਏ ਸਪੱਸ਼ਟ ਨਜ਼ਰ ਆ ਜਾਂਦੇ ਹਨ। ਮਿਸਾਲ ਵਜੋਂ ਜਸਬੀਰ ਰਾਣਾ ਨੇ ਸੁਚੇਤ ਭਾਂਤ ਇਨ੍ਹਾਂ ਪਾਸਾਰਾਂ ਦੀ ਪੇਸ਼ਕਾਰੀ ਕਰਨ ਵਾਲੀਆਂ ਬਹੁਤ ਸਾਰੀਆਂ ਕਹਾਣੀਆਂ ਦੀ ਰਚਨਾ ਕਰਕੇ ਧਿਆਨ ਖਿੱਚਿਆ ਹੈ, ਜਿਵੇਂ ਛੜੇ (ਚੂੜੇ ਵਾਲੀ ਬਾਂਹ), ਕਿੰਨਰ (ਘੁੰਗਰੂ ਕਥਾ), ਸਲੰਮ-ਵਾਸੀ (ਬਿੱਲੀਆਂ ਅੱਖਾਂ ਦਾ ਜਾਦੂ), ਬੌਣੇ (ਮਜ਼ਾਕ ਦੀ ਹੱਦ ਨਹੀਂ ਹੁੰਦੀ), ਜੱਲਾਦ (ਉਰਫ਼ ਰੋਸ਼ੀ ਜੱਲਾਦ), ਦੰਗਾ ਪੀੜਤ (ਖ਼ੌਫ਼-84) ਆਦਿ।

ਅਰਵਿੰਦਰ ਕੌਰ ਧਾਲੀਵਾਲ ਦੀ ਕਹਾਣੀ 'ਵੇਦਨ ਕਹੀਏ ਕਿਸ ?' ਸਮਾਜ ਦੀ ਮੁੱਖ-ਧਾਰਾ ਤੋਂ ਮੂਲੋਂ ਹੀ ਪਰ੍ਹੇ ਸਮਸ਼ਾਨਘਾਟ ਵਿੱਚ ਰਹਿਣ ਵਾਲੇ ਚੰਡਾਲ ਸ਼੍ਰੇਣੀ ਦੇ ਪਾਤਰਾਂ ਦਾ ਜੀਵਨ-ਯਥਾਰਥ ਪੇਸ਼ ਕਰਨ ਦਾ ਯਤਨ ਕਰਦੀ ਹੈ। ਤ੍ਰਿਸਕਾਰਤ ਜਿਹੀ ਜ਼ਿੰਦਗੀ ਭੋਗਦੇ ਇਨ੍ਹਾਂ ਪਾਤਰਾਂ ਦੀ ਵੇਦਨਾ-ਸੰਵੇਦਨਾ ਮੁੱਖ-ਧਾਰਾ ਲਈ ਕੋਈ ਮਾਅਨੇ ਨਹੀਂ ਰਖਦੀ ਪਰ ਇਨ੍ਹਾਂ ਪਾਤਰਾਂ ਦੀਆਂ ਮਾਨਵੀ ਭਾਵਨਾਵਾਂ ਦੇ ਤਰਲ ਤੱਤ ਦਾ ਅਹਿਸਾਸ ਕਹਾਣੀ ਉਚੇਚ ਨਾਲ ਕਰਾਉਂਦੀ ਹੈ। ਖ਼ਾਲਿਦ ਫਰਹਾਦ ਧਾਰੀਵਾਲ ਦੀ ਕਹਾਣੀ 'ਖ਼ਾਲੀ ਬੰਦਾ' ਧਰਮ-ਪਰਿਵਰਤਨ ਰਾਹੀਂ ਜੋਜ਼ਫ਼ ਤੋਂ ਜੂਸੁਫ਼ ਬਣੇ ਬੰਦੇ ਦੀ ਗੁੰਮੀ-ਗੁਆਚੀ ਹੋਂਦ ਅਤੇ ਹਸਤੀ ਦਾ ਹਿਰਦੇਵੇਦਕ ਬਿਰਤਾਂਤ ਸਿਰਜਦੀ ਹੈ।

ਸਮੁੱਚੇ ਤੌਰ 'ਤੇ ਕਹਿ ਸਕਦੇ ਹਾਂ ਕਿ ਆਪਣੇ ਲੋਕ-ਪੱਖੀ ਵਿਰਸੇ ਦਾ ਪੈਰੋਕਾਰ ਬਣਦਿਆਂ ਪੰਜਾਬੀ ਕਹਾਣੀਕਾਰ ਇਕ ਪਾਸੇ ਤਾਂ ਪੰਜਾਬ ਦੀਆਂ ਸਬਾਲਟਰਨ ਧਿਰਾਂ ਦੀ ਪ੍ਰਤੀਨਿਧਤਾ ਕਰਦਿਆਂ ਉਨ੍ਹਾਂ ਦੀ ਤਰਸਯੋਗ ਸਥਿਤੀ ਦੇ ਮਾਰਮਿਕ ਦ੍ਰਿਸ਼ ਚਿਤਰਨ ਦਾ ਯਤਨ ਕਰਦਾ ਹੈ ਅਤੇ ਦੂਜੇ ਪਾਸੇ ਉਨ੍ਹਾਂ ਤ੍ਰਿਸਕਾਰਤ ਪਾਤਰਾਂ ਦੀ ਵੇਦਨਾ-ਸੰਵੇਦਨਾ ਵਿੱਚ ਉੱਠ ਰਹੇ ਰਾਜਸੀ ਵਾਵਰੋਲਿਆਂ ਨੂੰ ਡੂੰਘੀ ਮਾਨਵੀ ਹਮਦਰਦੀ ਨਾਲ ਉਭਾਰਨ ਦੀ ਕੋਸ਼ਿਸ਼ ਕਰਦਾ ਹੈ। ਮਹਾਂਬਿਰਤਾਂਤਾਂ ਵੱਲੋਂ ਸਬਾਲਟਰਨ ਧਿਰਾਂ ਨੂੰ ਜੋ ਅਰਥ ਦਿੱਤੇ ਜਾਂਦੇ ਹਨ, ਪੰਜਾਬੀ ਕਹਾਣੀਕਾਰ ਉਨ੍ਹਾਂ ਅਰਥਾਂ ਨੂੰ ਉਲਟਾਉਣ ਦੀ ਪ੍ਰਕਿਰਿਆ ਦਾ ਸਬੱਬ ਬਣਦਾ ਹੈ। ਇਸ ਪ੍ਰਕਾਰ ਆਧੁਨਿਕ ਪੰਜਾਬੀ ਕਹਾਣੀ ਨੇ ਉਤਰ-ਬਸਤੀਵਾਦੀ ਰਚਨਾ-ਦ੍ਰਿਸ਼ਟੀ ਰਾਹੀਂ ਬਸਤੀਵਾਦੀ ਅਤੇ ਨਵ-ਬਸਤੀਵਾਦੀ ਪ੍ਰਵਚਨਾਂ ਨਾਲ ਤਿੱਖਾ ਸੰਵਾਦ ਰਚਾਉਣ ਦਾ ਪੈਂਤੜਾ ਅਖ਼ਤਿਆਰ ਕਰਕੇ ਆਪਣੀ ਮਾਨਵਵਾਦੀ ਆਭਾ ਨੂੰ ਕਾਇਮ ਰੱਖਿਆ ਹੈ।

*ਤ੍ਰੈਮਾਸਿਕ 'ਪ੍ਰਵਚਨ' ਪਿਛਲੇ 22 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ ਅਤੇ ਇਸ ਨੂੰ ਚੱਲਦਾ ਰੱਖਣ ਵਿਚ ਹਰ ਤਰ੍ਹਾਂ ਦੀ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1500 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

**KULWANT SINGH**

Ac. no. 07141000085751 IFSC PSIB0000714

PUNJAB & SINDH BANK

Defence Colony, Jalandhar

# ਭਾਸ਼ਾ ਦੇ ਮਸਲੇ

-ਡਾ: ਬਰਜਿੰਦਰ ਸਿੰਘ ਚੌਹਾਨ

ਜ਼ਿੰਦਗੀ ਵਿਚ ਸਾਨੂੰ ਕਈ ਨੇਅਮਤਾਂ ਹਾਸਲ ਹਨ। ਇਨ੍ਹਾਂ ਵਿੱਚੋਂ ਕਈ ਕੁਦਰਤੀ ਹਨ ਤੇ ਕਈ ਬੰਦੇ ਨੇ ਆਪਣੀ ਸੂਝ-ਬੂਝ ਸਦਕਾ ਸਦੀਆਂ ਦੀ ਮਿਹਨਤ ਪਿੱਛੋਂ ਹਾਸਲ ਕੀਤੀਆਂ ਹਨ। ਕੁਦਰਤੀ ਦਾਤਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਤਾਂ ਮਨੁੱਖ ਆਪ ਹੀ ਹੈ, ਯਾਨੀ ਮਨੁੱਖੀ ਚੋਲ਼ਾ ਜਾਂ ਜਿਸਮ। ਕੁਦਰਤ ਨੇ ਬੰਦੇ ਨੂੰ ਬਾਕੀ ਜੀਵਾਂ ਨਾਲ਼ੋਂ ਬਿਲਕੁਲ ਵੱਖਰਾ ਤੇ ਅਕਲਮੰਦ ਬਣਾਇਆ ਹੈ। ਸਾਡੇ ਸ਼ਰੀਰ ਵਿਚ ਅਜਿਹੀਆਂ ਸਲਾਹੀਅਤਾਂ ਮੌਜੂਦ ਹਨ, ਜਿਨ੍ਹਾਂ ਬਾਰੇ ਅਸੀਂ ਕਦੇ ਸੋਚਦੇ ਵੀ ਨਹੀਂ ਅਤੇ ਨਾ ਹੀ ਉਨ੍ਹਾਂ ਦੇ ਮਹੱਤਵ ਬਾਰੇ ਕਦੇ ਚੇਤੰਨ ਹੁੰਦੇ ਹਾਂ। ਪਰ ਕਿਸੇ ਦੁਰਘਟਨਾ ਜਾਂ ਬਿਮਾਰੀ ਕਾਰਨ ਜਦੋਂ ਸ਼ਰੀਰ ਵਿਚ ਕੋਈ ਕਮੀ ਜਾਂ ਵਿਕਾਰ ਪੈਦਾ ਹੋ ਜਾਂਦਾ ਹੈ ਜਾਂ ਕੋਈ ਅੰਗ ਕੰਮ ਕਰਨਾ ਬੰਦ ਕਰ ਦਿੰਦਾ ਹੈ, ਉਸ ਵੇਲ਼ੇ ਹੀ ਸਾਨੂੰ ਉਸਦੀ ਮਹੱਤਤਾ ਦਾ ਅਹਿਸਾਸ ਹੁੰਦਾ ਹੈ। ਸਾਡਾ ਇਕ ਇਕ ਰੋਮ ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ। ਅੰਦਰੂਨੀ ਬਣਤਰ ਬਾਰੇ ਸਧਾਰਨ ਮਨੁੱਖ ਬਹੁਤਾ ਨਹੀਂ ਜਾਣਦਾ ਹੁੰਦਾ, ਪਰ ਬਾਹਰੀ ਅੰਗਾਂ ਤੋਂ ਅਸੀਂ ਭਲੀ-ਭਾਂਤ ਪਰੀਚਿਤ ਹਾਂ। ਹੱਥ, ਪੈਰ, ਲੱਤਾਂ, ਬਾਹਾਂ, ਅੱਖਾਂ ਆਦਿ ਤਾਂ ਵੱਡੀ ਗੱਲ ਹੈ, ਜੇ ਕੋਈ ਆਪਣਾ ਇਕ ਪੋਟਾ ਵੀ ਗੁਆ ਬੈਠੇ ਤਾਂ ਉਸ ਨੂੰ ਕਈ ਤਰ੍ਹਾਂ ਦੀਆਂ ਸਰੀਰਕ ਤੇ ਮਾਨਸਿਕ ਉਲਝਣਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਾਕਿਸਤਾਨੀ ਸ਼ਾਇਰ ਅਮਾਰ ਇਕਬਾਲ ਦਾ ਇਕ ਸ਼ਿਅਰ ਹੈ:

ਯੂੰ ਬੁਨੀ ਹੈਂ ਰਗੇਂ ਜਿਸਮ ਕੀ
ਏਕ ਨਸ ਟਸ ਸੇ ਮਸ ਔਰ ਬਸ

ਭਾਵੇਂ ਮਨੁੱਖ ਨੂੰ ਹਜ਼ਾਰ ਕੁਦਰਤੀ ਨੇਅਮਤਾਂ ਹਾਸਲ ਹਨ, ਪਰ ਹਵਾ ਤੇ ਪਾਣੀ ਦੇ ਮਹੱਤਵ ਤੋਂ ਤਾਂ ਕੋਈ ਵੀ ਇਨਕਾਰੀ ਨਹੀਂ ਹੋ ਸਕਦਾ। ਉਂਜ ਵੀ ਕਿਹਾ ਜਾਂਦਾ ਹੈ ਕਿ ਮਨੁੱਖੀ ਜਿਸਮ ਪੰਜ ਤੱਤਾਂ ਦਾ ਬਣਿਆ ਹੋਇਆ ਹੈ, ਜਿਨ੍ਹਾਂ ਵਿਚ ਹਵਾ ਤੇ ਪਾਣੀ ਵੀ ਸ਼ਾਮਲ ਹਨ।

ਹੁਣ ਗੱਲ ਕਰਦੇ ਹਾਂ ਉਨ੍ਹਾਂ ਨੇਅਮਤਾਂ ਦੀ ਜੋ ਬੰਦੇ ਨੇ ਆਪਣੇ ਅਕਲ-ਇਲਮ ਦੇ ਬਲਬੂਤੇ ਹਾਸਲ ਕੀਤੀਆਂ ਜਾਂ ਈਜਾਦ ਕੀਤੀਆਂ। ਮਨੁੱਖੀ ਇਤਿਹਾਸ ਦੀ ਸਭ ਤੋਂ ਮਹੱਤਵਪੂਰਨ ਘਟਨਾ ਹੈ ਬੰਦੇ ਦਾ ਚਾਰ ਪੈਰਾਂ ਦੀ ਥਾਂ ਦੋ ਪੈਰਾਂ ਉੱਤੇ ਖੜ੍ਹਾ ਹੋਣਾ ਅਤੇ ਅਗਲੇ ਦੋ ਪੈਰਾਂ ਨੂੰ ਹੱਥ ਬਣਾ ਲੈਣਾ ਜਾਂ ਇਨ੍ਹਾਂ ਤੋਂ ਹੱਥਾਂ ਦਾ ਕੰਮ ਲੈਣਾ। ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜੇ ਬੰਦਾ ਚਾਰ ਪੈਰਾਂ ਉੱਤੇ ਹੀ ਰਹਿੰਦਾ ਤਾਂ ਦੁਨੀਆ ਅੱਜ ਕਿਹੋ ਜਿਹੀ ਹੁੰਦੀ। ਪਹੀਏ ਦੀ ਕਾਢ ਇਕ ਕ੍ਰਾਂਤੀਕਾਰੀ ਘਟਨਾ ਹੈ। ਜੇ ਕਿਹਾ ਜਾਵੇ ਕਿ ਅਜੋਕੀ ਜ਼ਿੰਦਗੀ ਦਾ ਆਧਾਰ ਪਹੀਆ ਹੀ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਆਸ-ਪਾਸ ਦੇਖੀਏ ਤਾਂ ਸਾਨੂੰ ਬਹੁਤੀਆਂ ਮਸ਼ੀਨਾਂ ਪਹੀਏ ਦੇ ਸਿਰ 'ਤੇ ਹੀ ਚੱਲਦੀਆਂ ਨਜ਼ਰ ਆਉਣਗੀਆਂ। ਸਾਈਕਲ ਤੋਂ ਲੈ ਕੇ ਰਾਕਟ ਤੱਕ ਤਕਰੀਬਨ ਨੱਬੇ ਪ੍ਰਤੀਸ਼ਤ ਮਸ਼ੀਨਾਂ ਦਾ ਆਧਾਰ ਪਹੀਆ ਹੀ ਹੈ। ਮਨੁੱਖ ਨੇ ਅਜਿਹੀਆਂ ਅਣਗਿਣਤ ਵਸਤਾਂ ਈਜਾਦ ਕੀਤੀਆਂ ਹਨ ਜਿਨ੍ਹਾਂ ਸਦਕਾ ਜ਼ਿੰਦਗੀ ਸਹਿਲ ਅਤੇ ਸੁਹਜਮਈ ਹੋਈ ਹੈ।

ਮਨੁੱਖ ਦੇ ਬਾਕੀ ਸਭ ਹਾਸਲ ਬਾਅਦ ਵਿਚ ਆਉਂਦੇ ਹਨ, ਇਸ ਦਾ ਸਭ ਤੋਂ ਪਹਿਲਾ ਕਮਾਲ ਭਾਸ਼ਾ ਦੀ ਕਾਢ ਹੈ ਜਿਸ ਨੇ ਇਸ ਨੂੰ ਬਾਕੀ ਜੀਵਾਂ ਤੋਂ ਬਿਲਕੁਲ ਵੱਖਰਾ ਅਤੇ ਸ੍ਰੇਸ਼ਠ

ਬਣਾ ਦਿੱਤਾ। ਇਨਸਾਨ ਅਤੇ ਹੋਰ ਜੀਵਾਂ ਵਿਚ ਸਭ ਤੋਂ ਵੱਡਾ ਫ਼ਰਕ ਭਾਸ਼ਾ ਦਾ ਹੀ ਹੈ। ਭਾਸ਼ਾ ਜਾਂ ਬੋਲੀ ਭਾਵੇਂ ਬੰਦੇ ਦੀ ਅਕਲ ਦੀ ਉਪਜ ਹੈ, ਪਰ ਇਸ ਵਿਚ ਕੁਦਰਤ ਦਾ ਵੀ ਮਹੱਤਵਪੂਰਨ ਯੋਗਦਾਨ ਹੈ। ਕੁਦਰਤ ਨੇ ਇਨਸਾਨ ਨੂੰ ਅਜਿਹਾ ਗਲ਼ਾ ਬਖ਼ਸ਼ਿਆ ਹੈ ਕਿ ਉਹ ਹਰ ਤਰ੍ਹਾਂ ਦੀ ਅਵਾਜ਼ ਕੱਢ ਸਕਦਾ ਹੈ ਜਾਂ ਆਵਾਜ਼ਾਂ ਦੀ ਨਕਲ ਕਰ ਸਕਦਾ ਹੈ। ਇਕ ਡਬਿੰਗ ਆਰਟਿਸਟ ਕਈ ਤਰ੍ਹਾਂ ਦੀਆਂ ਅਵਾਜ਼ਾਂ ਦੀ ਡਬਿੰਗ ਕਰ ਲੈਂਦਾ ਹੈ, ਇਕ ਮਿਮਿਕਰੀ ਕਲਾਕਾਰ ਕਈ ਅਵਾਜ਼ਾਂ ਦੀ ਨਕਲ ਕਰ ਸਕਦਾ ਹੈ, ਇਕ ਅਦਾਕਾਰ ਕਿਸੇ ਪਾਤਰ ਅਨੁਸਾਰ ਆਪਣੀ ਅਵਾਜ਼ ਵਿਚ ਲੋੜੀਂਦਾ ਬਦਲਾਅ ਕਰ ਲੈਂਦਾ ਹੈ। ਧਰਤੀ ਦੇ ਬਾਕੀ ਜੀਵਾਂ ਕੋਲ਼ ਇਹ ਸਲਾਹੀਅਤ ਨਹੀਂ, ਉਹ ਕੁਝ ਸੀਮਤ ਅਵਾਜ਼ਾਂ ਹੀ ਕੱਢ ਸਕਦੇ ਹਨ। ਕੁਝ ਜੀਵ ਮਨੁੱਖੀ ਭਾਸ਼ਾ ਦੇ ਕੁਝ ਸ਼ਬਦ ਬੋਲ ਤਾਂ ਸਕਦੇ ਹਨ ਪਰ ਮਨੁੱਖ ਵਰਗੀ ਕਲਾਕਾਰੀ ਉਹਨਾਂ ਕੋਲ਼ ਨਹੀਂ। ਸਰਕਸ ਦੇ ਜਾਨਵਰ ਜਾਂ ਪਾਲਤੂ ਜਾਨਵਰ ਕੁਝ ਹੱਦ ਤੱਕ ਮਨੁੱਖੀ ਭਾਸ਼ਾ ਸਮਝ ਤਾਂ ਲੈਂਦੇ ਹਨ ਪਰ ਆਪ ਨਹੀਂ ਬੋਲ ਸਕਦੇ। ਹਾਲਾਂਕਿ ਜਾਨਵਰਾਂ ਦੀ ਵੀ ਆਪਣੀ ਭਾਸ਼ਾ ਹੁੰਦੀ ਹੈ, ਪਰ ਉਹ ਕੁਝ ਇਸ਼ਾਰਿਆਂ ਤੇ ਅਵਾਜ਼ਾਂ ਤੱਕ ਹੀ ਸੀਮਤ ਹੁੰਦੀ ਹੈ। ਉਹਨਾਂ ਕੋਲ਼ ਮਨੁੱਖ ਵਰਗੀ ਰਚਨਾਤਮਕਤਾ ਜਾਂ ਸਿਰਜਨਾਤਮਕਤਾ ਨਹੀਂ ਹੁੰਦੀ, ਇਸ ਲਈ ਉਹਨਾਂ ਦੀ ਭਾਸ਼ਾ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਦੀ ਕੋਈ ਗੁੰਜਾਇਸ਼ ਨਹੀਂ ਹੋ ਸਕਦੀ। ਜਾਨਵਰ ਅਵਾਜ਼ਾਂ ਕੱਢ ਤਾਂ ਸਕਦੇ ਹਨ, ਪਰ ਮਨੁੱਖ ਵਾਂਗ ਇਨ੍ਹਾਂ ਨੂੰ ਕਿਸੇ ਭਾਸ਼ਾਈ ਜਾਂ ਵਿਆਕਰਨਿਕ ਲੜੀ ਵਿਚ ਨਹੀਂ ਪਿਰੋ ਸਕਦੇ, ਮਤਲਬ ਕਿ ਸ਼ਬਦ ਜਾਂ ਵਾਕ ਨਹੀਂ ਬਣਾ ਸਕਦੇ। ਜਾਨਵਰਾਂ ਦੀ ਭਾਸ਼ਾ ਲੋੜ 'ਤੇ ਅਧਾਰਤ ਹੁੰਦੀ ਹੈ ਜਦ ਕਿ ਮਨੁੱਖ ਦੀ ਭਾਸ਼ਾ ਚੋਣ 'ਤੇ ਅਧਾਰਤ ਹੈ। ਬੰਦਾ ਸਮੇਂ ਤੇ ਸਥਾਨ ਅਨੁਸਾਰ ਢੁਕਵੇਂ ਸ਼ਬਦਾਂ ਦੀ ਚੋਣ ਕਰ ਸਕਦਾ ਹੈ, ਸ਼ਬਦਾਂ ਵਿਚ ਫੇਰ-ਬਦਲ ਕਰ ਸਕਦਾ ਹੈ, ਸ਼ਬਦਾਂ ਦੀ ਤਰਤੀਬ ਬਦਲ ਸਕਦਾ ਹੈ। ਸਾਡੇ ਕੋਲ਼ ਅਨੇਕ ਸਮਾਨਅਰਥਕ ਸ਼ਬਦ ਹਨ। ਅਸਲ ਵਿਚ ਇਹ ਲੱਗਦੇ ਜ਼ਰੂਰ ਸਮਾਨਅਰਥੀ ਹਨ ਪਰ ਇਨ੍ਹਾਂ ਦੇ ਅਰਥਾਂ ਵਿਚ ਵੀ ਮਹੀਨ ਜਿਹਾ ਅੰਤਰ ਹੁੰਦਾ ਹੈ। ਜਿਵੇਂ ਪਾਣੀ ਅਤੇ ਜਲ ਸ਼ਬਦਾਂ ਦੀ ਵਰਤੋਂ ਵੱਖ ਵੱਖ ਸਮੇਂ ਅਤੇ ਲੋੜ ਅਨੁਸਾਰ ਕੀਤੀ ਜਾਂਦੀ ਹੈ। ਜਲ ਸ਼ਬਦ ਨਾਲ਼ ਅਧਿਆਤਮਕਤਾ ਅਤੇ ਪਵਿੱਤਰਤਾ ਦਾ ਭਾਵ ਜੁੜਿਆ ਹੋਇਆ ਹੈ।

ਮਨੁੱਖੀ ਭਾਸ਼ਾ ਵਿਕਾਸਸ਼ੀਲ ਹੈ ਅਤੇ ਇਸ ਵਿਚ ਸਮੇਂ ਨਾਲ਼ ਇਸ ਤਬਦੀਲੀਆਂ ਵਾਪਰਦੀਆਂ ਰਹਿੰਦੀਆਂ ਹਨ। ਕਈ ਸ਼ਬਦ ਅਲੋਪ ਹੁੰਦੇ ਰਹਿੰਦੇ ਹਨ ਅਤੇ ਕਈ ਨਵੇਂ ਜੁੜਦੇ ਰਹਿੰਦੇ ਹਨ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਇਕ ਵੱਡਾ ਕਾਰਨ ਤਾਂ ਮਨੁੱਖ ਦੀਆਂ ਜ਼ਰੂਰਤਾਂ ਹਨ। ਜਿਵੇਂ ਮਸ਼ੀਨੀਕਰਨ ਨੇ ਅਨੇਕ ਅਜਿਹੇ ਸ਼ਬਦਾਂ ਦੀ ਲੋੜ ਨੂੰ ਖਤਮ ਕਰ ਦਿੱਤਾ ਜੋ ਹੱਥੀਂ ਕਰਨ ਵਾਲ਼ੇ ਕਿੱਤਿਆਂ ਨਾਲ਼ ਜੁੜੇ ਹੋਏ ਸਨ। ਇਸ ਨਾਲ਼ ਨਵੀਂ ਤਕਨੀਕੀ ਸ਼ਬਦਾਵਲੀ ਹੋਂਦ ਵਿਚ ਆਈ ਹੈ। ਦੂਜਾ ਵੱਡਾ ਕਾਰਨ ਦੂਰ-ਦੁਰਾਡੇ ਵਸਦੇ ਲੋਕਾਂ ਨਾਲ਼ ਮੇਲ਼-ਜੋਲ਼ ਹੈ। ਇਹ ਸਿਲਸਲਾ ਸਦੀਆਂ ਪੁਰਾਣਾ ਜਾਂ ਕਹੀਏ ਕਿ ਮਨੁੱਖੀ ਹੋਂਦ ਜਿੰਨਾ ਹੀ ਪੁਰਾਣਾ ਹੈ। ਜਦੋਂ ਸਾਡਾ ਮੇਲ਼ ਦੂਜੀਆਂ ਭਾਸ਼ਾਵਾਂ ਦੇ ਲੋਕਾਂ ਨਾਲ਼ ਹੁੰਦਾ ਹੈ ਤਾਂ ਸ਼ਬਦਾਂ ਦਾ ਵਟਾਂਦਰਾ ਵੀ ਹੁੰਦਾ ਹੈ। ਕੁਝ ਸ਼ਬਦ ਉਹ ਸਾਡੇ ਤੋਂ ਲੈਂਦੇ ਹਨ ਤੇ ਕੁਝ ਅਸੀਂ ਉਨ੍ਹਾਂ ਤੋਂ ਲੈਂਦੇ ਹਾਂ ਅਤੇ ਹੌਲ਼ੀ ਹੌਲ਼ੀ ਅਜਿਹੇ ਸ਼ਬਦ ਸਾਡੀ ਬੋਲ਼-ਚਾਲ਼ ਦਾ ਸੁਭਾਵਕ ਹਿੱਸਾ ਬਣ ਜਾਂਦੇ ਹਨ। ਹੁਣ ਤਾਂ ਦੁਨੀਆ ਗਲੋਬਲ ਵਿਲੇਜ ਹੀ ਬਣ ਗਈ ਹੈ। ਸੰਚਾਰ ਸਾਧਨਾਂ ਦੀ ਹੈਰਾਨਕੁੰਨ ਤਰੱਕੀ ਕਾਰਨ ਭਾਸ਼ਾਈ ਲੈਣ-ਦੇਣ ਬੇਹੱਦ ਸੌਖਾ ਹੋ ਗਿਆ ਹੈ। ਪਹਿਲੇ ਸਮਿਆਂ ਵਿਚ ਵੀ, ਜਦੋਂ ਆਵਾਜਾਈ ਦੇ

ਬਹੁਤੇ ਸਾਧਨ ਵੀ ਨਹੀਂ ਸਨ, ਆਪਸੀ ਮੇਲ਼-ਜੋਲ਼ ਹੁੰਦਾ ਹੀ ਰਹਿੰਦਾ ਸੀ। ਵਪਾਰਕ ਲੋੜਾਂ ਕਾਰਨ ਵੀ ਲੋਕ ਮਿਲ਼ਦੇ ਸਨ ਤੇ ਹਿੰਦੋਸਤਾਨ ਜਾਂ ਪੰਜਾਬ ਵਿਚ ਤਾਂ ਬਾਹਰੀ ਹਮਲਾਵਰ ਵੀ ਬਹੁਤ ਆਏ, ਜਿਨ੍ਹਾਂ ਵਿੱਚੋਂ ਕਈ ਏਥੇ ਹੀ ਵਸ ਗਏ। ਮੁਸਲਮਾਨਾਂ ਦੀ ਆਮਦ ਨਾਲ਼ ਸਥਾਨਕ ਭਾਸ਼ਾਵਾਂ ਵਿਚ ਬੜਾ ਵੱਡਾ ਬਦਲਾਅ ਆਇਆ। ਅਰਬੀ-ਫ਼ਾਰਸੀ ਦੇ ਅਣਗਿਣਤ ਸ਼ਬਦ ਸਾਡੀਆਂ ਬੋਲੀਆਂ ਦਾ ਸੁਭਾਵਕ ਹਿੱਸਾ ਬਣ ਗਏ। ਜੇ ਕਿਸੇ ਭਾਸ਼ਾ ਦੀ ਸ਼ੁੱਧਤਾ ਤਲਾਸ਼ ਕਰਨੀ ਹੋਵੇ ਤਾਂ ਇਹ ਬਹੁਤ ਮੁਸ਼ਕਿਲ, ਸਗੋਂ ਅਸੰਭਵ ਕਾਰਜ ਹੈ। ਪੰਜਾਬੀ ਭਾਸ਼ਾ ਤਾਂ ਹੈ ਹੀ ਕਈ ਭਾਸ਼ਾਵਾਂ ਦਾ ਰਲਾਅ। ਉਰਦੂ ਦੇ ਮਸ਼ਹੂਰ ਸ਼ਾਇਰ ਅਤੇ ਚਿੰਤਕ ਜਾਵੇਦ ਅਖ਼ਤਰ ਨੇ ਇਕ ਗੱਲਬਾਤ ਦੌਰਾਨ ਇਕ ਹਵਾਲਾ ਦੇ ਕੇ ਗੱਲ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ। ਨਿਮਨ-ਲਿਖਤ ਉਸ ਦਾ ਪੰਜਾਬੀ ਰੂਪ ਹੈ:

"ਇਕ ਮਕਾਨ ਦੇ ਇਕ ਹਨੇਰੇ ਕਮਰੇ ਵਿਚ ਇਕ ਗੋਰਾ-ਚਿੱਟਾ ਆਦਮੀ ਅਤੇ ਇਕ ਨੰਨ੍ਹਾਂ-ਮੁੰਨਾ ਬੱਚਾ ਨਾਸ਼ਤਾ ਕਰਨ ਬੈਠੇ। ਨਾਸ਼ਤੇ ਵਿਚ ਉੜਦ ਦੀ ਦਾਲ ਪਰੋਸੀ ਗਈ। ਨਾਸ਼ਤਾ ਕਰ ਕੇ ਆਦਮੀ ਉੱਠਿਆ। ਉਸਨੇ ਚਿਕ ਉਠਾਈ, ਸੰਦੂਕ ਖੋਲ੍ਹਿਆ ਤੇ ਉਸ ਵਿੱਚੋਂ ਪਸਤੌਲ ਕੱਢੀ। ਦੀਵਾਰ 'ਤੇ ਲਟਕਦੀ ਬੰਦੂਕ ਉਤਾਰੀ ਅਤੇ ਬਾਹਰ ਚਲਾ ਗਿਆ। ਬੱਚਾ ਬਾਲਟੀ ਵਿਚ ਪਾਣੀ ਭਰ ਕੇ ਨਹਾਉਣ ਲੱਗ ਗਿਆ।" ਇਸ ਨੂੰ ਕਿਹੜੀ ਭਾਸ਼ਾ ਕਿਹਾ ਜਾਵੇਗਾ, ਕਿਉਂਕਿ ਇਸ ਵਿਚ ਕਈ ਭਾਸ਼ਾਵਾਂ ਦੇ ਸ਼ਬਦ ਸ਼ਾਮਲ ਹਨ? ਮਕਾਨ (ਅਰਬੀ), ਕਮਰਾ (ਇਤਾਲਵੀ) ਬਾਲਟੀ (ਪੁਰਤਗਾਲੀ), ਨੰਨ੍ਹਾਂ (ਗੁਜਰਾਤੀ), ਬੱਚਾ (ਪਸ਼ਤੋ), ਉੜਦ (ਤਮਿਲ), ਚਿਕ (ਤੁਰਕੀ), ਪਸਤੌਲ (ਅੰਗਰੇਜ਼ੀ), ਦੀਵਾਰ (ਫ਼ਾਰਸੀ), ਬੰਦੂਕ (ਤੁਰਕੀ)। ਇਸੇ ਤਰ੍ਹਾਂ ਦਾ ਇਕ ਹੋਰ ਛੋਟਾ ਜਿਹਾ ਵਾਕ ਦੇਖੋ, "ਇਹ ਕਾਰ ਆਟੋਮੈਟਿਕ ਹੈ। "ਇਹ ਕਿਹੜੀ ਭਾਸ਼ਾ ਹੈ? ਜੇ ਸ਼ਬਦ-ਭੰਡਾਰ ਭਾਸ਼ਾ ਹੈ ਤਾਂ ਉਪਰੋਕਤ ਵਾਕ ਕਿਹੜੀ ਭਾਸ਼ਾ ਦੇ ਹਨ? ਅਸਲ ਵਿਚ ਭਾਸ਼ਾ ਦਾ ਮਤਲਬ ਹੈ ਵਿਆਕਰਨਿਕ ਤਰਤੀਬ ਯਾਨੀ SYNTAX। ਜਦੋਂ ਤੱਕ ਵਿਆਕਰਨ ਸਲਾਮਤ ਹੈ, ਭਾਸ਼ਾ ਨੂੰ ਕੋਈ ਖ਼ਤਰਾ ਨਹੀਂ। ਇਸ ਲਈ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਤੋਂ ਡਰਨ ਦੀ ਲੋੜ ਨਹੀਂ। ਸ਼ਬਦਾਂ ਦਾ ਅਦਾਨ-ਪ੍ਰਦਾਨ ਇਕ ਸੁਭਾਵਕ ਵਰਤਾਰਾ ਹੈ। ਅਜਿਹੇ ਸ਼ਬਦਾਂ ਤੋਂ ਜ਼ਰੂਰ ਗੁਰੇਜ਼ ਕਰਨਾ ਚਾਹੀਦਾ ਹੈ ਜਿਨ੍ਹਾਂ ਦਾ ਉਚਾਰਨ ਮੁਸ਼ਕਿਲ ਹੋਵੇ ਜਾਂ ਸਾਡੀ ਭਾਸ਼ਾ ਦੇ ਮੁਹਾਵਰੇ ਵਿਚ ਫਿਟ ਨਾ ਬੈਠਦਾ ਹੋਵੇ। ਵੈਸੇ ਲੋਕ ਕਿਸੇ ਵੀ ਸ਼ਬਦ ਨੂੰ ਸਥਾਨਕ ਬੋਲੀ ਤੇ ਮੁਹਾਵਰੇ ਅਨੁਸਾਰ ਢਾਲਣ ਦੀ ਸਮਰੱਥਾ ਰੱਖਦੇ ਹਨ। ਕੁਝ ਭਾਸ਼ਾ-ਸ਼ਾਸਤਰੀ ਪਤਾ ਨਹੀਂ ਕਿਉਂ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਤੋਂ ਡਰਦੇ ਹਨ। ਅੰਗਰੇਜ਼ੀ ਸ਼ਬਦ-ਕੋਸ਼ ਵਿਚ ਹਰ ਸਾਲ ਅਜਿਹੇ ਕਈ ਸ਼ਬਦਾਂ ਦਾ ਵਾਧਾ ਹੁੰਦਾ ਹੈ, ਜੋ ਉਹ ਦੂਜੀਆਂ ਭਾਸ਼ਾਵਾਂ ਤੋਂ ਲੈਂਦੇ ਹਨ, ਪਰ ਅਸੀਂ ਸ਼ਬਦਾਂ ਨੂੰ ਕੱਢਣ ਉੱਤੇ ਜ਼ੋਰ ਦਿੰਦੇ ਹਾਂ।

ਭਾਸ਼ਾ ਦਾ ਕੋਈ ਧਰਮ ਜਾਂ ਜਾਤ ਨਹੀਂ ਹੁੰਦੀ। ਕੋਝੀਆਂ ਰਾਜਨੀਤਕ ਸ਼ਰਾਰਤਾਂ/ਸਾਜ਼ਿਸ਼ਾਂ ਅਧੀਨ ਲੰਮੇ ਸਮੇਂ ਤੋਂ ਇਹ ਭਰਮ ਪੈਦਾ ਕਰਨ ਦੀ ਲਗਾਤਾਰ ਕੋਸ਼ਿਸ਼ ਹੁੰਦੀ ਰਹੀ ਹੈ, ਜੋ ਅੱਜ ਵੀ ਨਿਰੰਤਰ ਜਾਰੀ ਹੈ। ਖ਼ਾਸ ਕਰ ਕੇ ਇਸ ਵਰਤਾਰੇ ਨੂੰ ਪੰਜਾਬੀ, ਹਿੰਦੀ ਅਤੇ ਉਰਦੂ ਦੇ ਹਵਾਲੇ ਨਾਲ਼ ਸਮਝਿਆ ਜਾ ਸਕਦਾ ਹੈ। ਕਿਸੇ ਵੀ ਇਕ ਇਲਾਕੇ ਵਿਚ ਰਹਿਣ ਵਾਲ਼ੇ ਲੋਕਾਂ ਦੀ ਇਕ ਹੀ ਭਾਸ਼ਾ ਹੁੰਦੀ ਹੈ ਅਤੇ ਉਸ ਨੂੰ ਲਿਖਣ ਲਈ ਇਕ ਹੀ ਲਿੱਪੀ। ਭਾਸ਼ਾ ਦਾ ਸੰਬੰਧ ਰੀਜਨ (Region) ਨਾਲ਼ ਹੁੰਦਾ ਹੈ ਰੀਲੀਜਨ (Religion) ਜਾਂ ਕਾਸਟ (Caste) ਨਾਲ਼ ਨਹੀਂ।

ਅੱਜ-ਕੱਲ੍ਹ ਇਕ ਹੋਰ ਚਰਚਾ ਪੜ੍ਹਨ/ਸੁਨਣ ਵਿਚ ਆਉਂਦੀ ਹੈ ਕਿ ਖੇਤਰੀ ਭਾਸ਼ਾਵਾਂ ਖ਼ਤਰੇ ਵਿਚ ਹਨ, ਏਥੋਂ ਤੱਕ ਕਿ ਹਿੰਦੀ ਵੀ। ਭਾਸ਼ਾ ਵਿਚ ਵਿਗਾੜ ਪੈਦਾ ਹੋ ਰਹੇ ਹਨ ਅਤੇ ਗਾਲੀ-ਗਲੋਚ ਦੀ ਵਰਤੋਂ ਵਧ ਗਈ ਹੈ। ਅਖ਼ਬਾਰਾਂ ਵਿਚ ਜਾਂ ਟੀ.ਵੀ. ਦੀਆਂ ਲਿਖਤ ਸੁਰਖ਼ੀਆਂ ਵਿਚ ਗ਼ਲਤ ਸ਼ਬਦ-ਜੋੜ ਦੇਖਣ ਨੂੰ ਮਿਲ਼ਦੇ ਹਨ। ਅਸਲ ਵਿਚ ਜਦੋਂ ਤੱਕ ਕੋਈ ਵੀ ਭਾਸ਼ਾ ਰੁਜ਼ਗਾਰ ਦਾ ਜ਼ਰੀਆ ਨਹੀਂ ਬਣਦੀ, ਉਸ ਦੀ ਲੋੜ ਅਤੇ ਵਰਤੋਂ ਘੱਟ ਹੋਣੀ ਲਾਜ਼ਮੀ ਹੈ। ਸਕੂਲਾਂ ਵਿਚ ਅੰਗਰੇਜ਼ੀ ਉੱਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ। ਪੰਜਾਬ ਦੇ ਕਈ ਸਕੂਲਾਂ ਵਿਚ ਤਾਂ ਪੰਜਾਬੀ ਬੋਲਣ ਦੀ ਵੀ ਪਾਬੰਦੀ ਹੈ। ਵਿਸ਼ਵੀਕਰਨ ਦਾ ਖੇਤਰੀ ਭਾਸ਼ਾਵਾਂ ਨੂੰ ਨੁਕਸਾਨ ਹੋਇਆ ਹੈ ਅਤੇ ਅੰਗਰੇਜ਼ੀ ਦਾ ਦਬਦਬਾ ਵਧਿਆ ਹੈ। ਬੱਚੇ ਉਹੀ ਭਾਸ਼ਾਵਾਂ ਸਿੱਖਣ ਨੂੰ ਤਰਜੀਹ ਦਿੰਦੇ ਹਨ ਜੋ ਉਨ੍ਹਾਂ ਨੂੰ ਰੁਜ਼ਗਾਰ ਮੁਹੱਈਆ ਕਰਵਾ ਸਕਣ ਦੀ ਸਮਰੱਥਾ ਰੱਖਦੀਆਂ ਹੋਣ। ਅੰਗਰੇਜ਼ੀ, ਚੀਨੀ, ਫ਼੍ਰੈਂਚ, ਜਰਮਨ ਆਦਿ ਸਿੱਖਣ ਦਾ ਰੁਝਾਨ ਦਿਨੋ-ਦਿਨ ਵਧ ਰਿਹਾ ਹੈ। ਮੱਧ-ਵਰਗੀ ਅਤੇ ਉੱਚ-ਵਰਗੀ ਪਰਿਵਾਰਾਂ ਦੇ ਬੱਚੇ ਅੰਗਰੇਜ਼ੀ ਮਾਧਿਅਮ ਸਕੂਲਾਂ ਵਿਚ ਪੜ੍ਹ ਰਹੇ ਹਨ। ਸਰਕਾਰੀ ਸਕੂਲਾਂ ਵਿਚ ਨਿਮਨ-ਵਰਗੀ ਅਤੇ ਗ਼ਰੀਬ ਪਰਿਵਾਰਾਂ ਦੇ ਬੱਚੇ ਹੀ ਆਮ ਤੌਰ ਉੱਤੇ ਪੜ੍ਹਦੇ ਨਜ਼ਰ ਆਉਂਦੇ ਹਨ। ਇਹ ਬੱਚੇ ਵਧੇਰੇ ਕਰ ਕੇ ਛੋਟੀਆਂ ਬਸਤੀਆਂ ਅਤੇ ਸਲਮ ਏਰੀਏ ਵਿਚ ਹੀ ਪਲੇ-ਵਧੇ ਹੁੰਦੇ ਹਨ। ਅਜਿਹੀਆਂ ਬਸਤੀਆਂ ਦੀ ਭਾਸ਼ਾ ਹੀ ਸਾਨੂੰ ਅੱਜ-ਕੱਲ੍ਹ ਸੋਸ਼ਲ-ਮੀਡੀਆ, ਫ਼ਿਲਮਾਂ ਜਾਂ ਵੈੱਬ-ਸੀਰੀਜ਼ ਇਤਿਆਦਿ ਵਿਚ ਸੁਨਣ ਨੂੰ ਮਿਲਦੀ ਹੈ। ਅੰਗਰੇਜ਼ੀ ਸਕੂਲਾਂ ਵਿਚ ਪੜ੍ਹੇ ਬੱਚਿਆਂ ਦਾ ਖੇਤਰੀ ਭਾਸ਼ਾਵਾਂ ਦਾ ਗਿਆਨ ਨਾਂਹ ਦੇ ਬਰਾਬਰ ਹੈ। ਇਸੇ ਲਈ ਉਹ ਗ਼ਲਤ ਸ਼ਬਦ-ਜੋੜ ਅਤੇ ਗ਼ਲਤ ਮੁਹਾਵਰੇ ਦੀ ਵਰਤੋਂ ਕਰਦੇ ਅਕਸਰ ਮਿਲ਼ ਜਾਂਦੇ ਹਨ। ਵਿਦੇਸ਼ ਜਾਣ ਦਾ ਰੁਝਾਨ ਵੀ ਦਿਨੋ-ਦਿਨ ਵਧਦਾ ਜਾ ਰਿਹਾ ਹੈ, ਇਸ ਲਈ ਵੀ ਬੱਚੇ ਅਤੇ ਉਨ੍ਹਾਂ ਦੇ ਮਾਪੇ ਅੰਗਰੇਜ਼ੀ ਨੂੰ ਤਰਜੀਹ ਦਿੰਦੇ ਹਨ। ਤਾਂ ਜੋ ਬੱਚੇ ਬਾਹਰ ਜਾ ਕੇ ਆਪਣਾ ਕੈਰੀਅਰ ਬਣਾ ਸਕਣ। ਹਾਲਾਂਕਿ ਇਹ ਇਕ ਵਿਗਿਆਨਕ ਤੱਥ ਹੈ, ਜੋ ਸਿੱਧ ਹੋ ਚੁੱਕਿਆ ਹੈ, ਕਿ ਪੰਜਵੀਂ ਜਾਂ ਅੱਠਵੀਂ ਜਮਾਤ ਤੱਕ ਦੀ ਪੜ੍ਹਾਈ ਦਾ ਮਾਧਿਅਮ ਮਾਤ-ਭਾਸ਼ਾ ਹੀ ਹੋਣੀ ਚਾਹੀਦੀ ਹੈ। ਇਸ ਨਾਲ਼ ਬੱਚੇ ਦੀ ਬੁਨਿਆਦ ਮਜ਼ਬੂਤ ਹੁੰਦੀ ਹੈ ਅਤੇ ਉਹ ਬਾਕੀ ਭਾਸ਼ਾਵਾਂ ਜਾਂ ਹੋਰ ਵਿਸ਼ੇ ਵਧੇਰੇ ਚੰਗੀ ਤਰ੍ਹਾਂ ਸਿੱਖ ਸਕਦਾ ਹੈ। ਪਰ ਅੰਗਰੇਜ਼ ਬਨਣ ਦੀ ਦੌੜ ਵਿਚ ਇਸ ਤੋਂ ਸਰਕਾਰਾਂ ਵੀ ਤੇ ਲੋਕ ਵੀ ਮੁਨਕਰ ਹੋ ਰਹੇ ਹਨ। ਕੀ ਕਿਸੇ ਭਾਸ਼ਾ ਵਿਚ ਰਚਿਆ ਗਿਆ ਸਾਹਿਤ ਉਸ ਨੂੰ ਜ਼ਿੰਦਾ ਰੱਖ ਸਕਦਾ ਹੈ ? ਦੁਨੀਆ ਦੀਆਂ ਕਈ ਭਾਸ਼ਾਵਾਂ ਅਤੇ ਸੰਸਕ੍ਰਿਤ ਇਸਦੀ ਮਿਸਾਲ ਹੈ। ਸੰਸਕ੍ਰਿਤ ਵਿਚ ਕਈ ਮਹਾਨ ਗ੍ਰੰਥਾਂ ਦੀ ਰਚਨਾ ਹੋਈ ਮਿਲ਼ਦੀ ਹੈ। ਪਰ ਅੱਜ ਇਸਦੀ ਹਾਲਤ ਕੀ ਹੈ ? ਕਿੰਨੇ ਕੁ ਲੋਕ ਸੰਸਕ੍ਰਿਤ ਬੋਲਦੇ ਜਾਂ ਪੜ੍ਹਦੇ ਹਨ ? ਕੱਲ੍ਹ ਨੂੰ ਹੋਰ ਭਾਸ਼ਾਵਾਂ ਦੀ ਵੀ ਇਹੀ ਹਾਲਤ ਹੋ ਸਕਦੀ ਹੈ। ਅੱਜ ਜੇ ਅਸੀਂ ਕਹੀਏ ਕਿ ਪੰਜਾਬੀ, ਜਿਸ ਵਿਚ ਗੁਰਬਾਣੀ ਰਚੀ ਗਈ, ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ, ਭਾਈ ਵੀਰ ਸਿੰਘ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਅਤੇ ਹੋਰ ਅਨੇਕ ਲੇਖਕ ਹੋਏ ਹਨ, ਇਹ ਭਾਸ਼ਾ ਕਦੇ ਨਹੀਂ ਮਰ ਸਕਦੀ ਤਾਂ ਇਹ ਅਸਲੀਅਤ ਵੱਲੋਂ ਅੱਖਾਂ ਬੰਦ ਕਰਨ ਵਾਲ਼ੀ ਗੱਲ ਹੋਵੇਗੀ। ਜ਼ਰੂਰਤ ਹੈ ਖੇਤਰੀ ਭਾਸ਼ਾਵਾਂ ਨੂੰ ਰੁਜ਼ਗਾਰ-ਮੁਖੀ ਬਨਾਉਣ ਦੀ। ਪੰਜਾਬੀ ਦੀ ਪੜ੍ਹਾਈ ਕਰ ਕੇ ਅੱਗੇ ਕੀ ਕੀਤਾ ਜਾਵੇ ? ਇਸ ਸਵਾਲ ਦੇ ਜਵਾਬ ਵਿਚ ਅਸੀਂ ਕਈ ਰੁਜ਼ਗਾਰ ਗਿਣਾ ਸਕਦੇ ਹਾਂ, ਪਰ ਇਹ ਆਟੇ ਵਿਚ ਲੂਣ ਬਰਾਬਰ ਹੀ ਹਨ। ਪੰਜਾਬੀ ਦੀ ਉਚੇਰੀ ਸਿੱਖਿਆ ਹਾਸਲ ਕਰਨ ਉਪਰੰਤ ਇੱਕੋ ਵੱਡਾ ਰੁਜ਼ਗਾਰ ਸਕੂਲ/ਕਾਲਜ/ਯੂਨੀਵਰਸਿਟੀ ਵਿਚ ਅਧਿਆਪਨ


ਦਾ ਹੈ। ਪਰ ਹੁਣ ਇਹ ਮੌਕੇ ਵੀ ਦਿਨੋ-ਦਿਨ ਘਟਦੇ ਜਾ ਰਹੇ ਹਨ। ਰੋਜ਼ ਸੜਕਾਂ ਉੱਤੇ ਨਜ਼ਰ ਆਉਂਦੇ ਰੋਸ-ਪ੍ਰਦਰਸ਼ਨ ਇਸ ਸੱਚ ਨੂੰ ਬਿਆਨ ਕਰਦੇ ਹਨ। ਹੁਣ ਗੱਲ ਕਰਦੇ ਹਾਂ ਗੁਰਮੁਖੀ ਲਿੱਪੀ ਦੀ। ਗੁਰਮੁਖੀ ਪੰਜਾਬੀ ਬੋਲੀ ਦੀਆਂ ਧੁਨੀਆਂ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤੀ ਗਈ ਲਿੱਪੀ ਹੈ, ਇਸ ਲਈ ਇਹੀ ਸ਼ੁੱਧ ਪੰਜਾਬੀ ਲਿਖਣ ਲਈ ਸਭ ਤੋਂ ਵੱਧ ਢੁਕਵੀਂ ਲਿੱਪੀ ਹੈ। ਪਾਕਿਸਤਾਨ ਵਿਚ ਪੰਜਾਬੀ ਲਿਖਣ ਲਈ ਸ਼ਾਹਮੁਖੀ (ਫ਼ਾਰਸੀ) ਲਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਵੀ ਇਕ ਧਾਰਮਕ ਜ਼ਿੱਦ ਹੀ ਹੈ, ਹਾਲਾਂਕਿ ਸ਼ਾਹਮੁਖੀ ਵਿਚ ਪੰਜਾਬੀ ਦੀਆਂ ਕਈ ਧੁਨੀਆਂ ਨੂੰ ਲਿਖਣ ਲਈ ਕੋਈ ਚਿੰਨ੍ਹ ਮੌਜੂਦ ਨਹੀਂ। ਣ, ਙ, ਞ ਉਹ ਬੋਲ ਤਾਂ ਲੈਂਦੇ ਹਨ, ਲਿਖ ਨਹੀਂ ਸਕਦੇ। ਪਾਣੀ, ਨੈਣ, ਕਹਾਣੀ ਵਰਗੇ ਸ਼ਬਦ ਉਹ 'ਨ' ਨਾਲ਼ ਹੀ ਲਿਖਦੇ ਹਨ। ਇਸੇ ਲਈ ਉਨ੍ਹਾਂ ਦੀ ਬੋਲੀ ਵਿੱਚੋਂ ਵੀ 'ਣ' ਦੀ ਧੁਨੀ ਅਲੋਪ ਹੁੰਦੀ ਜਾ ਰਹੀ ਹੈ। ਕਈ ਧੁਨੀਆਂ ਉਹ ਰੋਮਨ ਲਿੱਪੀ ਵਾਂਗ ਦੋ ਅੱਖਰ ਜੋੜ ਕੇ ਲਿਖਦੇ ਹਨ। ਪੈਰ ਵਿਚ 'ਹ' ਪਾਉਣ ਦਾ ਸ਼ਾਹਮੁਖੀ ਵਿਚ ਕੋਈ ਇੰਤਜ਼ਾਮ ਨਹੀਂ।

ਗੁਰਮੁਖੀ ਕੋਈ ਨਵੀਂ ਲਿੱਪੀ ਨਹੀਂ ਅਤੇ ਨਾ ਹੀ ਇਹ ਸਿਰਫ ਗੁਰੂਬਾਣੀ ਲਿਖਣ ਲਈ ਬਣਾਈ ਗਈ ਹੈ। ਇਹ ਪਹਿਲਾਂ ਤੋਂ ਹੀ ਪ੍ਰਚੱਲਿਤ ਸੀ। ਗੁਰੂਬਾਣੀ ਲਿਖਣ ਲਈ ਤਾਂ ਇਸ ਵਿਚ ਲੋੜੀਂਦੇ ਸੁਧਾਰ ਦੀ ਕੀਤੇ ਗਏ ਸਨ ਤੇ ਉਸ ਤੋਂ ਪਿੱਛੋਂ ਵੀ ਇਸ ਵਿਚ ਵਾਧੇ ਹੁੰਦੇ ਰਹੇ ਹਨ। ਕਿਉਂਕਿ ਗੁਰੂਬਾਣੀ ਲਿਖਣ ਲਈ ਇਸ ਵਿਚ ਲੋੜੀਂਦੇ ਸੁਧਾਰ ਗੁਰੂ ਅੰਗਦ ਦੇਵ ਜੀ ਨੇ ਕੀਤੇ ਸਨ, ਇਸ ਲਈ ਇਸ ਨੂੰ ਗੁਰਮੁਖੀ ਕਿਹਾ ਜਾਣ ਲੱਗ ਪਿਆ। ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਦੇ ਇਤਿਹਾਸ ਨੂੰ ਤਾਂ ਵੈਦਿਕ ਕਾਲ ਨਾਲ਼ ਵੀ ਜੋੜ ਕੇ ਦੇਖਿਆ ਜਾਂਦਾ ਹੈ। ਰਿਗਵੇਦ ਵਿਚ ਵੀ ਪੰਜਾਬੀ ਦੇ ਕਈ ਸ਼ਬਦ ਮੌਜੂਦ ਹਨ ਅਤੇ ਕਈ ਅੱਖਰਾਂ ਦੀ ਬਣਾਵਟ ਵੀ ਗੁਰਮੁਖੀ ਅੱਖਰਾਂ ਨਾਲ਼ ਮੇਲ਼ ਖਾਂਦੀ ਹੈ। ਅੱਜ ਵੀ ਗੁਰਮੁਖੀ ਅਤੇ ਦੇਵਨਾਗਰੀ ਲਿੱਪੀਆਂ ਦੇ ਕਈ ਅੱਖਰਾਂ ਦੀ ਸ਼ਕਲ ਇੱਕੋ ਜਿਹੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਇਕ ਲਿੱਪੀ ਦੂਜੀ ਵਿੱਚੋਂ ਨਿਕਲੀ ਹੈ। ਅਸਲ ਵਿਚ ਸਾਡੀਆਂ ਕਈ ਭਾਸ਼ਾਵਾਂ ਦੀਆਂ ਲਿੱਪੀਆਂ ਦਾ ਅਧਾਰ ਬ੍ਰਹਮੀ ਲਿੱਪੀ ਹੈ, ਇਸੇ ਲਈ ਇਨ੍ਹਾਂ ਦੇ ਕਈ ਅੱਖਰ ਮਿਲ਼ਦੇ-ਜੁਲ਼ਦੇ ਹਨ। ਗੁਰਮੁਖੀ ਲਿੱਪੀ ਦੇ ਕਈ ਅੱਖਰ ਤਾਂ ਸਿੰਧ ਘਾਟੀ ਦੀ ਸਭਿਅਤਾ ਦੇ ਅੱਖਰਾਂ ਨਾਲ਼ ਵੀ ਮੇਲ਼ ਖਾਂਦੇ ਹਨ। ਜਿਵੇਂ: ੲ, ਕ, ਗ, ਟ, ਠ, ਬ, ਥ ਆਦਿ। ਹਰਦਵਾਰ ਅਤੇ ਪਿਹੋਵਾ ਦੇ ਪੰਡਤਾਂ/ਪੁਰੋਹਿਤਾਂ ਕੋਲ਼, ਜਿੱਥੇ ਲੋਕ ਅਸਥੀਆਂ ਤਾਰਨ ਅਤੇ ਮਰ ਗਿਆ ਦੀ ਮੁਕਤੀ ਲਈ ਜਾਂਦੇ ਹਨ, ਸਦੀਆਂ ਦੇ ਰਿਕਾਰਡ ਸਾਂਭੇ ਪਏ ਹਨ, ਏਥੋਂ ਤੱਕ ਕਿ ਗੁਰੂ ਨਾਨਕ ਤੋਂ ਵੀ ਪਹਿਲਾਂ ਦੇ। ਉਨ੍ਹਾਂ ਪੋਥੀਆਂ ਵਿਚ ਵੀ ਗੁਰਮੁਖੀ ਵਰਗੇ ਅੱਖਰ ਅਤੇ ਦਸਤਖ਼ਤ ਮੌਜੂਦ ਹਨ।

ਭਾਸ਼ਾ ਦਾ ਸਹੀ ਉਚਾਰਨ ਵੀ ਇਕ ਮਹੱਤਵਪੂਰਨ ਮਸਲਾ ਹੈ। ਕਈ ਵਾਰ ਗ਼ਲਤ ਉਚਾਰਨ ਨਾਲ਼ ਕਿਸੇ ਸ਼ਬਦ ਅਤੇ ਵਾਕ ਦੇ ਅਰਥ ਹੀ ਬਦਲ ਜਾਂਦੇ ਹਨ। ਗ਼ਲਤ ਉਚਾਰਨ ਕਾਰਨ ਚੰਗੀ ਗੱਲ ਵੀ ਆਪਣਾ ਅਸਰ ਗੁਆ ਬਹਿੰਦੀ ਹੈ। ਆਪਸੀ ਬੋਲ-ਚਾਲ ਵਿਚ ਇਲਾਕਾਈ ਅਸਰ ਸੁਭਾਵਕ ਹੈ, ਪਰ ਕਿਸੇ ਵੱਡੇ ਇਕੱਠ ਨੂੰ ਸੰਬੋਧਨ ਕਰਦੇ ਸਮੇਂ ਉਚਾਰਨ ਦੀ ਸ਼ੁੱਧਤਾ ਵਿਸ਼ੇਸ਼ ਮਹੱਤਵ ਰੱਖਦੀ ਹੈ। ਅਜਿਹੇ ਸਮੇਂ ਭਾਸ਼ਾ ਦੇ ਕੇਂਦਰੀ ਰੂਪ ਦੀ ਵਰਤੋਂ ਹੀ ਕਰਨੀ ਚਾਹੀਦੀ ਹੈ। ਪਹਿਲੇ ਸਮਿਆਂ ਵਿਚ ਉਚਾਰਨ ਦਾ ਅਭਿਆਸ ਪਹਿਲੀ ਜਮਾਤ ਤੋਂ ਹੀ ਸ਼ੁਰੂ ਹੋ ਜਾਂਦਾ ਸੀ। ਅਧਿਆਪਕ ਵੱਲੋਂ ਅੱਖਰਾਂ ਦੀ ਪਛਾਣ, ਲਿਖਾਵਟ ਅਤੇ ਉਚਾਰਨ ਦਾ ਖ਼ਾਸ ਖ਼ਿਆਲ ਰੱਖਿਆ ਜਾਂਦਾ ਸੀ। ਅਧਿਆਪਕ ਪਹਿਲਾਂ ਆਪ ਬੋਲਦਾ ਸੀ ਅਤੇ ਬੱਚੇ ਉਸ ਦੇ

ਪਿੱਛੇ ਦੁਹਰਾਉਂਦੇ ਸਨ। ਮੁਹਾਰਨੀ ਅਤੇ ਪੂਰਨਿਆਂ ਦਾ ਵਿਸ਼ੇਸ਼ ਮਹੱਤਵ ਸੀ। ਪੈਰ ਵਿਚ ਬਿੰਦੀ ਵਾਲ਼ੇ ਅੱਖਰਾਂ ਦੇ ਉਚਾਰਨ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਸੀ। ਇਕ ਅਧਿਆਪਕ ਲਈ ਬੇਹੱਦ ਜ਼ਰੂਰੀ ਹੈ ਕਿ ਉਸ ਦਾ ਆਪਣਾ ਉਚਾਰਨ ਦਰੁਸਤ ਹੋਵੇ, ਕਿਉਂਕਿ ਇਸ ਦਾ ਅਸਰ ਆਉਣ ਵਾਲ਼ੀਆਂ ਪੀੜ੍ਹੀਆਂ ਉੱਤੇ ਵੀ ਪੈਣਾ ਹੁੰਦਾ ਹੈ। ਉਚਾਰਨ ਠੀਕ ਹੋ ਜਾਵੇ ਤਾਂ ਭਾਸ਼ਾ ਸਿੱਖਣ ਦਾ ਸਿਲਸਿਲਾ ਤਾਂ ਸਾਰੀ ਉਮਰ ਚੱਲਦਾ ਰਹਿੰਦਾ ਹੈ। ਦਾਗ਼ ਦੇਹਲਵੀ ਦਾ ਉਰਦੂ ਬਾਰੇ ਲਿਖਿਆ ਨਿਮਨ-ਲਿਖਤ ਸ਼ਿਅਰ ਹਰ ਭਾਸ਼ਾ ਉੱਤੇ ਹੀ ਪੂਰਾ ਢੁਕਦਾ ਹੈ:

ਨਹੀਂ ਖੇਲ ਐ 'ਦਾਗ਼' ਯਾਰੋਂ ਸੇ ਕਹ ਦੋ
ਕਿ ਆਤੀ ਹੈ ਉਰਦੂ ਜ਼ੁਬਾਂ ਆਤੇ ਆਤੇ




ਡਾ. ਰਜਨੀਸ਼ ਬਹਾਦਰ ਸਿੰਘ ਸਮਕਾਲੀ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਨਿਰੰਤਰ ਕਾਰਜਸ਼ੀਲ ਉਹ ਆਲੋਚਕ ਹੈ ਜਿਸਨੇ ਆਪਣੀ ਸਾਰੀ ਊਰਜਾ ਪੰਜਾਬੀ ਗਲਪ ਦੇ ਅਧਿਐਨ ਉੱਤੇ ਲਗਾਈ ਹੈ। ਉਸ ਦੀ ਸਮੀਖਿਆ ਦ੍ਰਿਸ਼ਟੀ ਮਾਰਕਸਵਾਦੀ ਚਿੰਤਨ ਵਿਚੋਂ ਆਕਾਰ ਗ੍ਰਹਿਣ ਕਰਦੀ ਹੈ ਪਰ ਉਹ ਸਿਧਾਂਤਕ ਹੱਠਧਰਮੀ ਦੀ ਥਾਂ ਬਦਲੀਆਂ ਸਥਿਤੀਆਂ ਨੂੰ ਹੁੰਗਾਰਾ ਦੇਣ ਦੀ ਬਿਰਤੀ ਕਾਰਣ ਗਤਿਸ਼ੀਲ ਮਾਰਕਸੀ ਪਹੁੰਚ ਦਾ ਧਾਰਣੀ ਪ੍ਰਤੀਤ ਹੁੰਦਾ ਹੈ। ਨਾਵਲੀ ਪਾਠਾਂ ਦਾ ਅਧਿਐਨ ਕਰਦਿਆਂ ਉਹ ਨਾਵਲੀ ਸੰਸਾਰ ਨੂੰ ਠੋਸ ਇਤਿਹਾਸਕ ਸੰਦਰਭਾਂ ਨਾਲ ਜੋੜ ਕੇ ਵਿਆਖਿਆਉਂਦਾ ਹੈ ਪਰ ਨਾਲ ਹੀ ਉਹ ਨਾਵਲੀ ਰੂਪ-ਵਿਧਾ ਅਤੇ ਕਥਾ-ਭਾਸ਼ਾ ਦੇ ਮਸਲਿਆਂ ਨੂੰ ਅੱਖੋਂ ਪਰੋਖੇ ਨਹੀਂ ਕਰਦਾ। ਡਾ. ਰਜਨੀਸ਼ ਬਹਾਦਰ ਨੇ ਆਪਣੀ ਇਸ ਕਿਤਾਬ ਵਿਚ ਨਾਵਲ ਦੀ ਵਿਧਾ, ਪੰਜਾਬੀ ਨਾਵਲ ਪਰੰਪਰਾ ਅਤੇ ਇਸ ਪਰੰਪਰਾ ਨੂੰ ਨਿਰੰਤਰਤਾ ਬਖ਼ਸ਼ਣ ਅਤੇ ਰੂਪਾਂਤਰਿਤ ਕਰਨ ਵਾਲੇ ਸੱਤ ਨਾਵਲਕਾਰਾਂ ਦੇ ਪ੍ਰਤਿਨਿਧ ਨਾਵਲੀ ਪਾਠਾਂ ਦਾ ਗਹਿਰ ਗੰਭੀਰ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ। ਉਹ ਨਾਵਲ ਦੀ ਵਿਧਾ ਅਤੇ ਪੰਜਾਬੀ ਨਾਵਲ ਪਰੰਪਰਾ ਦੇ ਸਰੂਪ ਨਾਲ ਜੁੜੇ ਬੁਨਿਆਦੀ ਸਵਾਲਾਂ ਨੂੰ ਇੱਕ ਵਾਰ ਫ਼ਿਰ ਉਠਾਉਂਦਾ ਹੈ ਅਤੇ ਆਪਣੀ ਸਮਝ ਅਨੁਸਾਰ ਤਰਕਪੂਰਣ ਵਿਸ਼ਲੇਸ਼ਣ ਉਪਰੰਤ ਉਨ੍ਹਾਂ ਦੇ ਜਵਾਬ ਦਿੰਦਾ ਹੈ। ਉਸ ਨੇ ਪੰਜਾਬੀ ਨਾਵਲ ਪਰੰਪਰਾ ਦੀਆਂ ਮੁੱਲਵਾਨ ਕ੍ਰਿਤੀਆਂ 'ਸੁੰਦਰੀ' (ਭਾਈ ਵੀਰ ਸਿੰਘ), 'ਚਿੱਟਾ ਲਹੂ' (ਨਾਨਕ ਸਿੰਘ), 'ਰਾਤ ਬਾਕੀ ਹੈ' (ਜਸਵੰਤ ਸਿੰਘ ਕੰਵਲ), 'ਮੜ੍ਹੀ ਦਾ ਦੀਵਾ' (ਗੁਰਦਿਆਲ ਸਿੰਘ) ਦਾ ਅਧਿਐਨ ਤਾਂ ਕੀਤਾ ਹੀ ਹੈ ਪਰ ਇਨ੍ਹਾਂ ਦੇ ਨਾਲ ਉਸ ਨੇ ਅਗਲੇ ਦੌਰ ਦੀਆਂ ਨਾਵਲੀ ਕਿਰਤਾਂ 'ਕੰਜਕਾਂ' (ਸਵਰਨ ਚੰਦਨ), 'ਕਾਲ ਕਥਾ' (ਮਨਮੋਹਨ ਬਾਵਾ) ਅਤੇ 'ਬਹੁਤ ਸਾਰੇ ਚੁਰੱਸਤੇ' (ਬਲਬੀਰ ਪਰਵਾਨਾ) ਨੂੰ ਵੀ ਉਨ੍ਹਾਂ ਜਿੰਨਾ ਹੀ ਮਹੱਤਵ ਪ੍ਰਦਾਨ ਕੀਤਾ ਹੈ। ਇਨ੍ਹਾਂ ਨਾਵਲਾਂ ਦਾ ਅਧਿਐਨ ਕਰਦਿਆਂ ਉਸ ਨੇ ਨਾਵਲੀ ਪਾਠਾਂ ਵਿਚ ਯਥਾਰਥ ਦੀ ਗਤੀਸ਼ੀਲਤਾ ਨੂੰ ਗ੍ਰਹਿਣ ਕਰਨ ਅਤੇ ਉਨ੍ਹਾਂ ਦੀ ਬਰਤਾਂਤਕ ਪੇਸ਼ਕਾਰੀ ਦੇ ਮਸਲਿਆਂ ਨੂੰ ਕੇਂਦਰ ਵਿਚ ਰੱਖਿਆ ਹੈ ਅਤੇ ਪੰਜਾਬੀ ਨਾਵਲ ਦੇ ਵਿਕਾਸ ਦੀਆਂ ਸਮੱਸਿਆਵਾਂ ਨੂੰ ਵਿਚਾਰਿਆ ਹੈ।

**-ਡਾ. ਸੁਰਜੀਤ**

**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ**

**ਪੰਨੇ, 208    ਕੀਮਤ: 325 ਰੁਪਏ**

# ਬਿਰਤਾਂਤ-ਸ਼ਾਸਤਰ

-ਡਾ. ਰਮਨਪ੍ਰੀਤ ਕੌਰ

ਬਿਰਤਾਂਤ ਰੂਪੀ ਪ੍ਰਗਟਾ ਵਿਧੀ ਪਲੈਟੋ ਅਰਸਤੂ ਦੇ ਸਮੇਂ ਤੋਂ ਹੀ ਸਾਹਿਤ ਸ਼ਾਸਤਰੀਆਂ ਦੇ ਅਧਿਐਨ ਦਾ ਕੇਂਦਰ ਰਹੀ ਹੈ ਪਰ ਇਸ ਦੇ ਸਿਧਾਂਤਾਂ ਅਤੇ ਵਿਧੀਆਂ ਦਾ ਸਿਸਟਮੀ ਅਧਿਐਨ ਵਧੇਰੇ ਆਧੁਨਿਕ ਸਾਹਿਤ ਆਲੋਚਕਾਂ ਵਿਚ ਇਕ ਸੁਤੰਤਰ ਵਿਸ਼ੇ ਪੱਖੋਂ ਸਨਮੁਖ ਹੋਇਆ। ਬਿਰਤਾਂਤ ਦੇ ਅਧਿਐਨ ਲਈ 'ਬਿਰਤਾਂਤ ਸ਼ਾਸਤਰ' ਸ਼ਬਦ ਦੀ ਪਹਿਲੀ ਵਾਰ ਵਰਤੋਂ ਤੋਦੋਰੋਵ ਨੇ ਆਪਣੀ 1969 ਈ. ਵਿਚ ਪ੍ਰਕਾਸ਼ਿਤ ਪੁਸਤਕ Grammaire du Decameron ਵਿਚ ਕੀਤੀ। ਸਮਕਾਲੀ ਸਾਹਿਤ ਸਿਧਾਂਤ ਅਤੇ ਸਮੀਖਿਆ ਵਿਚ ਬਿਰਤਾਂਤ-ਸ਼ਾਸਤਰ ਪਰਪੱਕ ਅਤੇ ਮਹੱਤਵਪੂਰਨ ਅਧਿਐਨ ਵਿਧੀ ਵਜੋਂ ਵਿਕਸਿਤ ਹੋਈਹੈ। ਇਸ ਵਿਧੀ ਦਾ ਮਨੋਰਥ ਬਿਰਤਾਂਤਕ ਪਾਠਾਂ ਦੀਆਂ ਉਨ੍ਹਾਂ ਪ੍ਰਤੱਖਣੀ ਅਤੇ ਪ੍ਰਗਟਾਅ ਮੂਲਕ ਜੁਗਤਾਂ ਨੂੰ ਸਮਝਣਾ ਹੈ ਜੋ ਬਿਰਤਾਂਤਕ ਪਾਠਾਂ ਦੇ ਵਿਲੱਖਣ ਵਿਆਖਿਆ-ਸ਼ਾਸਤਰ ਅਤੇ ਰੂਪਾਕਾਰਾਂ ਨੂੰ ਹੋਂਦ ਵਿਧੀ ਪ੍ਰਦਾਨ ਕਰਦੀਆਂ ਹਨ। ਬਿਰਤਾਂਤਸ਼ਾਸਤਰੀ ਚਿੰਤਕ ਪ੍ਰਿੰਸ ਅਨੁਸਾਰ :

> "ਬਿਰਤਾਂਤ ਦੇ ਪ੍ਰਬੰਧ ਨੂੰ ਲੱਭਣਾ, ਵਰਣਨ ਕਰਨਾ ਅਤੇ ਵਿਆਖਿਆਉਣਾ ਹੀ ਬਿਰਤਾਂਤ-ਸ਼ਾਸਤਰ ਦੀ ਮਨਸ਼ਾ ਹੈ। ਬਿਰਤਾਂਤ ਸ਼ਾਸਤਰ ਸਾਨੂੰ ਚਿਹਨ ਪ੍ਰਬੰਧ ਦੇ ਸੰਚਾਲਕ ਸਿਧਾਂਤਾਂ, ਬਿਰਤਾਂਤ ਦੇ ਸੁਭਾਅ, ਰੂਪ ਅਤੇ ਪ੍ਰਕਾਰਜ ਦਾ ਅਧਿਐਨ ਕਰਨ ਲਈ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ।"[1]

ਬਿਰਤਾਂਤ-ਸ਼ਾਸਤਰੀ, ਬਿਰਤਾਂਤ ਸ਼ਾਸਤਰ ਦਾ ਆਰੰਭ ਬਿੰਦੂ ਕਥਾ ਅਤੇ ਕਥਾਨਕ ਦੇ ਨਿਖੇੜੇ ਨੂੰ ਮੰਨਦੇ ਹਨ, ਜੋ ਈ. ਐਮ. ਫੈਸਟਰ (E.M.Foster) ਦੁਆਰਾ 1926 ਈ. ਵਿਚ ਕੀਤਾ ਗਿਆ ਫੋਸਟਰ ਅਨੁਸਾਰ:

> "ਜਿਥੇ ਕਥਾ ਦਾ ਸੰਬੰਧ ਘਟਨਾਵਾਂ ਦੀ ਕਾਲਕ੍ਰਮਕਤਾ ਨਾਲ ਹੈ ਉਥੇ ਕਥਾਕਾਰੀ ਦਾ ਸੰਬੰਧ ਘਟਨਾਵਾਂ ਦੀ ਪੇਸ਼ਕਾਰੀ ਦੀ ਵਿਧੀ ਨਾਲ ਹੈ ਜੋ ਕਿ ਬਿਰਤਾਂਤ ਜੁਗਤਾਂ ਦੇ ਨੇਮ ਪ੍ਰਬੰਧਾਂ ਦੀ ਧਾਰਨੀ ਹੈ।"[2]

ਬਿਰਤਾਂਤ ਦੀ ਹੋਂਦ ਵਿਧੀ ਦੇ ਇਹਨਾਂ ਧਰਾਤਲਾਂ ਦੀ ਪਛਾਣ ਕਰਕੇ ਬਿਰਤਾਂਤ ਉਸਾਰੀ ਦੇ ਨੇਮ ਪ੍ਰਬੰਧ ਦੀਵਿਆਖਿਆ ਜਿਸ ਸੰਦਰਭ ਵਿਚ ਕੀਤੀ ਜਾਂਦੀ ਹੈ ਉਸ ਨੂੰ ਬਿਰਤਾਂਤ ਸ਼ਾਸਤਰ ਦਾ ਨਾਮ ਦਿੱਤਾ ਜਾਂਦਾ ਹੈ। ਇਕ ਅਨੁਸ਼ਾਸ਼ਨ ਦੇ ਤੌਰ 'ਤੇ ਬਿਰਤਾਂਤ ਸ਼ਾਸਤਰ ਦਾ ਸੰਕਲਪ ਸੰਰਚਨਾਵਾਦ ਦੇ ਅੰਤਰਗਤ ਹੀ ਸਾਹਮਣੇ ਆਉਂਦਾ ਹੈ ਪਰ ਇਸ ਦਾ ਵਿਕਾਸ ਸੰਰਚਨਾਵਾਦ ਦੀਆਂ ਸੀਮਾਵਾਂ ਤੋਂ ਪਾਰ ਪਹੁੰਚਿਆ ਹੋਇਆ ਹੈ। ਬਿਰਤਾਂਤ ਸ਼ਾਸਤਰ ਦਾ ਕਾਰਜ ਵੱਖ-ਵੱਖ ਸਾਹਿਤਕ ਰੂਪਾਂ ਅਤੇ ਰੂਪਾਕਾਰਾਂ ਦੇ ਅੰਦਰੂਨੀ ਸੰਗਠਨ ਵਿਚ ਕਾਰਜਸ਼ੀਲ ਨੇਮ ਪ੍ਰਬੰਧ ਦੇ ਵਿਸ਼ਲੇਸ਼ਣ ਨਾਲ ਜੁੜਿਆ ਹੋਇਆ ਹੈ। ਪ੍ਰਿੰਸ ਅਨੁਸਾਰ ਬਿਰਤਾਂਤ ਦੇ ਕਾਰਜੀ ਸਿਸਟਮ ਨੂੰ ਲੱਭਣਾ, ਵਰਣਨ ਕਰਨਾ ਅਤੇ ਵਿਆਖਿਆਉਣਾ ਹੀ ਬਿਰਤਾਂਤ ਸ਼ਾਸਤਰ ਦਾ ਮਨੋਰਥ ਹੈ।

ਬਿਰਤਾਂਤ ਸ਼ਾਸਤਰ ਦੇ ਵਿਕਾਸ ਦਾ ਪਹਿਲਾ ਪੜਾਓ ਰੂਸੀ ਰੂਪਵਾਦ ਨਾਲ ਸੰਬੰਧਿਤ

ਹੈ। ਰੂਸੀ ਰੂਪਵਾਦੀਆਂ ਦੀ ਵਧੇਰੇ ਦਿਲਚਸਪੀ ਕਥਾ-ਸਾਹਿਤ ਵਿਚ ਸੀ ਅਤੇ ਉਨ੍ਹਾਂ ਨੇ ਬਿਰਤਾਂਤ ਨੂੰ ਫੇਬੁਲਾ ਅਤੇ ਸੁਜੇਤ ਰਾਹੀਂ ਸਮਝਣ ਦਾ ਯਤਨ ਕੀਤਾ। ਫੇਬੁਲਾ ਜਿਥੇ ਘਟਨਾਵਾਂ ਦੀ ਤਰਤੀਬ ਹੈ ਉਥੇ ਸੁਜੇਤ ਇਨ੍ਹਾਂ ਘਟਨਾਵਾਂ ਦੀ ਤਰਤੀਬ ਦੀ ਬਿਰਤਾਂਤਕ ਪ੍ਰਵਚਨ ਵਿਚ ਪੇਸ਼ਕਾਰੀ ਹੈ। ਰੂਪਵਾਦੀ ਸਾਹਿਤ ਚਿੰਤਕਾਂ ਦੀਆਂ ਕਥਾ-ਸਾਹਿਤ ਨਾਲ ਸੰਬੰਧਿਤ ਇਨ੍ਹਾਂ ਮਹੱਤਵਪੂਰਨ ਅੰਤਰ ਦ੍ਰਿਸ਼ਟੀਆਂ ਨੇ ਬਿਰਤਾਂਤ ਸ਼ਾਸਤਰ ਦੀ ਉਸਾਰੀ ਲਈ ਮੁੱਢਲਾ ਆਧਾਰ ਪ੍ਰਦਾਨ ਕੀਤਾ। ਰੂਪਵਾਦੀਆਂ ਦੇ ਨਾਲ ਸੰਰਚਨਾਵਾਦੀ ਚਿੰਤਕਾਂ ਨੇ ਭਾਸ਼ਾ ਵਿਗਿਆਨ ਦੇ ਸੰਕਲਪਾਂ ਤੋਂ ਅੰਤਰ-ਦ੍ਰਿਸ਼ਟੀ ਗ੍ਰਹਿਣ ਕਰਕੇ ਬਿਰਤਾਂਤ ਸ਼ਾਸਤਰ ਦਾ ਸਿਧਾਂਤਕ ਪਰਿਪੇਖ ਉਸਾਰਿਆ। ਇਹਨਾਂ ਸਾਹਿਤ ਚਿੰਤਕਾਂ ਨੇ ਸਾਸਿਊਰ ਦੇ ਭਾਸ਼ਾ ਵਿਗਿਆਨਕ ਸਿਧਾਂਤ ਨੂੰ ਆਧਾਰ ਮੰਨਦੇ ਹੋਏ ਬਿਰਤਾਂਤ ਦਾ ਵਿਗਿਆਨ ਉਸਾਰਨ ਦੇ ਨਾਲ-ਨਾਲ ਕਥਾਕਾਰੀ ਅਤੇ ਕਥਾ ਨੂੰ ਚਿਹਨ ਅਤੇ ਚਿਹਨਤ ਦੇ ਸੰਕਲਪਾਂ ਰਾਹੀਂ ਸਮਝਣ ਅਤੇ ਸਮਝਾਉਣ ਦਾ ਯਤਨ ਕੀਤਾ ਹੈ। ਇਸ ਸੰਰਚਨਾਵਾਦੀ ਮਾਡਲ ਅਨੁਸਾਰ ਕਥਾ ਤੋਂ ਭਾਵ ਬਿਰਤਾਂਤ ਵਿਚ ਪੇਸ਼ ਹੋਈਆਂ ਘਟਨਾਵਾਂ ਦੀ ਕਾਲਕ੍ਰਮਿਕ ਤਰਤੀਬ ਹੈ ਜਿਸ ਨੂੰ ਬਿਰਤਾਂਤ ਦਾ ਚਿਹਨਿਤ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਕਥਾਕਾਰੀ ਨੂੰ ਬਿਰਤਾਂਤ ਦਾ ਚਿਹਨਕ ਆਖਿਆ ਜਾ ਸਕਦਾ ਹੈ। ਸੰਰਚਨਾਵਾਦੀ ਚਿੰਤਕਾਂ ਨੇ ਬਿਰਤਾਂਤ ਦੀ ਉਸਾਰੀ ਲਈ ਮੁੱਖ ਤੌਰ 'ਤੇ ਕਥਾਕਾਰੀ ਜਾਂ ਬਿਰਤਾਂਤਕਾਰੀ ਨੂੰ ਹੀ ਆਧਾਰ ਬਣਾਇਆ।

ਰੋਲਾਂ ਬਾਰਤ ਨੇ ਸਾਸਿਊਰ ਦੇ ਭਾਸ਼ਾ ਵਿਗਿਆਨਕ ਸੰਕਲਪਾਂ ਤੋਂ ਮਿਲਦੀਆਂ ਅੰਤਰ ਦ੍ਰਿਸ਼ਟੀਆਂ ਨਾਲ ਜੀਵਨ ਦੇ ਵਿਭਿੰਨ ਵਰਤਾਰਿਆਂ ਦਾ ਅਧਿਐਨ ਕੀਤਾ ਹੈ। ਸਾਸਿਊਰ ਨੇ ਜਿਥੇ ਭਾਸ਼ਾ-ਵਿਗਿਆਨ ਨੂੰ ਚਿਹਨ-ਵਿਗਿਆਨ ਦਾ ਭਾਗ ਕਿਹਾ ਹੈ ਉਥੇ ਰੋਲਾਂ ਬਾਰਤ ਨੇ ਉਲਟ ਰੂਪ ਵਿਚ ਚਿਹਨ-ਵਿਗਿਆਨ ਨੂੰ ਭਾਸ਼ਾ ਵਿਗਿਆਨ ਦਾ ਭਾਗ ਮੰਨਿਆ ਹੈ। ਰੋਲਾਂ ਬਾਰਤ ਨੇ ਚਿਹਨ ਵਿਗਿਆਨ ਨੂੰ ਚਾਰ ਜੋੜਿਆਂ ਵਿਚ ਵੰਡਿਆ ਹੈ,

1. ਭਾਸ਼ਾ ਅਤੇ ਉਚਾਰ (Languge and Speech)
2. ਚਿਹਨਤ ਅਤੇ ਚਿਹਨਕ (Signified and Signifier)
3. ਲੜੀ ਅਤੇ ਪ੍ਰਬੰਧ (Syntagm and System)
4. ਭਾਵ ਅਰਥ ਅਤੇ ਲੱਖਣ-ਅਰਥ (Denotation and Connotation)÷

ਇਸ ਵਿੱਚ ਚਿਹਨੀਕਰਨ ਦੀ ਪ੍ਰਕਿਰਿਆ ਦੋ ਪੱਧਰਾਂ 'ਤੇ ਵਿਚਰਦੀ ਹੈ। ਪਹਿਲਾ ਪੱਧਰ ਭਾਸ਼ਾ ਦਾ ਹੁੰਦਾ ਹੈ ਜੋ ਕਿ ਤਲਾਸ਼ ਦਾ ਪੱਧਰ ਹੈ। ਇਸ ਤੋਂ ਅਗਲੇਰੇ ਪੜਾਅ ਉੱਤੇ ਸੰਚਾਰ ਪ੍ਰਕਿਰਿਆ ਪਰਾ-ਭਾਸ਼ਾਈ ਹੋਂਦ ਦੀ ਧਾਰਨੀ ਹੋ ਜਾਂਦੀ ਹੈ। ਪਹਿਲੇ ਪੱਧਰ ਦੇ ਚਿਹਨ ਪ੍ਰਬੰਧ ਵਿਚ ਅਰਥਹੀਣ ਅਰਥ (Empty Meaning) ਪ੍ਰਾਪਤ ਹੁੰਦੇ ਹਨ। ਸਰੋਤਾ/ਪਾਠਕ ਆਪਣੇ ਦਿਮਾਗ ਰਾਹੀਂ ਚਿਹਨੀਕਰਨ ਦੀ ਪ੍ਰਕਿਰਿਆ ਵਿਚ ਪੈਂਦਾ ਹੈ ਜੋ ਅਗਲੇਰੇ ਅਰਥਵਾਨ ਅਰਥਾਂ (Full Meaning) ਦੀ ਸਿਰਜਣਾ ਕਰਦਾ ਹੈ।

ਰੋਲਾਂ ਬਾਰਤ ਨੇ ਆਪਣੀ ਪੁਸਤਕ ਵਿਚ ਫਰਾਂਸੀਸੀ ਗਲਪਕਾਰ ਬਾਲਜ਼ਾਕ ਦੀ ਕਹਾਣੀ 'ਸਾਰਾਸੀਨ' (Sarrasine) ਦਾ ਅਧਿਐਨ ਕਰਦਿਆਂ ਉਸ ਵਿਚੋਂ ਪੰਜ ਕਿਸਮ ਦੇ ਸੰਕੇਤ ਤਲਾਸ਼ਦਿਆਂ ਕਹਾਣੀ ਦਾ ਪ੍ਰਭਾਵਸ਼ਾਲੀ ਵਿਸ਼ਲੇਸ਼ਣ ਪੇਸ਼ ਕੀਤਾ ਹੈ। ਇਹਨਾਂ ਪੰਜ ਸੰਕੇਤਾਂ

ਦਾ ਵੇਰਵਾ ਇਸ ਪ੍ਰਕਾਰ ਹੈ:

1. ਵਿਆਖਿਆਤਮਕ ਸੰਕੇਤ (Hermenevtic Code)
2. ਅਰਥਮੂਲਕ ਸੰਕੇਤ (Semic Code)
3. ਪ੍ਰਤੀਕਾਤਮਕ ਸੰਕੇਤ (Symbolic Code)
4. ਕਾਰਜਮੂਲਕ ਸੰਕੇਤ (Proa iretic Code)
5. ਸਭਿਆਚਾਰਕ ਸੰਕੇਤ (Cultural Code)"[3]

ਰੋਲਾਂ ਬਾਰਤ ਇਹਨਾਂ ਪੰਜ ਪ੍ਰਮੁੱਖ ਕੋਡਾਂ ਜ਼ਰੀਏ ਵਿਸ਼ੇਸ਼ ਪਾਠ ਵਿਚਲੀ ਇਕ ਮਿਆਰੀ ਬਿਰਤਾਂਤਕ ਬੁਣਤੀ ਵਿਚੋਂ ਮੂਲ ਭਾਵਾਂ ਨੂੰ ਡੀਕੋਡ ਕਰਨ ਅਥਵਾ ਅਰਥਾਂ ਨੂੰ ਪਛਾਨਣ ਪ੍ਰਤੀ ਸੁਜੱਗਤਾ ਦਰਸਾਉਂਦਾ ਹੈ। ਉਸ ਅਨੁਸਾਰ:

"ਇਹਨਾਂ ਲੋਕਾਂ ਦੀ ਵਰਤੋਂ ਨਾਲ ਹੀ ਕੋਈ ਪਾਠਕ ਟੈਕਸਟ ਵਿਚ ਸੰਕੇਤਬੱਧ ਕੀਤੇ ਸੰਦੇਸ਼ ਨੂੰ ਖੋਲ੍ਹ ਕੇ ਅਰਥ ਗ੍ਰਹਿਣ ਕਰ ਸਕਦਾ ਹੈ।"[4]

ਸਾਹਿਤ ਦਾ ਪ੍ਰਯੋਜਨ ਅਰਥ ਸੰਚਾਰ ਹੋਣ ਕਰਕੇ ਹੀ ਰੋਲਾਂ ਬਾਰਤ ਪਾਠ ਦੇ ਅਰਥ ਉਤਪਾਦਨ ਅਤੇ ਸਰੋਤੇ ਦੁਆਰਾ ਪਾਠ ਦਾ ਆਨੰਦ ਪ੍ਰਾਪਤ ਕਰਨ ਦੇ ਆਧਾਰ 'ਤੇ ਸਾਹਿਤਿਕ ਪਾਠਾਂ ਦੀ ਅਗਲੇਰੀ ਦੁਵੰਡ ਨੂੰ ਉਸਨੇ ਆਪਣੀਆਂ ਪੁਸਤਕਾਂ Pleasure of the Text ਅਤੇ Text of the Pleasure ਵਿਚ ਪੇਸ਼ ਕੀਤਾ ਹੈ। ਰੋਲਾਂ ਬਾਰਤ ਬਿਰਤਾਂਤ ਦੀ ਸੰਰਚਨਾ ਸਮਝਣ ਹਿਤ ਆਗਮਣੀ (Inductive) ਅਤੇ ਨਿਗਮਣੀ (Deductive) ਦੋਵੇਂ ਵਿਧੀਆਂ ਨੂੰ ਵਰਤੋਂ ਵਿਚ ਲਿਆਉਂਦਾ ਹੋਇਆ ਬਿਰਤਾਂਤ ਦੇ ਸਰੂਪ ਨੂੰ ਪੰਜ ਵਰਗਾਂ ਵਿਚ ਵੰਡਦਾ ਹੈ।[5]

**1) ਬਿਰਤਾਂਤ ਦੀ ਭਾਸ਼ਾ (Language of Narrative)**

ਭਾਸ਼ਾ ਦੀ ਵੱਡੀ ਤੋਂ ਵੱਡੀ ਇਕਾਈ ਵਾਕ ਨੂੰ ਮੰਨਿਆ ਜਾਂਦਾ ਹੈ ਪਰ ਬਾਰਤ ਬਿਰਤਾਂਤ ਨੂੰ ਹੀ ਸਰਵ ਉੱਚ ਇਕਾਈ ਦਾ ਦਰਜਾ ਪ੍ਰਦਾਨ ਕਰਦਾ ਹੈ। ਵਾਕ ਵਿਚਲੇ ਵੱਖ-ਵੱਖ ਸ਼ਬਦਾਂ ਦਾ ਦੂਜੇ ਸ਼ਬਦਾਂ ਦੇ ਸੰਬੰਧਾਂ ਵਿਚੋਂ ਹੀ ਅਰਥ ਉਤਪਾਦਨ ਹੁੰਦਾ ਹੈ। ਉਸੇ ਤਰ੍ਹਾਂ ਬਿਰਤਾਂਤ ਵਿਚਲੇ ਵਾਕ ਦੀ ਵਰਣਨ ਦੇ ਇਕ ਪੱਧਰ ਤੋਂ ਦੂਜੇ ਵਾਕਾਂ ਨਾਲ ਮਿਲਕੇ ਅਰਥ ਉਪਜਾਉਂਦੇ ਹਨ ਜਿਸ ਵਿਚ ਪ੍ਰਕਾਰਜ, ਕਾਰਜ ਤੇ ਬਿਰਤਾਂਤੀਕਰਨ ਪੱਧਰ ਤਿੰਨੋਂ ਇਕਾਈਆਂ ਮਿਲਕੇ ਅਰਥ ਸਿਰਜਦੀਆਂ ਹਨ।

**2) ਪ੍ਰਕਾਰਜ (Functions) :**

ਭਾਸ਼ਾ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਪ੍ਰਕਾਰਜ ਵੱਥ (Content) ਦੀ ਇਕਾਈ ਹੈ, 'ਕੀ' ਕਿਹਾ ਗਿਆ ਹੈ ਪ੍ਰਕਾਰਜ ਹੈ 'ਕਿਵੇਂ' ਕਿਹਾ ਗਿਆ ਹੈ ਨਹੀਂ। ਬਾਰਤ ਨੇ ਪ੍ਰਕਾਰਜ ਨੂੰ ਦੋ ਭਾਗਾਂ ਵਿਚ ਵੰਡਿਆ ਹੈ:

(ੳ) ਪ੍ਰਮੁੱਖ ਪ੍ਰਕਾਰਜ ਬਿਰਤਾਂਤ ਦੀ ਗਤੀਸ਼ੀਲਤਾ ਵਿਚ ਸਹਾਇਕ ਹੁੰਦੇ ਹਨ।

(ਅ) ਗੌਣ ਪ੍ਰਕਾਰਜ ਆਪਣੇ ਅਰਥ, ਪ੍ਰਮੁੱਖ ਪ੍ਰਕਾਰਜਾਂ ਦੇ ਸੰਦਰਭ ਵਿਚ ਹੀ ਗ੍ਰਹਿਣ ਕਰਦੇ ਹਨ।

**3) ਕਾਰਜ (Actions) :**

ਕਾਰਜ ਦੇ ਪੱਧਰ ਵਿਚ ਬਾਰਤ ਨੇ ਪਾਤਰਾਂ ਦੇ ਕਾਰਜਾਂ ਦਾ ਸੰਰਚਨਾਤਮਕ ਬਿਉਰਾ ਪੇਸ਼ ਕੀਤਾ ਹੈ। ਬਿਰਤਾਂਤ ਵਿਚ ਕਾਰਜ ਦੇ ਕਰਤਾ ਪਾਤਰ ਹੁੰਦੇ ਹਨ ਜਿਹੜੇ ਵਿਅਕਤੀ ਵਜੋਂ ਬਿਰਤਾਂਤ ਵਿਚ ਭੂਮਿਕਾ ਨਿਭਾਉਂਦੇ ਹਨ ਅਤੇ ਸਮੂਹ ਵਿਅਕਤੀਆਂ ਦਾ ਪ੍ਰਤੀਬਿੰਬਨ ਹੁੰਦੇ ਹਨ। ਸੰਸਾਰ ਦਾ ਕੋਈ ਵੀ ਬਿਰਤਾਂਤ ਪਾਤਰਾਂ ਤੋਂ ਬਿਨਾਂ ਨਹੀਂਮਿਲਦਾ।

4) **ਬਿਰਤਾਂਤੀਕਰਨ (Narration)** :

ਬਿਰਤਾਂਤੀਕਰਨ ਦੇ ਪੱਧਰ 'ਤੇ ਵਕਤਾ ਤੇ ਸਰੋਤਾ ਦੇ ਵਿਚਕਾਰ ਤਦਰੂਪਤਾ ਸਿਰਜੀ ਹੁੰਦੀ ਹੈ, ਕਿਉਂਕਿ ਬਿਰਤਾਂਤਕ ਸੰਚਾਰ ਵਿਚ ਇਕ ਦੇਣ ਵਾਲਾ ਹੈ ਜੋ ਵਕਤਾ ਹੈ ਦੂਜਾ ਲੈਣ ਵਾਲਾ ਹੈ ਜੋ ਸਰੋਤਾ ਹੈ। ਵਕਤੇ ਅਤੇ ਸਰੋਤੇ ਵਿਚਕਾਰ ਸਾਂਝੇ ਕੋਡ ਹੁੰਦੇ ਹਨ ਜੋ ਬਿਰਤਾਂਤ ਨੂੰ ਅਰਥ ਪ੍ਰਦਾਨ ਕਰਦੇ ਹਨ।

5) **ਬਿਰਤਾਂਤ ਦਾ ਪ੍ਰਬੰਧ (System of Narrative)**:

ਬਿਰਤਾਂਤੀਕਰਨ ਤੋਂ ਅੱਗੇ ਬਿਰਤਾਂਤ ਦਾ ਅਜਿਹਾ ਪ੍ਰਬੰਧ ਸ਼ੁਰੂ ਹੁੰਦਾ ਹੈ ਜਿਸਦੇ ਅੰਤਰਗਤ ਬਿਰਤਾਂਤਕ ਅਰਥ ਪ੍ਰਾਪਤ ਕੀਤੇ ਜਾ ਸਕਦੇ ਹਨ। ਇਹ ਪ੍ਰਬੰਧ ਸਮਾਜਕ, ਆਰਥਕ ਤੇ ਵਿਚਾਰਧਾਰਕ ਤੌਰ 'ਤੇ ਜੁੜਿਆ ਹੁੰਦਾ ਹੈ ਜਿਸ ਵਿਚੋਂ ਬਿਰਤਾਂਤ ਅਰਥਗ੍ਰਹਿਣ ਕਰਦਾ ਹੈ।

ਰੋਲਾਂ ਬਾਰਤ ਦੁਆਰਾ ਪੇਸ਼ ਕੀਤੇ ਚਿੰਤਨ ਤੋਂ ਸਪੱਸ਼ਟ ਹੁੰਦਾ ਹੈ ਕਿ ਬਿਰਤਾਂਤ ਦੀ ਅਰਥ ਸਿਰਜਣ ਪ੍ਰਕਿਰਿਆ ਨੂੰ ਸਮਝਣ ਲਈ ਬਿਰਤਾਂਤ ਦੇ ਤਿੰਨ ਪੱਧਰਾਂ (ਪ੍ਰਕਾਰਜ, ਕਾਰਜ ਅਤੇ ਬਿਰਤਾਂਤੀਕਰਨ) ਨੂੰ ਇਕ ਦੂਜੇ ਦੇ ਅਧੀਨ ਰੱਖ ਰੱਖ ਕੇ ਹੀ ਸਮਝਿਆ ਜਾ ਸਕਦਾ ਹੈ ਕਿਉਂਕਿ ਬਿਰਤਾਂਤ ਦੇ ਅਰਥ ਕਿਸੇ ਇਕ ਪੱਧਰ ਵਿਚ ਨਹੀਂ ਸਗੋਂ ਇਕ ਦੂਜੇ ਦੇਆਪਸੀ ਅੰਤਰ ਸੰਬੰਧਾਂ ਵਿਚੋਂ ਹੀ ਪ੍ਰਗਟ ਹੁੰਦੇ ਹਨ।

ਤੋਦੋਰੋਵ (Tzvetan Todorov) ਦੀਆਂ Introduction to the poetics ਅਤੇ Poetics of Prose ਬਿਰਤਾਂਤ ਸ਼ਾਸਤਰ ਨੂੰ ਵਿਗਿਆਨਕ ਸਰੂਪ ਪ੍ਰਦਾਨ ਕਰਨ ਵਾਲੀਆਂ ਪੁਸਤਕਾਂ ਹਨ। ਤੋਦੋਰੋਵ ਭਾਸ਼ਾਈ-ਪ੍ਰਬੰਧ ਦੀ ਦ੍ਰਿਸ਼ਟੀ ਤੋਂ ਬਿਰਤਾਂਤ ਦੀ ਸਰਬ ਵਿਆਪਕ ਵਿਆਕਰਣ ਉਸਾਰਨ ਦਾ ਯਤਨ ਕਰਦਾ ਹੋਇਆ ਇਸ ਦਾ ਨਿਖੇੜਾ ਤਿੰਨ ਪੱਖਾਂ ਵਿਚ ਕਰਦਾ ਹੈ। ਪਹਿਲਾ ਅਰਥਮਈ ਪੱਖ ਭਾਵ ਅੰਤਰ ਵਸਤੂ ਦਾ ਪੱਖ, ਦੂਜਾ ਸ਼ਾਬਦਿਕ ਪੱਖ ਵਿਚ ਵਿਧੀ, ਕਾਲ, ਵਾਚ, ਦ੍ਰਿਸ਼ਟੀਕੋਣ ਅਤੇ ਪਰਿਪੇਖ ਦਾ ਅਧਿਐਨ ਕੀਤਾ ਜਾਂਦਾ ਹੈ, ਤੀਸਰਾ ਪੱਖ ਵਾਕ ਵਿਗਿਆਨ ਦਾ ਹੈ। ਇਸ ਅਧੀਨ ਬਿਰਤਾਂਤ ਦੀਆਂ ਲਘੂਤਮ ਇਕਾਈਆਂ ਦੇ ਆਪਸੀ ਮਿਲਨ ਬਿੰਦੂਆਂ ਦਾ ਅਧਿਐਨ ਕੀਤਾ ਜਾਂਦਾ ਹੈ।[6] ਤੋਦੋਰੋਵ ਆਪਣੇ ਬਿਰਤਾਂਤ ਸ਼ਾਸਤਰ ਤਹਿਤ ਦਿੱਤੇ ਕਾਵਿ ਸ਼ਾਸਤਰੀ ਸੰਕਲਪ ਸੰਬੰਧੀ ਆਖਦਾ ਹੈ ਕਿ ਕਾਵਿ ਸ਼ਾਸਤਰ ਦਾ ਮਨੋਰਥ ਰਚਨਾ ਦੀ ਵਿਆਖਿਆ ਜਾਂ ਅਰਥ ਪ੍ਰਸਤੁਤੀ ਕਰਨਾ ਹੀ ਨਹੀਂ ਹੁੰਦਾ ਸਗੋਂ ਵਿਸ਼ੇਸ਼ ਪਾਠ ਦੇ ਸਿਰਜਣਹਾਰੇ ਆਮ ਨਿਯਮਾਂ ਦੀ ਵਿਆਖਿਆ ਕਰਨਾ ਵੀ ਹੁੰਦਾ ਹੈ। ਸ਼ਾਬਦਿਕ ਪੱਖ ਨੂੰ ਵਿਸਤਾਰ ਦਿੰਦਾ ਹੋਇਆ ਤੋਦੋਰੋਵ ਇਸ ਦੇ ਤਿੰਨ ਵਰਗਾਂ ਦੀਗੱਲ ਕਰਦਾ ਹੈ–

1. ਵਿਧੀ ਦਾ ਪ੍ਰਵਰਗ
2. ਕਾਲ ਦਾ ਪ੍ਰਵਰਗ

3. ਪਰਿਪੇਖ ਦਾ ਪ੍ਰਵਰਗ

**(1) ਵਿਧੀ ਦਾ ਪ੍ਰਵਰਗ:**

ਇਸ ਪਾਠ ਵਿਚ ਆਈਆਂ ਘਟਨਾਵਾਂ ਦੀ ਮੌਜੂਦਗੀ ਦੀ ਮਾਤਰਾ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਘਟਨਾਵਾਂ ਦੀ ਮੌਜੂਦਗੀ ਵਿਭਿੰਨ ਵਿਧੀਆਂ ਦੁਆਰਾ ਪ੍ਰਸਤੁਤ ਕੀਤੀ ਜਾਂਦੀ ਹੈ ਪਰ ਇਹਨਾਂ ਵਿਚੋਂ ਤਿੰਨ ਪ੍ਰਮੁੱਖ ਹਨ:

(ੳ) ਸਿੱਧੀ ਵਿਧੀ :- ਇਸ ਵਿਚ ਘਟਨਾਵਾਂ ਦੀ ਸਿੱਧੀ ਪੇਸ਼ਕਾਰੀ ਹੁੰਦੀ ਹੈ।

(ਅ) ਅਸਿੱਧੀ ਵਿਧੀ:-ਇਸ ਵਿਚ ਪ੍ਰਵਚਨਿਕ ਵੱਥ ਵਕਤੇ ਦੇ ਬਿਰਤਾਂਤ ਰਾਹੀਂ ਉਸਾਰੀ ਜਾਂਦੀ ਹੈ।

(ੲ) ਸੁਣਾਉਣ ਦੀ ਵਿਧੀ :- ਇਸ ਵਿਚ ਸੂਚਨਾ ਪਾਤਰਾਂ ਦੇ ਸ਼ਬਦਾਂ ਰਾਹੀਂ ਵਿਅਕਤ ਕੀਤੀ ਜਾਂਦੀ ਹੈ।

**(2) ਕਾਲ ਦਾ ਪ੍ਰਵਰਗ:**

ਕਾਲ ਦਾ ਪ੍ਰਵਰਗ ਵਚਨ ਨੂੰ ਗਲਪ ਵਿਚ ਤਬਦੀਲ ਕਰਨ ਵਿਚ ਸਹਾਇਤਾ ਕਰਦਾ ਹੈ ਤੋਦੋਰੋਵ ਕਾਲ ਦੇ ਪ੍ਰਵਰਗ ਨੂੰ ਵਿਉਂਤ (Order), ਮਿਆਦ (Duration) ਅਤੇ ਬਾਰੰਬਾਰਤਾ (Frequency) ਅਧੀਨ ਵਿਚਾਰਦਾ ਹੈ। ਵਿਉਂਤ ਵਿਚ ਪ੍ਰਵਚਨ ਦਾ ਬਿਰਤਾਂਤਣ ਕਾਲ ਕਦੇ ਵੀ ਗਲਪ ਦੇ ਬਿਰਤਾਂਤ ਕਾਲ ਦੇ ਬਿਲਕੁਲ ਬਰਾਬਰ ਨਹੀਂ ਹੁੰਦਾ। ਇਸ ਵਿਚ ਕੁਝ ਘਟਨਾਵਾਂ ਵਾਪਰਨ ਤੋਂ ਪਹਿਲਾਂ ਅਤੇ ਕੁਝ ਬਾਅਦ ਵਿਚ ਪੇਸ਼ ਕੀਤੀਆਂ ਜਾਂਦੀਆਂ ਹਨ। ਜੇਕਰ ਘਟਨਾ ਸੂਚਨਾ ਵਾਪਰਨ ਤੋਂ ਮਗਰੋਂ ਦਿੱਤੀ ਜਾਵੇ ਤਾਂ ਇਹ ਪਿੱਛਲਝਾਤ (Flash back), ਜੇ ਪਹਿਲਾਂ ਦਿੱਤੀ ਜਾਵੇ ਤਾਂ ਇਹ ਅਗਲਝਾਤ (Flash forward) ਹੈ।

ਮਿਆਦ ਵਿਚ ਵਾਪਰਨ ਸਮੇਂ ਅਤੇ ਬਿਆਨਣ ਸਮੇਂ ਨੂੰ ਆਪਸ ਵਿਚ ਤੁਲਨਾਇਆ ਜਾਂਦਾ ਹੈ। ਦੋਹਾਂ ਸਮਿਆਂ ਦੀਆਂ ਤੋਦੋਰੋਵ ਚਾਰ ਕਿਸਮਾਂ ਮੰਨਦਾ ਹੈ।

(ੳ) ਅਟਕਾਅ (Pause)

(ਅ) ਸ਼ਬਦ ਲੋਪ (Ellipsis)

(ੲ) ਦ੍ਰਿਸ਼ (Scene)

(ਸ) ਸੰਖੇਪ (Summary)

ਪ੍ਰਵਚਨੀ ਸਮੇਂ ਗਲਪੀ ਸਮੇਂ ਦੇ ਵਿਚਲੇ ਘਟਨਾਵੀ ਦੁਹਰਾਓ ਦੇ ਸੰਬੰਧਾਂ ਨੂੰ ਬਾਰੰਬਾਰਤਾ ਕਿਹਾ ਜਾਂਦਾ ਹੈ। ਤੋਦੋਰੋਵ ਅੱਗੋਂ ਘਟਨਾਵੀ ਵਰਤਾਰੇ ਨੂੰ ਤਿੰਨ[7] ਪਰਤਾਂ ਵਿਚ ਵਿਚਾਰਦਾ ਹੈ।

(ੳ) ਇਕਹਿਰਯੁਕਤ ਬਿਰਤਾਂਤ (Singulative Narrative)

(ਅ) ਦੁਹਰਾਉਮੂਲਕ ਬਿਰਤਾਂਤ (Representative Narrative)

(ੲ) ਬਹੁਤਾਤਮੂਲਕ ਬਿਰਤਾਂਤ (Intetitive Narrative)

**3. ਪਰਿਪੇਖ ਦਾ ਵਰਗ:**

ਗਲਪੀ ਸੰਸਾਰ ਨੂੰ ਹਮੇਸ਼ਾਂ ਹੀ ਕਿਸੇ ਸੂਖਮ ਦ੍ਰਿਸ਼ਟੀ ਜਾਂ ਪਰਿਪੇਖ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਤੋਦੋਰੋਵ ਅਨੁਸਾਰ ਅਸੀਂ ਕਿਸੇ ਘਟਨਾ ਜਾਂ ਤੱਥ ਨੂੰ ਸਮਾਜ ਵਿਚ ਵਾਪਰ ਰਹੇ ਵਰਤਾਰੇ ਜਾਂ ਰਿਵਾਜਾਂ ਦੀ ਸ਼ਕਲ ਵਿਚ ਹੀ ਵੇਖਦੇ ਤੇ ਪਰਖਦੇ ਹਾਂ। ਇਸ ਲਈ ਇਕੋ ਘਟਨਾ

ਤੋਂ ਕਈ ਵਾਰ ਵੱਖ-ਵੱਖ ਵਰਤਾਰੇ ਹੋਂਦ ਵਿਚ ਆ ਜਾਂਦੇ ਹਨ।

ਇਸ ਤੋਂ ਇਲਾਵਾ ਤੋਦੋਰੋਵ ਇਕ ਹੋਰ ਪ੍ਰਵਰਗ ਵਾਚ ਦੇ ਪ੍ਰਵਰਗ ਨੂੰ ਆਪਣੇ ਅਧਿਐਨ ਵਿਚ ਸ਼ਾਮਿਲ ਕਰਦਾ ਹੈ। ਬਿਰਤਾਂਤਕ ਵਾਚ ਵਿਚ ਤੋਦੋਰੋਵ ਬਿਰਤਾਂਤਕ ਵਕਤੇ (Narrator) ਦੀ ਚਰਚਾ ਕਰਦਾ ਹੈ। ਬਿਰਤਾਂਤ ਵਿਚ ਵਕਤਾ ਹੀ ਦੱਸਦਾ ਹੈ ਕਿ ਪਾਤਰ ਕੀ ਬੋਲਦੇ ਹਨ। ਬਿਰਤਾਂਤਕ ਵਕਤਾ ਦਾ ਇਕ ਜ਼ਰੂਰੀ ਹਿੱਸੇਦਾਰ ਬਿਰਤਾਂਤਕ ਸਰੋਤਾ ਹੁੰਦਾ ਹੈ। ਬਿਰਤਾਂਤਕ ਵਕਤਾ ਜਿਸ ਨੂੰ ਸੰਬੋਧਿਤ ਹੁੰਦਾ ਹੈ ਜਾਂ ਬਿਰਤਾਂਤਕ ਵਕਤੇ ਦੁਆਰਾ ਪ੍ਰਸਤੁਤ ਕੀਤੀ ਜਾ ਰਹੀ ਜਾਣਕਾਰੀ ਜੋ ਗ੍ਰਹਿਣ ਕਰਦਾ ਹੈ ਉਹ ਬਿਰਤਾਂਤਕ ਸਰੋਤਾ ਅਖਵਾਉਂਦਾ ਹੈ। ਬਿਰਤਾਂਤ ਸਰੋਤਾ, ਵਕਤਾ ਅਤੇ ਪਾਠਕ ਦਰਮਿਆਨ ਇਕ ਕੜੀ ਦਾ ਕਾਰਜ ਕਰਦਾ ਹੈ ਜੋ ਬਿਰਤਾਂਤੀਕਰਨ ਦੇ ਪ੍ਰਬੰਧ ਨੂੰ ਉਘਾੜਨ ਵਿਚ ਸਹਾਈ ਹੁੰਦਾ ਹੈ।

ਕਿਸੇ ਵੀ ਬਿਰਤਾਂਤਕ ਰਚਨਾ ਨੂੰ ਵਿਸ਼ਲੇਸ਼ਿਤ ਕਰਨ ਲਈ ਜਿੰਨਾਂ ਬਿਰਤਾਂਤਕ ਵਕਤਾ ਪਾਠ ਵਿਚੋਂ ਉਭਾਰਨਾ ਜ਼ਰੂਰੀ ਹੈ ਉਨਾਂ ਹੀ ਬਿਰਤਾਂਤ ਸਰੋਤੇ ਦਾ ਅਧਿਐਨ ਕਰਨਾ ਵੀ ਜ਼ਰੂਰੀ ਹੈ ਕਿਉਂਕਿ ਰਚਨਾ ਵਿਚਲੀ ਆਪਣੀ ਹੋਂਦ ਲਈ ਇਹ ਦੋਵੇਂ ਹੀ ਇਕ ਦੂਜੇ ਦਾ ਪੂਰਕ ਬਣਦੇ ਹਨ ਅਤੇ ਰਚਨਾ ਦੇ ਰਚਨਾਤਮਕ ਅਰਥਾਂ ਨੂੰ ਪਾਠਕ/ਸਰੋਤੇ ਤੱਕ ਸੰਚਾਰਿਤ ਕਰਦੇ ਹਨ। ਪਾਠ ਦੀ ਸਮੁੱਚੀ ਬਣਤਰ ਵਿਚਲੀਆਂ ਲਘੂਤਮ ਇਕਾਈਆਂ ਨੂੰ ਤੋਦੋਰੋਵ ਵਾਕ ਦੇ ਪ੍ਰਵਰਗ ਵਿਚ ਰੱਖਦਾ ਹੈ ਜਿਸ ਵਿਚ ਉਹਨਾਂ ਦੇ ਆਪਸੀ ਸੰਬੰਧਾਂ ਨੂੰ ਦੋ ਭਾਗਾਂ ਵਿਚ ਵਿਭਾਜਿਤ ਕਰਦਾ ਹੈ-

> (1) ਤਾਰਕਿਕ ਤੇ ਸਾਮਿਅਕ ਤਰਤੀਬ (2) ਅਧੀਨ ਤੇ ਸਥਾਨਮਈ ਤਰਤੀਬ।ਇਸ ਤਰ੍ਹਾਂ ਤੋਦੋਰੋਵ ਨੇ ਬਿਰਤਾਂਤਕ ਪਾਠ ਨੂੰ ਵਿਸ਼ਲੇਸ਼ਿਤ ਕਰਨ ਹਿਤ ਉਪਰੋਕਤ ਤਿੰਨ ਪ੍ਰਮੁੱਖ ਪ੍ਰਵਰਗ ਦਿੱਤੇ ਜਿਹਨਾਂ ਦਾ ਬਿਰਤਾਂਤ ਸ਼ਾਸਤਰ ਵਿਚ ਅਹਿਮ ਸਥਾਨ ਹੈ।[7]

ਮੀਕਬਲ ਅਜਿਹੀ ਚਿੰਤਕ ਹੈ ਜਿਸ ਨੇ ਬਿਰਤਾਂਤ ਸ਼ਾਸਤਰ ਦੇ ਮਾਡਲਾਂ ਉੱਪਰ ਬਿਰਤਾਂਤ ਸ਼ਾਸਤਰੀ ਚਿੰਤਕਾਂ ਦੁਆਰਾ ਕੀਤੀ ਅਧੂਰੀ ਚਰਚਾ ਨੂੰ ਪੂਰਾ ਕੀਤਾ। ਉਸਨੇ ਬਿਰਤਾਂਤ ਸ਼ਾਸਤਰੀ ਚਿੰਤਨ ਵਿਚ ਫੇਬੁਲਾ (Fabula), ਕਹਾਣੀ (Story) ਅਤੇ ਪਾਠ (Text) ਵਿਚ ਅੰਤਰ ਨਿਖੇੜ ਸਥਾਪਿਤ ਕੀਤਾ। ਉਸ ਅਨੁਸਾਰ ਬਿਰਤਾਂਤ ਭਾਸ਼ਾਈ ਚਿਹਨਾਂ ਦਾ ਇਕ ਸੰਰਚਨਿਤ ਅਤੇ ਸੰਗਠਿਤ ਪਾਠ ਹੈ ਜਿਸ ਵਿਚ ਕਰਿੰਦੇ (Agent) ਦਾ ਅਹਿਮ ਸਥਾਨ ਹੈ। ਇਕ ਖਾਸ ਢੰਗ ਨਾਲ ਪ੍ਰਸਤੁਤ ਹੋਈ ਕਹਾਣੀ ਫੇਬੁਲਾ ਹੈ। ਕਾਲਕ੍ਰਮਿਕ ਅਤੇ ਤਾਰਕਿਕ ਢੰਗ ਨਾਲ ਰਚਨਾ ਵਿਚ ਘਟ ਰਹੀਆਂ ਘਟਨਾਵਾਂ ਹੀ ਫੇਬੁਲਾ ਹੁੰਦੀਆਂ ਹਨ। ਇਕ ਸਥਿਤੀ ਤੋਂ ਦੂਜੀ ਸਥਿਤੀ ਤੱਕ ਦਾ ਰੂਪਾਂਤਰਣ ਘਟਨਾ ਅਖਵਾਉਂਦੀ ਹੈ ਜਿਹਨਾਂ ਜ਼ਰੀਏ ਕਾਰਜ ਹੁੰਦਾ ਹੈ ਭਾਵ ਕਰਿੰਦੇ ਪਾਤਰ ਹੁੰਦੇ ਹਨ ਅਤੇ ਕਿਸੇ ਵੀ ਘਟਨਾ ਦਾ ਘਟਣਾ ਜਾਂ ਵਾਪਰਨਾ ਕਾਰਜ ਅਖਵਾਉਂਦਾ ਹੈ। ਹਰ ਇਕ ਫੇਬੁਲਾ ਦੇ ਤਿੰਨ ਪੜਾਅ ਮੰਨੇ ਜਾ ਸਕਦੇ ਹਨ।"[8]

1) ਪ੍ਰਕਿਰਿਆ ਦੀ ਸੰਭਾਵਨਾ (Possibility)

2) ਘਟਨਾ (Event)

3) ਨਤੀਜਾ (Result)

ਮੀਕਬਲ ਫੇਬੁਲਾ ਦੇ ਅਧੀਨ ਹੀ ਘਟਨਾਵੀ ਸੰਗਠਨ ਦੀਆਂ ਚਾਰ ਵਿਧੀਆਂ ਪ੍ਰਸਤੁਤ

ਕਰਦੀ ਹੈ:

1) ਤਣਾਓ ਦੇ ਅਨੁਸਾਰ

2) ਪਾਤਰਾਂ ਦੀ ਪਛਾਣ ਦੇ ਆਧਾਰ 'ਤੇ

3) ਸਮੇਂ ਦੀ ਚਾਲ ਦੇ ਵਿਰੋਧ ਵਿਚ

4) ਸਥਾਨ ਦੇ ਆਧਾਰ 'ਤੇ ਫੇਬੁਲਾ ਵਿਚ ਘਟਨਾਵਾਂ ਤੋਂ ਬਾਅਦ ਅਗਲਾ ਪ੍ਰਮੁੱਖ ਆਸਪੈਕਟ ਪਾਤਰ ਹਨ ਕਿਉਂਕਿ ਘਟਨਾਵਾਂ ਦੀ ਚੋਣ ਅਤੇ ਸਮੇਂ ਦੀ ਵਿਉਂਤ ਦਾ ਕੇਂਦਰ ਬਿੰਦੂ ਪਾਤਰ ਹੀ ਬਣਦੇ ਹਨ। ਮੀਕਬਲ ਅਨੁਸਾਰ:

> "ਪਾਤਰ ਹਮੇਸ਼ਾਂ ਕਿਸੇ ਉਦੇਸ਼ ਵੱਲ ਪ੍ਰੇਰਿਤ ਹੁੰਦੇ ਹਨ। ਇਹਨਾਂ ਦੇ ਸੰਬੰਧਾਂ ਬਿਨਾਂ ਪ੍ਰਕਿਰਿਆ ਸੰਭਵ ਨਹੀਂ ਅਤੇ ਪ੍ਰਕਿਰਿਆ ਦੀ ਬਣਤਰ ਬਿਨਾਂ ਫੇਬੁਲਾ ਰਚੀ ਨਹੀਂ ਜਾ ਸਕਦੀ।"[9]

ਘਟਨਾਵਾਂ ਤੋਂ ਬਾਅਦ ਮੀਕਬਲ ਫੇਬੁਲਾ ਵਿਚ ਸਮਾਂ ਅਤੇ ਸਥਾਨ ਦੀ ਮਹੱਤਤਾ ਨੂੰ ਵੀ ਆਪਣੇ ਚਿੰਤਨ ਵਿਚ ਸ਼ਾਮਿਲ ਕਰਦੀ ਹੈ। ਸਮਾਂ ਅਤੇ ਸਥਾਨ ਫੇਬੁਲਾ ਦੇ ਸਥਿਤੀਸ਼ੀਲ ਅੰਸ਼ਾਂ ਵਿਚੋਂ ਮਹੱਤਵਪੂਰਨ ਤੱਤ ਹਨ। ਸਮਾਂ ਕਿਸੇ ਸਥਾਨ ਤੇ ਘਟਨਾ ਦੀ ਤਬਦੀਲੀ ਵਿਚ ਹੀ ਵਾਪਰਦਾ ਹੈ। ਘਟਨਾਵਾਂ ਵਾਪਰਨ ਵਿਚ ਕੁਝ ਸਮਾਂ ਲਗਾਉਂਦੀਆਂ ਹਨ ਭਾਵ ਕਿਸੇ ਸਮੇਂ ਦੀ ਤਰਤੀਬ ਵਿਚ ਘਟਦੀਆਂ ਹਨ। ਫੇਬੁਲਾ ਵਿਚ ਸਮੇਂ ਦੀ ਮਿਆਦ ਨੂੰ ਦੋ ਤਰ੍ਹਾਂ ਨਾਲ ਦਰਸਾਇਆ ਗਿਆ ਹੈ।

(1) ਥੋੜ੍ਹਚਿਰੀ ਮਿਆਦ – ਵਿਚ ਘਟਨਾਵਾਂ ਨੂੰ ਸੰਖੇਪ ਕਰਕੇ ਦਿਖਾਇਆ ਜਾਂਦਾ ਹੈ।

(2) ਵਿਕਾਸਮਈ ਮਿਆਦ–ਵਿਚ ਘਟਨਾਵਾਂ ਦੇ ਵਿਕਾਸ ਨੂੰ ਦਰਸਾਇਆ ਜਾਂਦਾ ਹੈ।

ਕਹਾਣੀ ਮੀਕਬਲ ਦੀਆਂ ਬਿਰਤਾਂਤਕ ਪਰਤਾਂ ਦਾ ਦੂਜਾ ਤੱਤ ਹੈ। ਫੇਬੁਲਾ ਵਿਚ ਘਟਨਾਵਾਂ ਦੀ ਤਰਤੀਬ ਕਾਲਕ੍ਰਮਿਕ ਹੁੰਦੀ ਹੈ ਜਦੋਂ ਕਿ ਕਹਾਣੀ ਵਿਚ ਘਟਨਾਵਾਂ ਦੀ ਪੇਸ਼ਕਾਰੀ ਵੱਖਰੀ ਅਤੇ ਵਿਉਂਤ ਵਿਚ ਹੁੰਦੀ ਹੈ। ਫੇਬੁਲਾ ਵਿਚ ਘਟਨਾਵਾਂ ਦੀ ਤਰਤੀਬ ਅਤੇ ਕਹਾਣੀ ਵਿਚਲੀ ਤਰਤੀਬ ਦੇ ਅੰਤਰ ਨੂੰ ਕ੍ਰਮਗਤ ਪਰਾਹਨ (chronological deviation) ਕਿਹਾ ਜਾਂਦਾ ਹੈ। ਕਹਾਣੀ ਵਿਚ ਰਫ਼ਤਾਰ ਦੀ ਵੀ ਅਹਿਮ ਭੂਮਿਕਾ ਹੁੰਦੀ ਹੈ ਜਿਸ ਨੂੰ ਮੀਕਬਲ ਨੇ ਤਾਲ ਦਾ ਨਾਮ ਪ੍ਰਦਾਨ ਕੀਤਾ ਹੈ। ਫੇਬੁਲਾ ਵਿਚ ਪੇਸ਼ ਘਟਨਾਵਾਂ ਦਾ ਵਾਪਰਨ ਸਮਾਂ ਅਤੇ ਕਹਾਣੀ ਵਿਚ ਘਟਨਾਵਾਂ ਦੀ ਪੇਸ਼ਕਾਰੀ ਵਿਚਕਾਰਲੇ ਸਮੇਂ ਦੀ ਆਪਸੀ ਤੁਲਨਾ ਵਿਚੋਂ ਬਿਰਤਾਂਤਕ ਰਫ਼ਤਾਰ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਕਹਾਣੀ ਵਿਚ ਤਾਲ ਪੈਦਾ ਕਰਨ ਸੰਬੰਧੀ ਮੀਕਬਲ ਨੇ ਪੰਜ ਜੁਗਤਾਂ ਦਾ ਜ਼ਿਕਰ ਕੀਤਾ ਹੈ। ਮੀਕਬਲ ਨੇ ਇਸ ਤੋਂ ਅੱਗੇ ਪਾਠ (Text) ਦੀ ਗੱਲ ਕੀਤੀ ਹੈ। ਬਿਰਤਾਂਤਿਕ ਪਾਠ ਉਹ ਪਾਠ ਹੈ ਜਿਸ ਵਿਚ ਕੋਈ ਬਿਰਤਾਂਤਿਕ ਕਰਤਾ ਕਹਾਣੀ ਸੁਣਾਉਂਦਾ ਹੈ। ਮੀਕਬਲ ਅਨੁਸਾਰ,

> "ਬਿਰਤਾਂਤਿਕ ਏਜੈਂਟ ਉਹ ਹੁੰਦਾ ਹੈ ਜੋ ਪਾਠ ਵਿਚਲੇ ਭਾਸ਼ਾਈ ਚਿਹਨਾਂ ਨੂੰ ਉਚਾਰਦਾ ਹੈ।"[10]

ਕਹਾਣੀ ਦੇ ਪੱਧਰ ਤੇ ਫੋਕਸੀਕਰਨ ਦੀ ਮਹੱਤਤਾ ਨੂੰ ਉਜਾਗਰ ਕਰਦੀ ਹੋਈ ਮੀਕਬਲ ਲਿਖਦੀ ਹੈ,

"ਕਹਾਣੀ ਵਿਚ ਪੇਸ਼ ਤੱਤਾਂ ਅਤੇ ਪੇਸ਼ਕਾਰੀ ਦੀ ਦ੍ਰਿਸ਼ਟੀ ਵਿਚਲੇ ਸੰਬੰਧਾਂ ਨੂੰ ਫੋਕਸੀਕਰਨ ਕਿਹਾ ਜਾਂਦਾ ਹੈ। ਜਿਸ ਨੁਕਤਾ ਨਿਗਾਹ ਤੋਂ ਕਹਾਣੀ ਦਾ ਕਿਰਦਾਰ/ਕਰਿੰਦਾ ਵੇਖਦਾ ਹੈ ਉਸ ਵਰਤਾਰੇ ਪ੍ਰਤੀ ਕਿਰਦਾਰ ਦੀ ਸੋਚ ਨੂੰ ਫੋਕਸੀਕਰਣ ਦਾ ਨਾਮ ਦਿੱਤਾ ਜਾਂਦਾ ਹੈ।"[11]

ਮੀਕਬਲ ਤਿੰਨ ਪੱਧਰਾਂ ਉੱਤੇ ਤਿੰਨ ਕਰਿੰਦਿਆਂ ਦੀ ਪਛਾਣ ਕਰਦੀ ਹੈ- ਫੇਬੁਲਾ ਪੱਧਰ 'ਤੇ ਪਾਤਰ, ਕਹਾਣੀ ਪੱਧਰ 'ਤੇ ਫੋਕਸ ਕਰਤਾ ਅਤੇ ਪਾਠ ਪੱਧਰ 'ਤੇ ਬਿਰਤਾਂਤ-ਵਕਤਾ। ਬਿਰਤਾਂਤ ਵਿਚ ਕੁਝ ਗੈਰ ਬਿਰਤਾਂਤਕ ਟਿੱਪਣੀਆਂ (Non Narrative comments) ਵੀ ਹੁੰਦੀਆਂ ਹਨ ਜੋ ਪਾਠ ਵਿਚ ਆਪਣੀ ਭੂਮਿਕਾ ਨਿਭਾਉਂਦੀਆਂ ਹਨ ਜਿਵੇਂ ਦ੍ਰਿਸ਼, ਵਰਣਨ, ਸਲਾਹ, ਵਿਚਾਰਧਾਰਾ ਆਦਿ। ਇਹ ਭਾਵੇਂ ਗ਼ੈਰ-ਬਿਰਤਾਂਤਕ ਵਰਤਾਰਾ ਹੈ ਪਰ ਇਸ ਦੀ ਬਿਰਤਾਂਤ ਵਿਚ ਅਹਿਮ ਭੂਮਿਕਾ ਹੁੰਦੀ ਹੈ।

ਉਪਰੋਕਤ ਵਰਣਨ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਬਿਰਤਾਂਤ ਸ਼ਾਸਤਰ ਦੇ ਮਾਡਲ ਸੰਬੰਧੀ ਮੁਢਲੀ ਚੇਤਨਾ ਵੀਹਵੀਂ ਸਦੀ ਵਿਚ ਹੀ ਪੈਦਾ ਹੋਈ। ਬਿਰਤਾਂਤ ਸ਼ਾਸਤਰੀਆਂ ਨੇ ਕਿਸੇ ਵੀ ਰਚਨਾ ਦਾ ਬਿਰਤਾਂਤਕ ਮਾਡਲ ਉਸਾਰਨ ਹਿਤ ਕੁਝ ਵਿਸ਼ੇਸ਼ ਪ੍ਰਕਾਰ ਦੇ ਨਿਯਮ ਪ੍ਰਸਤੁਤ ਕੀਤੇ ਹਨ ਜਿਹਨਾਂ ਦੇ ਆਧਾਰ 'ਤੇ ਹੀ ਕਿਸੇ ਰਚਨਾ ਦੇ ਸਮੁੱਚੇ ਸੰਗਠਨ ਦੀਆਂ ਵਿਭਿੰਨ ਪਰਤਾਂ ਨੂੰ ਡੀਕੋਡ ਕੀਤਾ ਜਾ ਸਕਦਾ ਹੈ। ਬਿਰਤਾਂਤ ਸ਼ਾਸਤਰੀ ਚਿੰਤਕਾਂ ਵਿਚੋਂ ਵਾਲਦੀਮੀਰ ਪ੍ਰਾਪ, ਕਲਾਦ ਲੈਵੀ ਸਤ੍ਰਾਸ, ਰੋਲਾਂ ਬਾਰਤ, ਗਰੇਮਾਸ, ਤੋਦੋਰੋਵ, ਜੈਨੇ, ਪ੍ਰਿੰਸ ਅਤੇ ਮੀਕਬਲ ਆਦਿ ਜਿਨ੍ਹਾਂ ਨੇ ਬਿਰਤਾਂਤ-ਸ਼ਾਸਤਰ ਦਾ ਵਿਸਤਰਿਤ ਅਧਿਐਨ ਕੀਤਾ ਹੈ। ਇਹਨਾਂ ਬਿਰਤਾਂਤ-ਸ਼ਾਸਤਰੀ ਚਿੰਤਕਾਂ ਦੇ ਵਿਚਾਰਾਂ ਵਿਚ ਕੁਝ ਵੱਖਰਤਾਵਾਂ ਦੇ ਬਾਵਜੂਦ ਬੁਨਿਆਦੀ ਸਾਂਝਾ ਪਾਈਆਂ ਜਾਂਦੀਆਂ ਹਨ।

**ਹਵਾਲੇ ਅਤੇ ਟਿੱਪਣੀਆਂ**


1. Gerald Prince, Narratology : The Form and Function of Narrative, page 164
2. ਜਗਬੀਰ ਸਿੰਘ , ਪੰਜਾਬੀ ਗਲਪ ਸੰਸਾਰ , ਪੰਨਾ 88
3. ਸੁਖਪਾਲ ਸਿੰਘ ਥਿੰਦ , ਬਿਰਤਾਂਤ ਸ਼ਾਸਤਰ : ਉੱਤਰ ਆਧੁਨਿਕ ਪਰਿਪੇਖ, ਪੰਨਾ 61
4. Roland Barthes , Image , Music , Text , Page 88
5. Ibid, page 122
6. Tzvetan Todorov, Introduction to poetics , page 42
7. Ibid , page 31
8. Mieke Bal, Narratology: Introduction to the theory of Narrative, Page 22
9. Ibid, page 29
10. Ibid, page 119
11. Ibid, page 105

# 'ਧਰਤੀ ਹੇਠਲਾ ਬਲਦ'-ਇਕ ਲੋਕਧਾਰਾਈ ਅਧਿਐਨ

**-ਡਾ. ਤੇਜਿੰਦਰ ਸਿੰਘ**

ਸਾਹਿਤ ਮਨੁੱਖ ਦੀ ਇੱਕ ਮਹਾਨ ਸਾਂਸਕ੍ਰਿਤਕ ਪ੍ਰਾਪਤੀ ਹੈ। ਕਿਸੇ ਖਿੱਤੇ ਦਾ ਸਾਹਿਤ ਜਿੰਨਾ ਵਧੇਰੇ ਪਰੰਪਰਕ ਰੂੜ੍ਹੀਆਂ ਅਤੇ ਲੋਕ ਸੰਸਕ੍ਰਿਤੀ ਦੀਆਂ ਪ੍ਰੇਰਨਾਵਾਂ ਤੋਂ ਸ਼ਕਤੀ ਗ੍ਰਹਿਣ ਕਰਦਾ ਹੈ ਓਨਾ ਹੀ ਵਧੇਰੇ ਪ੍ਰਵਾਨਗੀ ਪ੍ਰਾਪਤ ਕਰਦਾ ਹੈ ਅਤੇ ਸੰਬੰਧਿਤ ਖਿੱਤੇ ਦੇ ਲੋਕਾਂ ਦੀਆਂ ਅੰਤਰ ਪ੍ਰੇਰਨਾਵਾਂ ਦੀ ਥਾਹ ਪਾ ਸਕਣ ਦੇ ਸਮਰੱਥ ਹੁੰਦਾ ਹੈ। ਕਿਸੇ ਜਾਤੀ ਜਾਂ ਸਮੂਹ ਵੱਲੋਂ ਕਿਸੇ ਸਾਹਿਤਕ ਕਿਰਤ ਨੂੰ ਦਿੱਤੀ ਗਈ ਸਵੀਕ੍ਰਿਤੀ ਪਿੱਛੇ ਉਸ ਜਾਤੀ ਦੀ ਵਿਸ਼ੇਸ਼ ਸਾਹਿਤਕ ਮਾਨਸਿਕਤਾ ਅਤੇ ਉਸ ਜਾਤੀ ਦੇ ਸਾਂਸਕ੍ਰਿਤਕ ਵਿਕਾਸ ਵਿਚੋਂ ਉਪਜੀਆਂ ਰੂੜ੍ਹੀਆਂ ਦੇ ਕਲਾਤਮਕ ਰੂਪਾਂਤਰਣ ਵਿੱਚ ਨਿਹਿਤ ਹੁੰਦੀ ਹੈ। ਜਦੋਂ ਕੋਈ ਲੇਖਕ ਕਿਸੇ ਖਿੱਤੇ ਦੇ ਲੋਕਾਂ ਦੀਆਂ ਅਚੇਤ ਮਾਨਤਾਵਾਂ ਅਤੇ ਪ੍ਰਵਿਰਤੀਆਂ, ਜੀਵਨ ਜਿਊਣ ਦੇ ਸਲੀਕੇ, ਸੱਧਰਾਂ, ਆਸਾਂ, ਸੁਪਨਿਆਂ ਨੂੰ ਆਪਣੀ ਰਚਨਾ ਰਾਹੀਂ ਉਜਾਗਰ ਕਰ ਦੇਵੇ ਤਾਂ ਉਹ ਰਚਨਾ ਸੰਬੰਧਿਤ ਖਿੱਤੇ ਕੌਮ ਜਾਂ ਸਮੂਹ ਦੇ ਲੋਕ ਆਪਣੇ ਚੇਤਿਆਂ ਵਿੱਚ ਸਾਂਭ ਲੈਂਦੇ ਹਨ। ਜਦੋਂ ਕਿਸੇ ਵਸ਼ਿਸ਼ਟ ਲੇਖਕ ਦੁਆਰਾ ਵਸ਼ਿਸ਼ਟ ਸਾਹਿਤ ਰਚਨਾ ਰਚਦਿਆਂ ਸਿਰਜੀ ਗਈ ਕ੍ਰਿਤ ਆਪਣੇ ਖਿੱਤੇ ਦੇ ਲੋਕ ਸਮੂਹ ਦੇ ਸਮੂਹਿਕ ਅਵਚੇਤਨ ਦੀ ਪ੍ਰਤਿਨਿਧਤਾ ਕਰਨ ਲੱਗ ਪੈਂਦੀ ਹੈ ਤਾਂ ਉਹ ਵਸ਼ਿਸ਼ਟ ਸਾਹਿਤ ਹੁੰਦੇ ਹੋਏ ਵੀ ਲੋਕ ਮਨ ਦੀਆਂ ਧਾਰਨਾਵਾਂ ਨੂੰ ਟੁੰਬਦੀ ਰਹਿੰਦੀ ਹੈ, ਲੋਕ ਮਨ ਦੁਆਰਾ ਵਸ਼ਿਸ਼ਟ ਸਾਹਿਤ ਨੂੰ ਦਿੱਤੀ ਪ੍ਰਵਾਨਗੀ ਹੀ ਕਿਸੇ ਸਧਾਰਨ ਕ੍ਰਿਤ ਅਤੇ ਮਹਾਨ ਕ੍ਰਿਤ ਵਿਚਲਾ ਮੁਢਲਾ ਫ਼ਰਕ ਤੈਅ ਕਰਦੀ ਹੈ।

ਅਜਿਹੀ ਕਿਰਤ ਵਿੱਚ ਲੋਕ ਸਾਹਿਤ ਵਰਗੀ ਸਰਲਤਾ ਅਤੇ ਲੋਕ ਸੱਚ ਦਾ ਜਲੌਅ ਹੁੰਦਾ ਹੈ। ਲੋਕ ਰੂੜ੍ਹੀਆਂ ਦੀ ਵਰਤੋਂ ਕਾਰਨ ਇਹ ਕਿਸੇ ਜਾਤੀ ਦੀ ਸਾਹਿਤਕ ਸੰਸਕ੍ਰਿਤੀ ਦੀਆਂ ਪ੍ਰੇਰਨਾਵਾਂ ਨੂੰ ਜਗ੍ਹਾ ਦਿੰਦੀ ਹੈ। ਐਸੀ ਰਚਨਾ ਵਸ਼ਿਸ਼ਟ ਸਾਹਿਤ ਹੋਣ ਦੇ ਬਾਵਜੂਦ ਕਿਸੇ ਜਾਤੀ ਦੇ ਹਰ ਪੱਧਰ ਦੇ ਪਾਠਕ ਸਰੋਤੇ ਚਾਹੇ ਉਹ ਲੋਕ ਮਨ ਦਾ ਧਾਰਨੀ ਵਿਅਕਤੀ ਹੋਵੇ ਚਾਹੇ ਪੜਿਆ ਲਿਖਿਆ ਵਸ਼ਿਸ਼ਟ ਪਾਠਕ ਸਭ ਨੂੰ ਇਕ ਸਮਾਨ ਹੁਲਾਰਾ ਅਤੇ ਭਾਵਨਾਵਾਂ ਪ੍ਰਦਾਨ ਕਰਦੀ ਹੈ। ਸਾਹਿਤ ਦੇ ਇਸੇ ਚਰਿਤ੍ਰ ਸੰਬੰਧੀ ਡਾ. ਬੇਦੀ ਹੋਰਾਂ ਦਾ ਮਤ ਹੈ ਕਿ

> "ਹਰੇਕ ਜਾਤੀ ਦੇ ਸਾਹਿਤ ਦਾ ਆਧਾਰ ਕੁੱਝ ਵਿਸ਼ੇਸ਼ ਰੂੜ੍ਹੀਆਂ ਜਾਂ ਮੋਟਿਫ਼ (Motif) ਹੁੰਦੇ ਹਨ, ਜੋ ਉਸ ਜਾਤੀ ਦੇ ਚਿਹਨ ਚਰਿਤ੍ਰ, ਜੀਵਨ ਵਿਹਾਰ, ਸੰਸਕ੍ਰਿਤਕ ਪਸਾਰ, ਸਮੂਹਿਕ ਅਨੁਭਵ ਅਤੇ ਆਦਰਸ਼, ਸੰਘਰਸ਼ ਅਤੇ ਲੋਚਾ ਦੀ ਇਤਿਹਾਸਕ ਯਾਤਰਾ ਵਿਚੋਂ ਤੁਰਦੇ ਹਨ। ਜਾਤੀ ਦਾ ਜੀਵਨ ਪ੍ਰਾਣ ਹੋਣ ਕਰਕੇ ਇਹ ਮੋਟਿਫ਼ ਉਸਦੇ ਸਾਹਿਤ ਦਾ ਗੌਰਵ ਬਣਦੇ ਹਨ ਅਤੇ ਕਲਾਤਮਿਕ ਸ਼ਕਤੀ ਵੀ ਅਤੇ ਇਹਨਾ ਮੋਟਿਫ਼ਾਂ ਦੁਆਰਾ ਹੀ ਜਾਤੀ ਅਤੇ ਉਸਦੇ ਸਾਹਿਤ ਦੇ ਸਮੂਹਿਕ ਅਸਤਿਤਵ ਦੀ ਪਛਾਣ ਕਾਇਮ ਹੁੰਦੀ ਹੈ।"[1]

ਇਸ ਪ੍ਰਕਾਰ ਹਰ ਜਾਤੀ ਦੇ ਵਿਸ਼ੇਸ਼ ਭਾਂਤ ਦੇ ਸਾਂਸਕ੍ਰਿਤਕ ਵਿਕਾਸ ਵਿਚੋਂ ਉਸਦੀ ਸਾਹਿਤਕ ਸੰਸਕ੍ਰਿਤੀ ਜਨਮ ਲੈਂਦੀ ਹੈ ਜਿਹੜੀ ਕਿ ਲੋਕ ਸੰਸਕ੍ਰਿਤੀ ਦੀਆਂ ਰੂੜ੍ਹੀਆਂ ਅਤੇ ਵਿਸ਼ੇਸ਼ ਇਤਿਹਾਸਕ ਘਟਨਾਕ੍ਰਮਾਂ ਦੀ ਉਪਜ ਹੁੰਦੀ ਹੈ। ਇਹ ਸਾਹਿਤਕ ਸੰਸਕ੍ਰਿਤੀ ਉਥੋਂ ਦੇ

ਲੋਕਾਂ ਦੀ ਵਿਸ਼ੇਸ਼ ਸਾਹਿਤਕ ਮਾਨਸਿਕਤਾ ਨੂੰ ਜਨਮ ਦਿੰਦੀ ਹੈ। ਲੋਕ ਸੰਸਕ੍ਰਿਤੀ, ਸਾਹਿਤਕ ਸੰਸਕ੍ਰਿਤੀ ਅਤੇ ਵਸ਼ਿਸ਼ਟ ਸਾਹਿਤ ਦੇ ਜਟਿਲ ਸੰਬੰਧਾਂ ਬਾਰੇ ਡਾ. ਬੇਦੀ ਹੋਰਾਂ ਦੀ ਧਾਰਨਾ ਧਿਆਨ ਦੇਣ ਯੋਗ ਹੈ ਕਿ

> "ਪੰਜਾਬ ਦਾ ਸਭਿਆਚਾਰ ਕ੍ਰਿਸ਼ੀ-ਮੂਲਕ ਅਤੇ ਪਿੰਡ ਮੁਖ ਹੋਣ ਦੇ ਨਾਤੇ ਬੁਨਿਆਦੀ ਚਰਿਤ੍ਰ ਵਿੱਚ ਲੋਕ ਸਭਿਆਚਾਰ ਹੈ ਅਤੇ ਇਸਦਾ ਸੱਚਾ ਸੁੱਚਾ ਸਰੂਪ ਪੇਂਡੂ ਜੀਵਨ ਵਿੱਚ ਹੀ ਪ੍ਰਾਪਤ ਹੈ। ਪੰਜਾਬ ਦੀ ਲੋਕ ਸੰਸਕ੍ਰਿਤੀ ਇਤਨੀ ਸਾਰਥਿਕ ਅਤੇ ਸਮ੍ਰਿਧ ਰਹੀ ਹੈ ਕਿ ਪੰਜਾਬ ਦਾ ਲਗਭਗ ਸਾਰਾ ਮਧ ਕਾਲੀਨ ਸਾਹਿਤ ਭਾਵੇਂ ਉਹ ਗੁਰ ਵਿਅਕਤੀਆਂ ਨੂੰ ਬਾਣੀ ਦੇ ਰੂਪ ਵਿੱਚ ਉਤਰਿਆ, ਭਾਵੇਂ ਸੂਫੀਆਂ ਅਤੇ ਕਿੱਸਾਕਾਰਾ ਦਾ ਅਨੁਭਵ ਹੈ, ਚਾਹੇ ਉਹ ਵਸ਼ਿਸ਼ਟ ਸਾਹਿਤ ਹੈ ਅਤੇ ਚਾਹੇ ਲੋਕ ਸਾਹਿਤ ਉਸਦੀ ਬੁਨਿਆਦੀ ਬਿਰਤੀ ਅਤੇ ਪ੍ਰਧਾਨ ਸੁਰ ਲੋਕ-ਸਭਿਆਚਾਰ ਨਾਲ ਇਕਾਗਰ ਹੈ। ਉਸ ਵਿੱਚ ਪੰਜਾਬੀਆਂ ਦਾ ਸਮੁੱਚਾ ਲੋਕ-ਮਨ ਹੀ ਪ੍ਰਤਿਬਿੰਬਤ ਹੁੰਦਾ ਰਿਹਾ ਅਤੇ ਲੋਕ ਸੁਰ ਹੀ ਪ੍ਰਵਾਹਿਤ ਰਹੀ। ਜਿਸ ਕਰਕੇ ਇਹ ਸਾਹਿਤ ਨਵੀਆਂ ਕਦਰਾਂ, ਰੁਚੀਆਂ ਅਤੇ ਦ੍ਰਿਸ਼ਟੀ ਨੂੰ ਅਪਣਾਂਦਾ ਅਤੇ ਨਵੇਂ ਅਨੁਭਵ ਖੇਤਰਾਂ ਵਿੱਚ ਵਿਚਰਦਾ ਵੀ ਲੋਕ ਪਰੰਪਰਾ ਨਾਲ ਜੁੜਿਆ ਰਹਿਆ। ਪਰੰਪਰਾ ਅਤੇ ਨਵੀਨਤਾ ਦਾ ਸੰਯੋਗ ਹੀ ਇਸਦੀ ਸ਼ਕਤੀ, ਪਛਾਣ ਅਤੇ ਵਿਲੱਖਣਤਾ ਰਹੀ।"[2]

ਇਸ ਪ੍ਰਕਾਰ ਪੰਜਾਬੀਆਂ ਦੀ ਸਾਹਿਤਕ ਮਾਨਸਿਕਤਾ ਲੋਕਧਾਰਾਈ ਬਿਰਤੀਆਂ ਤੋਂ ਸਿੰਜਤ ਹੈ ਅਤੇ ਲੋਕ ਮਨ ਦੀਆਂ ਪ੍ਰੇਰਨਾਵਾਂ ਦੀ ਧਾਰਨੀ ਹੈ। ਪੰਜਾਬੀ ਸਾਹਿਤ ਆਪਣੇ ਵਿਸ਼ੇ ਅਤੇ ਰੂਪ ਪੱਖੋਂ ਵੀ ਲੋਕਧਾਰਾਈ ਬਿਰਤੀਆਂ ਦਾ ਅਨੁਸਰਣ ਕਰਦਾ ਹੈ। ਇਹੋ ਲੋਕ ਤੱਤ ਵਸ਼ਿਸ਼ਟ ਸਾਹਿਤ ਦੀ ਸ਼ਕਤੀ ਅਤੇ ਪ੍ਰਾਣ ਹੁੰਦੇ ਹਨ। ਇਹਨਾਂ ਤੱਤਾਂ ਕਾਰਨ ਹੀ ਕਿਸੇ ਜਾਤੀ ਦਾ ਵਸ਼ਿਸ਼ਟ ਸਾਹਿਤ ਉਹਨਾਂ ਦੀਆਂ ਅਚੇਤਨ ਖਾਹਿਸ਼ਾਂ, ਸੁਪਨਿਆਂ ਅਤੇ ਭਾਵਨਾਵਾਂ ਦਾ ਸੱਚਾ ਸੁੱਚਾ ਪ੍ਰਗਟਾਵਾ ਕਰਨ ਦੇ ਸਮਰਥ ਹੁੰਦਾ ਹੈ। ਉਪਰੋਕਤ ਵਿਚਾਰਾਂ ਦੇ ਸੰਦਰਭ ਵਿੱਚ ਅਸੀਂ ਕੁਲਵੰਤ ਸਿੰਘ ਵਿਰਕ ਰਚਿਤ ਪ੍ਰਸਿੱਧ ਕਹਾਣੀ "ਧਰਤੀ ਹੇਠਲਾ ਬਲਦ" ਦਾ ਲੋਕਧਾਰਾਈ ਅਧਿਐਨ ਕਰਾਂਗੇ। ਕਹਾਣੀ 'ਧਰਤੀ ਹੇਠਲਾ ਬਲਦ' ਆਪਣੇ ਵਿਸ਼ੇ ਵਸਤੂ ਅਤੇ ਰੂਪ ਦੋਵਾਂ ਪੱਖਾਂ ਤੋਂ ਲੋਕ ਸਾਹਿਤ ਅਤੇ ਲੋਕ ਸੰਸਕ੍ਰਿਤੀ ਨੂੰ ਆਪਣਾ ਆਧਾਰ ਬਣਾਉਂਦੀ ਹੈ।

ਰੂਪ ਦੇ ਪੱਖੋਂ ਇਹ ਕਹਾਣੀ ਆਪਣੀ ਪ੍ਰਕਿਰਤੀ ਵਿੱਚ ਮਧਕਾਲੀਨ ਕਥਾ ਪਰੰਪਰਾ ਵਿੱਚ ਪ੍ਰਚਲਿਤ ਇੱਕ ਵਿਸ਼ੇਸ਼ ਲੋਕਧਾਰਾਈ ਕਥਾ ਰੂਪ 'ਪ੍ਰਮਾਣ' ਦੀ ਬਿਰਤੀ ਦੀ ਧਾਰਨੀ ਹੈ। ਇਥੇ ਅਸੀਂ 'ਪ੍ਰਮਾਣ' ਕਥਾ ਰੂਪ ਦੀ ਪ੍ਰਕਿਰਤੀ ਅਤੇ ਪ੍ਰਕਾਰਜ ਸੰਬੰਧੀ ਸਪਸ਼ਟ ਹੋਣਾ ਚਾਹਾਂਗੇ। ਮਧਕਾਲੀਨ ਪੰਜਾਬੀ ਕਥਾ ਰੂਪਾਂ ਅਤੇ ਇਹਨਾਂ ਦੀਆਂ ਪਰੰਪਰਾਵਾਂ ਦਾ ਅਧਿਐਨ ਕਰਦੇ ਹੋਏ ਡਾ. ਬੇਦੀ 'ਪ੍ਰਮਾਣ' ਦੀ ਪ੍ਰਕਿਰਤੀ ਅਤੇ ਪ੍ਰਕਾਰਜ ਅਤੇ ਰੂਪ ਬਾਰੇ ਲਿਖਦੇ ਹਨ ਕਿ-

> "ਪ੍ਰਮਾਣ ਦੀ ਕਥਾ ਵਿਸ਼ੇਸ਼ ਪ੍ਰਕਾਰ ਦੀ ਕਥਾ ਹੈ ਜਿਸ ਵਿਚ ਕਿਸੇ ਸੰਕਲਪ, ਪਰਮਾਰਥਕ, ਗਿਆਨ, ਵਿਚਾਰ ਜਾਂ ਮਨੌਤ ਦੀ ਪ੍ਰੋੜਤਾ ਜਾਂ ਵਿਆਖਿਆ ਕੀਤੀ ਗਈ ਹੁੰਦੀ ਹੈ, ਅਥਵਾ ਸੂਖਮ ਸੰਕਲਪ, ਸਥੂਲ ਬ੍ਰਿਤਾਂਤ ਵਿੱਚ ਸਿਰਜਿਆ ਜਾਂਦਾ

ਹੈ।... ਲੋਕ ਮਨ ਨੇ ਅਨੇਕਾਂ ਸੰਕਲਪਾਂ ਨੂੰ ਜਨਮ ਦਿੱਤਾ ਜੋ ਵਿਸ਼ਵਾਸਾਂ, ਧਾਰਨਾਵਾਂ ਤੇ ਮਨੌਤਾਂ ਦੇ ਰੂਪ ਵਿੱਚ ਲੋਕਾਂ ਦੀ ਭਾਵੁਕ ਤੇ ਬੌਧਿਕ ਸੋਚਣੀ ਦਾ ਅੰਗ ਹੋਣ ਤੋਂ ਇਲਾਵਾ ਲੋਕ ਜੀਵਨ ਵਿੱਚ ਰੂੜ੍ਹੀਆਂ ਬਣਕੇ ਸਮਾਏ ਹੋਏ ਹਨ। ਇਹ ਸੰਕਲਪ ਲੋਕਾਂ ਲਈ ਪ੍ਰੇਰਨਾ ਸ੍ਰੋਤ ਵੀ ਹਨ ਜੀਵਨ ਗਤੀ ਵੀ ਤੇ ਸ਼ਕਤੀ ਵੀ ਅਤੇ ਇਨ੍ਹਾਂ ਦੁਆਰਾ ਲੋਕ ਪਰਲੋਕ ਦੇ ਦੋਵੇਂ ਸੰਸਾਰ ਇਕ ਦੂਜੇ ਨਾਲ ਜੁੜੇ ਹੋਏ ਹਨ... ਕਥਾ ਵਿੱਚ ਇਨ੍ਹਾਂ ਸੰਕਲਪਾਂ ਨੂੰ ਸਿੱਧ ਕਰਨ ਲਈ ਕਿਸੇ ਬ੍ਰਿਤਾਂਤ ਦੀ ਸਿਰਜਨਾ ਕੀਤੀ ਗਈ ਹੈ, ਜਿਨ੍ਹਾਂ ਨੂੰ 'ਪ੍ਰਮਾਣ' ਕਿਹਾ ਜਾਂਦਾ ਹੈ। ਪ੍ਰਮਾਣ ਦੀ ਕਥਾ ਉਦੇਸ਼ ਮੂਲਕ, ਇਕਹਿਰੀ ਅਤੇ ਇਕਾਗਰ ਹੁੰਦੀ ਹੈ ਅਤੇ ਇਸ ਵਿਚਲੇ ਬ੍ਰਿਤਾਂਤ ਦੀ ਰੌਚਕਤਾ ਕਿਸੇ ਰਹੱਸ ਨੂੰ ਉਜਾਗਰ ਕਰਨ ਵਿੱਚ ਹੈ।"[3]

ਉਪਰੋਕਤ ਪਰਿਭਾਸ਼ਾ ਨੂੰ ਜਦੋਂ ਅਸੀਂ 'ਧਰਤੀ ਹੇਠਲਾ ਬਲਦ' ਕਹਾਣੀ ਦੇ ਸੰਦਰਭ ਵਿੱਚ ਸਮਝਣ ਦਾ ਯਤਨ ਕਰੀਏ ਤਾਂ ਇਸ ਕਹਾਣੀ ਦਾ ਸਿਰਲੇਖ ਹੀ ਉਹ ਸੰਕਲਪ, ਪਰਮਾਰਥਕ, ਗਿਆਨ, ਵਿਚਾਰ ਜਾਂ ਮਨੌਤ ਹੈ ਜਿਸਦੀ ਵਿਆਖਿਆ ਲਈ ਇਹ ਸਾਰਾ ਬ੍ਰਿਤਾਂਤ ਸਿਰਜਿਆ ਗਿਆ ਹੈ। ਇਸ ਬ੍ਰਿਤਾਂਤ ਦੀ ਪ੍ਰਕਿਰਤੀ ਨਿਰੋਲ 'ਪ੍ਰਮਾਣ ਕਥਾ' ਦੇ ਚਰਿੱਤਰ ਦੀ ਧਾਰਨੀ ਹੈ ਜਿਸ ਵਿੱਚ ਅੰਤ 'ਤੇ ਇਕ ਰਹੱਸ ਉਜਾਗਰ ਹੁੰਦਾ ਹੈ। ਇਸ ਕਹਾਣੀ ਦਾ ਬਿਰਤਾਂਤ ਇਕਹਿਰਾ ਅਤੇ ਇਕਾਗਰ ਹੈ। ਮੋਟੀ ਮੋਟੀ ਕਹਾਣੀ ਇਹ ਹੈ ਕਿ ਇੱਕ ਫੌਜੀ ਜਿਸਦਾ ਨਾਮ ਮਾਨ ਸਿੰਘ ਹੈ ਲੜਾਈ ਦੌਰਾਨ ਮਿਲੀ ਛੁੱਟੀ ਕੱਟਣ ਫਰੰਟ ਤੋਂ ਆਪਣੇ ਪਿੰਡ ਆਇਆ ਹੈ, ਅਤੇ ਆਪਣੇ ਦੋਸਤ ਕਰਮ ਸਿੰਘ ਦੇ ਕਹਿਣ ਤੇ ਉਹ ਉਸਦੇ ਪਿੰਡ ਜਾਣ ਦਾ ਵਾਅਦਾ ਕਰਦਾ ਹੈ ਤੇ ਉਸਦੇ ਪਿੰਡ ਜਾਂਦਾ ਹੈ। ਪਰ ਕਰਮ ਸਿੰਘ ਦੇ ਘਰ ਵਿੱਚ ਉਸਦੇ ਪਰਿਵਾਰ ਵੱਲੋਂ ਕੀਤੀ ਗਈ ਦਮ ਘੁੱਟਵੀਂ ਖਾਤਰਦਾਰੀ ਉਸਨੂੰ ਬਹੁਤ ਅੱਖਰਦੀ ਹੈ। ਉਹ ਵਾਪਸ ਜਾਣ ਦੀਆਂ ਵਿਉਂਤਾਂ ਹੀ ਬਣਾ ਰਿਹਾ ਹੁੰਦਾ ਹੈ ਤਾਂ ਉਸਦੇ ਦੋਸਤ ਦੀ ਪੈਨਸ਼ਨ ਲੈ ਕੇ ਆਇਆ ਡਾਕੀਆ ਇਸ ਭੇਤ ਤੋਂ ਪਰਦਾ ਚੁੱਕਦਾ ਹੈ ਕਿ ਕਰਮ ਸਿੰਘ ਸ਼ਹੀਦ ਹੋ ਚੁੱਕਿਆ ਹੈ ਤੇ ਉਹ ਉਸਦੀ ਪਹਿਲੀ ਪੈਨਸ਼ਨ ਲੈ ਕੇ ਆਇਆ ਹੈ। ਮਾਨ ਸਿੰਘ ਨੂੰ ਸਾਰੀ ਗੱਲ ਸਮਝ ਲਗਦੀ ਹੈ ਤਾਂ ਉਸਨੂੰ ਕਰਮ ਸਿੰਘ ਦੇ ਪਰਿਵਾਰ ਦੇ ਸਬਰ ਤੇ ਦੁਖ ਜਰਨ ਦੇ ਮਾਦੇ 'ਤੇ ਹੈਰਤ ਹੁੰਦੀ ਹੈ ਕਿ ਕਿਵੇਂ ਸਿਰਫ਼ ਉਹ ਆਪਣੇ ਸ਼ਹੀਦ ਪੁੱਤ ਦੇ ਫੌਜੀ ਦੋਸਤ ਦੀ ਮਸਾਂ ਮਿਲੀ ਛੁੱਟੀ ਖਰਾਬ ਨਾ ਕਰਨ ਦੀ ਮਨਸ਼ਾ ਨਾਲ ਆਪਣਾ ਦੁੱਖ ਲਕੋਣ ਦੀ ਕੋਸ਼ਿਸ਼ ਕਰਦੇ ਹਨ। ਇਸ ਕਹਾਣੀ ਦਾ ਅੰਤ ਹੀ ਇਸਦੀ ਸਿਖਰ ਹੈ ਇਸਦੇ ਅੰਤ ਵਿੱਚ ਹੀ ਇਸਦੇ ਸਿਰਲੇਖ ਰੂਪੀ ਸੰਕਲਪ ਦੀ ਵਿਆਖਿਆ ਹੈ ਅਤੇ ਇਕ ਭੇਦ ਉਜਾਗਰ ਹੁੰਦਾ ਹੈ। ਕਹਾਣੀ ਦਾ ਅੰਤ ਇਸ ਪ੍ਰਕਾਰ ਹੈ:-

"ਫਿਰ ਮਾਨ ਸਿੰਘ ਬੋਲਿਆ, "ਤੁਸਾਂ ਮੈਨੂੰ ਆਉਂਦੇ ਹੀ ਕਿਉਂ ਨਾ ਦੱਸਿਆ?"

"ਐਵੇਂ, ਅਸਾਂ ਆਖਿਆ ਮੁੰਡਾ ਛੁੱਟੀ ਆਇਆ ਏ, ਇਹਦੀ ਛੁੱਟੀ ਖਰਾਬ ਨਾ ਹੋਵੇ। ਆਪੇ ਛੁੱਟੀ ਕੱਟਕੇ ਪਲਟਣ ਵਿੱਚ ਜਾਏਗਾ, ਸੁਣ ਲਏਗਾ। ਫੌਜੀ ਨੂੰ ਛੁੱਟੀ ਪਿਆਰੀ ਹੁੰਦੀ ਏ। ਜਿੰਨੀ ਕਰਮ ਸਿੰਘ ਨੂੰ ਪਿਆਰੀ ਸੀ ਉਨੀ ਤੈਨੂੰ ਹੋਊ ਨਾ, ਸਗੋਂ ਬਹੁਤੀ ਹੋਊ। ਬਾਰ ਦੇ ਪਿੰਡਾਂ ਦੇ ਲੋਕ ਤਾਂ ਸਾਉਣ ਦੇ ਜੰਮਪਲ ਨੇ, ਉਹਨਾਂ ਨੂੰ ਤੇ ਥੋੜ੍ਹਾ ਔਖ ਵੀ ਬਹੁਤਾ ਦਿਸਦਾ ਹੋਊ। ਪਰ ਅਸੀਂ ਗੱਲ ਲੁਕਾਣ ਵਿੱਚ ਰਤਾ ਕਾਮਯਾਬ ਨਹੀਂ ਹੋਏ। ਐਵੇਂ ਬੇਸੁਆਦੀ ਹੀ ਕੀਤੀ।

ਮੁੜਦੇ ਹੋਏ ਮਾਨ ਸਿੰਘ ਨੇ ਮਾਝੇ ਦੇ ਪਿੰਡ ਵੇਖੇ ਜਿਨ੍ਹਾਂ ਦਾ ਬਾਬਾ ਜੰਮਪਲ ਸੀ। ਇਹਨਾਂ ਦੁਆਲੇ ਬਚਾਅ ਲਈ ਕਿਲੇ ਕੋਟ ਉਸਰੇ ਹੋਏ ਸਨ, ਥਾਂ ਥਾਂ ਮੜ੍ਹੀਆ ਤੇ ਸਮਾਧਾਂ ਸਨ ਜਿਹੜੀਆਂ ਪੀਹੜੀਆਂ ਵਿੱਚ ਇਹਨਾ ਲੋਕਾਂ ਦੀ ਭਾਰਤ ਤੇ ਧਾਵਾ ਕਰਨ ਵਾਲਿਆ ਨਾਲ ਲੜਨ ਮਰਨ ਦੀਆਂ ਕਹਾਣੀਆਂ ਦੱਸਦੀਆਂ ਸਨ। ਇਸੇ ਕਰਕੇ ਬਾਬੇ ਦੀ ਸਹਿਣ-ਸ਼ਕਤੀ ਇੰਨੀ ਵਧੀ ਹੋਈ ਸੀ। ਉਹ ਦੂਜਿਆਂ ਨੂੰ ਹੌਲਾ ਰੱਖਣ ਲਈ ਆਪ ਹੋਰ ਭਾਰ ਚੁੱਕਣਾ ਚਾਹੁੰਦਾ ਸੀ। ਮਾਨ ਸਿੰਘ ਨੇ ਸੁਣਿਆ ਹੋਇਆ ਸੀ। ਕਿ ਇੱਕ ਧੌਲ ਹੈ ਜੋ ਆਪਣੇ ਸਿਰਾਂ ਤੇ ਸਾਰੀ ਧਰਤੀ ਦਾ ਭਾਰ ਚੁੱਕ ਕੇ ਖੜਾ ਰਹਿੰਦਾ ਹੈ। ਉਸਨੂੰ ਇਸ ਤਰ੍ਹਾਂ ਲੱਗਾ ਜਿਵੇਂ ਕਰਮ ਸਿੰਘ ਦਾ ਪਿਤਾ ਹੀ ਉਹ ਧੌਲ ਸੀ ਜਿਹੜਾ ਭਾਰ ਥੱਲੇ ਦੱਬਿਆ ਹੋਣ ਪਿੱਛੋਂ ਵੀ ਲੋਕਾਂ ਦਾ ਭਾਰ ਚੁੱਕਣਾ ਚਾਹੁੰਦਾ ਸੀ।"[4]

ਹੁਣ ਜੇਕਰ ਲੋਕ ਕਥਾ ਰੂਪ 'ਪ੍ਰਮਾਣ' ਦੀ ਭਾਵਨਾ ਅਨੁਰੂਪ ਵਸ਼ਿਸ਼ਟ ਸਾਹਿਤ ਦਾ ਅਧਿਐਨ ਕਰੀਏ ਤਾਂ ਇਸ ਕਹਾਣੀ ਦਾ ਸਿਰਲੇਖ 'ਧਰਤੀ ਹੇਠਲਾ ਬਲ਼ਦ' ਇਸਦਾ 'ਸੰਕਲਪ' ਹੈ, ਜਿਸਨੂੰ ਬ੍ਰਿਤਾਂਤ ਦੇ 'ਪ੍ਰਮਾਣ' ਦੁਆਰਾ ਸਿੱਧ ਕੀਤਾ ਗਿਆ ਹੈ। ਇਸ ਵਸ਼ਿਸ਼ਟ ਸਾਹਿਤ ਰਚਨਾ ਦਾ ਰੂਪਕ ਅਵਚੇਤਨ ਲੋਕ ਸਾਹਿਤ ਹੈ। ਯਕੀਨਨ 'ਪ੍ਰਮਾਣ' ਕਥਾ ਰੂਪ ਦੀ ਭਾਵਨਾ ਵਿੱਚ ਇਸ ਕਹਾਣੀ ਨੂੰ ਰਚਣਾ ਇੱਕ ਅਵਚੇਤਨ ਵਰਤਾਰਾ ਹੀ ਹੈ। ਇਸਦਾ ਕਾਰਨ ਪੰਜਾਬੀਆਂ ਦੀ ਵਿਸ਼ੇਸ਼ ਸਾਹਿਤਕ ਮਾਨਸਿਕਤਾ ਦਾ ਲੋਕਧਾਰਾਈ ਬਿਰਤੀ ਦਾ ਹੋਣਾ ਹੈ। ਦੂਸਰੇ ਇਸ ਕਹਾਣੀ ਦਾ ਸਿਰਲੇਖ (ਸੰਕਲਪ, ਪਰਮਾਰਥ) 'ਧਰਤੀ ਹੇਠਲਾ ਬਲਦ' ਪੰਜਾਬੀ ਲੋਕ ਸੰਸਕ੍ਰਿਤੀ ਵਿੱਚ ਪ੍ਰਚਲਿਤ ਅਤੇ ਲੋਕਮਨ ਵਿੱਚ ਡੂੰਘੀ ਧਸੀ ਹੋਈ ਸੰਕਲਪਨਾ ਹੈ। ਇਸ ਕਹਾਣੀ ਵਿੱਚ ਇਸ ਸੰਕਲਪਨਾ (ਧਰਤੀ ਹੇਠਲਾ ਬਲ਼ਦ) ਦੁਆਰਾ ਪੰਜਾਬੀ ਸੁਭਾਅ ਵਿੱਚ ਅਥਾਹ ਦੁੱਖ ਜਰਕੇ ਦੂਜੇ ਨੂੰ ਸੁੱਖ ਦੇਣ ਦੀ ਵਿਸ਼ੇਸ਼ ਇਨਸਾਨੀ ਕਦਰ ਨੂੰ ਉਭਾਰਿਆ ਗਿਆ ਹੈ।

ਧਰਤੀ ਨੂੰ ਕਿਸੇ ਜੀਵ ਦੁਆਰਾ ਥੰਮੇ ਹੋਣ ਦੀ ਰੂੜ੍ਹੀ ਲੋਕ ਸੰਸਕ੍ਰਿਤੀ ਵਿੱਚ ਕਈ ਰੂਪਾਂ ਵਿੱਚ ਪ੍ਰਾਪਤ ਹੁੰਦੀ ਹੈ। ਲੋਕ ਸੰਸਕ੍ਰਿਤੀ ਵਿੱਚ ਕ੍ਰਮਵਾਰ 'ਸ਼ੇਸ਼ਨਾਗ' ਅਤੇ 'ਬਲ਼ਦ' ਦੋ ਜੀਵਾਂ ਦੁਆਰਾ ਧਰਤੀ ਦਾ ਬੋਝ ਚੁੱਕੇ ਹੋਣ ਦੀ ਸੰਕਲਪਨਾ ਪ੍ਰਾਪਤ ਹੁੰਦੀ ਹੈ। ਸ਼ੇਸ਼ਨਾਗ ਸੰਬੰਧੀ ਸਾਨੂੰ ਪੁਰਾਣ ਪਰੰਪਰਾ ਵਿੱਚ ਇਹ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ

> "ਪੁਰਾਣ ਕਥਾਵਾਂ ਅਨੁਸਾਰ ਧਰਤੀ ਸ਼ੇਸ਼ਨਾਗ ਦੇ ਫਣਾਂ ਉੱਤੇ ਖੜ੍ਹੀ ਹੈ, ਪਰਲੋ ਵੇਲੇ ਵਿਸ਼ਨੂੰ ਭਗਵਾਨ ਸ਼ੇਸ਼ਨਾਗ ਦੀ ਸੇਜ ਉਤੇ ਹੀ ਨਿਵਾਸ ਕਰਦੇ ਹਨ ਅਤੇ ਸ਼ੇਸ਼ਨਾਗ ਆਪਣੇ ਹਜ਼ਾਰ ਫਣਾਂ ਨਾਲ, ਵਿਸ਼ਨੂੰ ਦੇ ਸਿਰ ਉੱਤੇ ਛਤਰ ਵਾਂਗ ਝੂਲਦਾ ਰਹਿੰਦਾ ਹੈ। ਆਦਿਮ ਮਨੁੱਖ ਦਾ ਵਿਸ਼ਵਾਸ ਸੀ ਕਿ ਸ਼ੇਸ਼ਨਾਗ ਦੇ ਇੱਕ ਹੱਥ ਵਿੱਚ ਹਲ ਅਤੇ ਦੂਜੇ ਵਿੱਚ ਮੂਸਲ ਫੜਿਆ ਹੋਣਾ, ਇਸ ਨੂੰ ਕਿਸਾਨੀ ਜੀਵਨ ਨਾਲ ਜੋੜਦਾ ਹੈ। ਪਹਿਲਿਆਂ ਵਿਚ ਕਿਸਾਨ ਪੈਲੀ ਨੂੰ ਵਾਹੁਣ, ਬੀਜਣ ਤੇ ਵੱਢਣ ਤੋਂ ਪਹਿਲਾਂ ਨਾਗ ਪੂਜਿਆ ਕਰਦੇ ਸਨ... ਰਵਾਇਤ ਹੈ ਕਿ ਪ੍ਰਾਚੀਨ ਕਾਲ ਵਿੱਚ ਔੜ ਦੇ ਦਿਨੀ, ਲੋਕ ਬੋਧੀ ਸਾਧੂਆਂ ਨਾਲ, ਨਾਗ ਦੇਵਤੇ ਅੱਗੇ ਮੀਂਹ ਲਈ ਪ੍ਰਾਰਥਨਾ ਕੀਤਾ ਕਰਦੇ ਤੇ ਨਾਗ ਦੇਵਤਾ ਉਨ੍ਹਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦਾ ਸੀ।"[5]

ਇਸ ਪ੍ਰਕਾਰ ਇਸ ਖਿੱਤੇ ਵਿੱਚ ਸਰਪ ਪੂਜਾ ਅਤੇ ਖੇਤੀ ਦਾ ਆਪਸ ਵਿੱਚ ਕੋਈ ਨਾ ਕੋਈ ਸਾਂਸਕ੍ਰਿਤਕ ਸੰਬੰਧ ਜ਼ਰੂਰ ਰਿਹਾ ਹੈ। ਮੁਢਲੀ ਖੇਤੀ ਬਾਰਿਸ਼ 'ਤੇ ਨਿਰਭਰ ਸੀ, ਔੜ ਦੇ ਖਾਤਮੇ ਲਈ 'ਨਾਗ' ਦੇਵਤਾ ਅੱਗੇ ਬੇਨਤੀ, ਫਸਲਾਂ ਦੀ ਬਿਜਾਈ ਸਮੇਂ ਪੂਜਾ ਅਤੇ ਸ਼ੇਸ਼ਨਾਗ ਦੇ ਹੱਥ ਵਿੱਚ 'ਹਲ'। ਨਾਗ ਪੂਜਾ ਨੂੰ ਖੇਤੀ ਕਰਨ ਵਾਲੇ ਸਮਾਜਾਂ ਵਿੱਚ ਪ੍ਰਚਲਤ ਹੋਣ ਦੀ ਧਾਰਨਾ ਦਾ ਸਮਰਥਨ ਕਰਦੇ ਹਨ। ਸ਼ੇਸ਼ਨਾਗ ਨਾਗਾਂ ਦਾ ਦੇਵਤਾ ਹੈ ਅਤੇ ਭਗਵਾਨ ਵਿਸ਼ਨੂੰ ਨੂੰ ਆਪਣੇ ਫਣ ਦੀ ਛਾਂ ਕਰਦਾ ਹੈ ਅਤੇ ਜਦੋਂ ਵਿਸ਼ਨੂੰ ਭਗਵਾਨ ਮਾਤਲੋਕ ਵਿੱਚ ਭਗਵਾਨ ਕ੍ਰਿਸ਼ਨ ਅਤੇ ਭਗਵਾਨ ਰਾਮ ਦੇ ਰੂਪ ਵਿੱਚ ਵਿਚਰਦੇ ਹਨ ਤਾਂ ਉਹ (ਸ਼ੇਸ਼ਨਾਗ) ਕ੍ਰਮਵਾਰ ਬਲਰਾਮ ਅਤੇ ਲਛਮਣ ਦੇ ਰੂਪ ਵਿੱਚ ਵਿਚਰਦਾ ਹੈ। "ਕ੍ਰਿਸ਼ਨ ਦੇ ਭਰਾ ਬਲਰਾਮ ਦਾ ਸ਼ਾਸਤ੍ਰ ਹਲ ਸੀ, ਜਿਸਨੂੰ ਹਮੇਸ਼ਾ ਉਹ ਆਪਣੇ ਮੋਢੇ ਉਪਰ ਚੁੱਕੀ ਰੱਖਦਾ ਸੀ।"[6]

ਉਪਰੋਕਤ ਸਾਰੀ ਚਰਚਾ ਤੋਂ ਦੋ ਤੱਥ ਵਿਸ਼ੇਸ਼ ਰੂਪ ਵਿੱਚ ਉਘੜਕੇ ਆਉਂਦੇ ਹਨ ਕਿ ਧਰਤੀ ਨੂੰ ਥੰਮ੍ਹਣ ਵਾਲੇ ਜੀਵਾਂ ਦੀ ਕਲਪਨਾ ਅਤੇ ਇਹਨਾਂ ਦਾ ਖੇਤੀ ਨਾਲ ਗਹਿਰਾ ਰਿਸ਼ਤਾ ਰਿਹਾ ਹੈ। ਸ਼ੇਸ਼ਨਾਗ ਦੇ 'ਬਲਰਾਮ' ਅਵਤਾਰ ਦੇ ਰੂਪ ਵਿੱਚ ਉਸਦਾ ਹਥਿਆਰ 'ਹਲ' ਹੋਣਾ ਇਹ ਦਰਸਾਉਂਦਾ ਹੈ ਕਿ ਇਸ ਮਿੱਥ ਦੇ ਸਿਰਜਕ ਲੋਕਾਂ ਨੇ 'ਹਲ' ਦੀ ਖੋਜ ਕਰ ਲਈ ਸੀ, ਭਾਵ ਧਰਤੀ ਨੂੰ ਖੋਦ ਕੇ ਬੀਜ ਬੀਜਣ ਲਈ ਉਹ ਜਟਿਲ ਸੰਦਾਂ ਅਤੇ ਤਕਨੀਕ ਵੱਲ ਵੱਧ ਰਹੇ ਸਨ। ਉਹਨਾਂ ਖੇਤੀ ਦਾ ਮੁਢਲਾ ਵਿਗਿਆਨ ਘੜਨਾ ਸ਼ੁਰੂ ਕਰ ਦਿੱਤਾ ਸੀ। ਪ੍ਰਕਿਰਤੀ ਨੂੰ ਵਧੇਰੇ ਯੋਜਨਾਬਧ ਤਰੀਕੇ ਨਾਲ ਮਨੁੱਖੀ ਵਰਤੋਂ ਲਈ ਇਸਤੇਮਾਲ ਕਰਨ ਦੀ ਦਿਸ਼ਾ ਵਿੱਚ ਇਹ ਵੱਡੀ ਪੁਲਾਂਘ ਸੀ। 'ਖੇਤੀ' ਸੁਚੇਤ ਦਿਸ਼ਾ ਵਿੱਚ ਤਕਨੀਕੀ ਸੰਦਾਂ ਨਾਲ ਕੀਤੀ ਜਟਿਲ ਕਿਰਤ ਦਾ ਮੁਢਲਾ ਰੂਪ ਸੀ। ਇਸ ਪੜਾਅ 'ਤੇ ਆ ਕੇ ਮਾਨਵ ਦੀ ਸੁਚੇਤ ਕਿਰਤ ਸਾਰੇ ਸਮੂਹ ਨੂੰ ਪਾਲਣ ਲੱਗੀ। ਮਾਨਵ ਦੀ ਇਸ ਕਿਰਤ ਸ਼ਕਤੀ ਦਾ ਦੈਵੀਕਰਨ ਕਰਨ ਲਈ ਹੀ ਖੇਤੀ ਲਈ ਵਰਤੇ ਗਏ ਮੁਢਲੇ ਸੰਦਾਂ ਨੂੰ ਉਸ ਸਮੇਂ ਪ੍ਰਚਲਿਤ ਮਿੱਥਕਾਂ ਦੇ ਦੈਵੀ ਪਾਤਰਾਂ ਨਾਲ ਜੋੜ ਕੇ ਉਹਨਾ ਨੂੰ ਮਹੱਤਤਾ ਪ੍ਰਦਾਨ ਕੀਤੀ ਗਈ। ਮਾਨਵ ਦੁਆਰਾ ਖੇਤੀ ਦੇ ਰੂਪ ਵਿੱਚ ਕੀਤੀ 'ਕਿਰਤ' ਨਾਲ 'ਮਾਨਵ' ਪ੍ਰਕਿਰਤੀ ਦੀ ਬਜਾਇ ਵਧੇਰੇ 'ਕੇਂਦਰ' ਵਿੱਚ ਆਉਣਾ ਸ਼ੁਰੂ ਹੋ ਗਿਆ। ਭਾਵ ਮਨੁੱਖ ਨੇ ਆਪਣੇ ਜਿਉਣ ਲਈ ਪ੍ਰਕਿਰਤੀ 'ਤੇ ਨਿਰਭਰਤਾ ਘਟਾਉਣ ਲਈ ਪ੍ਰਕਿਰਤੀ ਨੂੰ ਪਾਲਤੂ ਬਣਾਉਣ ਦਾ ਸਫਲ ਯਤਨ ਕੀਤਾ। ਮਾਨਵ ਨੇ ਪ੍ਰਕਿਰਤੀ ਵਿੱਚ ਬਨਸਪਤੀ ਦੇ ਪੈਦਾ ਹੋਣ ਦੀ ਪ੍ਰਕ੍ਰਿਆ ਦੀ ਸੁਚੇਤ ਨਕਲ ਕੀਤੀ ਅਤੇ ਮੁਢਲਾ ਧਰਤੀ ਖੋਦਣ ਦਾ ਸੰਦ 'ਹਲ' ਇਕ ਦੈਵੀ ਸਾਧਨ ਬਣ ਗਿਆ। ਸ਼ੇਸ਼ਨਾਗ ਦੇ ਹੱਥ ਵਿੱਚ 'ਹਲ' ਮਨੁੱਖੀ ਕਿਰਤ ਸ਼ਕਤੀ ਦਾ ਦੈਵੀਕਰਨ ਹੀ ਹੈ। ਜਿਵੇਂ ਸ਼ੇਸ਼ਨਾਗ ਧਰਤੀ ਦਾ ਭਾਰ ਚੁੱਕਦਾ ਹੈ ਇਸ ਖੇਤੀ ਕਰਨ ਵਾਲੇ ਕਿਰਤੀ ਨੇ ਕਬੀਲੇ ਦਾ ਭਾਰ ਚੁੱਕ ਲਿਆ। ਇਸੇ ਲਈ ਖੇਤੀ ਦੇ ਮੁਢਲੇ 'ਸੰਦਾਂ' ਨੂੰ ਧਰਤੀ ਦਾ ਭਾਰ ਚੁੱਕੀ 'ਸ਼ੇਸ਼ਨਾਗ' ਦੇ ਹੱਥ ਵਿੱਚ ਸੰਕੇਤ ਰੂਪ ਵਿੱਚ ਕਲਪਤ ਕੀਤਾ ਗਿਆ। ਮਿੱਥਾਂ ਸਾਡੇ ਸਾਂਸਕ੍ਰਿਤਕ ਵਿਕਾਸ ਸੰਬੰਧੀ ਦਿਲਚਸਪ ਜਾਣਕਾਰੀਆਂ ਪ੍ਰਦਾਨ ਕਰਦੀਆਂ ਹਨ। ਭਾਰਤੀ ਮਿੱਥਾਂ ਵਿੱਚ ਪ੍ਰਾਪਤ ਹੁੰਦੀ ਸਮੁੰਦਰ ਰਿੜਕਣ ਦੀ ਮਿੱਥ ਵਿੱਚ "ਜਦੋਂ ਅੰਮ੍ਰਿਤ ਕੱਢਣ ਲਈ ਖੀਰ ਸਾਗਰ ਨੂੰ ਮਥਿਆ ਗਿਆ ਉਦੋਂ ਸੁਮੇਰ ਪਰਬਤ ਨੂੰ ਮਥਣਾ ਤੇ ਸ਼ੇਸ਼ਨਾਗ ਨੂੰ ਨੇਤਰਾ ਬਣਾਇਆ ਗਿਆ ਸੀ।"[7]

ਇਸ ਮਿੱਥ ਦੀ ਸਿਰਜਣਾ ਕਰਨ ਵਾਲੇ ਲੋਕਾਂ ਨੇ ਦੁੱਧ ਰਿੜਕ ਕੇ ਮੱਖਣ ਕੱਢਣਾ ਸਿੱਖ

ਲਿਆ ਹੋਇਆ ਸੀ, ਇਸੇ ਦ੍ਰਿਸ਼ਟਮਾਨ ਦੀ ਵਰਤੋਂ ਕਰਦਿਆਂ ਉਹਨਾਂ ਸਮੁੰਦਰ ਰਿੜਕਣ ਦੀ ਸਾਦੀ ਮਿੱਥ ਸਿਰਜੀ। ਜੇਕਰ ਉਹਨਾਂ ਦੁੱਧ ਰਿੜਕਣ ਦੀ ਪ੍ਰਕ੍ਰਿਆ ਸਿੱਖ ਲਈ ਸੀ ਤਾਂ ਜ਼ਾਹਿਰ ਜਿਹੀ ਗੱਲ ਹੈ ਕਿ ਉਹਨਾਂ ਕੋਲ ਕਾਫ਼ੀ ਮਾਤਰਾ ਵਿੱਚ ਦੁੱਧ ਵੀ ਹੁੰਦਾ ਹੋਵੇਗਾ ਜੋ ਉਹਨਾਂ ਦੀਆਂ ਮੁਢਲੀਆਂ ਲੋੜਾਂ ਤੋਂ ਵਾਧੂ ਰਿਹਾ ਹੋਵੇਗਾ। ਇਸ ਲਈ ਜ਼ਾਹਿਰ ਹੈ ਕਿ ਉਹਨਾਂ ਦੁਧਾਰੂ ਪਸ਼ੂਆਂ ਨੂੰ ਪਾਲਤੂ ਬਣਾ ਲਿਆ ਹੋਵੇਗਾ, ਖੇਤੀ ਦੇ ਕੰਮਾਂ ਲਈ ਕਿਸੇ ਪਸ਼ੂ ਨੂੰ ਪਾਲਤੂ ਬਣਾਉਣਾ, ਦੁਧਾਰੂ ਪਸ਼ੂਆਂ ਨੂੰ ਪਾਲਤੂ ਬਣਾਉਣ ਤੋਂ ਬਾਅਦ ਦੀ ਮਨੁੱਖੀ ਪ੍ਰਾਪਤੀ ਪ੍ਰਤੀਤ ਹੁੰਦੀ ਹੈ।

ਜਿਵੇਂ ਜਿਵੇਂ ਖੇਤੀ ਦਾ ਕੰਮ ਵਧੇਰੇ ਜਟਿਲ ਹੁੰਦਾ ਗਿਆ ਪਸ਼ੂਆਂ ਤੋਂ ਖੇਤੀ ਦਾ ਕੰਮ ਕਰਵਾਇਆ ਗਿਆ, ਇਸ ਤਰ੍ਹਾਂ ਖੇਤੀ ਦਾ ਕਾਇਆ ਕਲਪ ਹੋਇਆ, ਪਸ਼ੂ ਸ਼ਕਤੀ ਨੂੰ ਤਕਨੀਕੀ ਕੰਮਾਂ ਲਈ ਵਰਤਿਆ ਗਿਆ, ਮਨੁੱਖ ਵਧੇਰੇ ਜ਼ਮੀਨ ਉਪਰ ਕਿਰਤ ਕਰਨ ਦੇ ਸਮਰਥ ਹੋਇਆ, ਜੋ ਕੰਮ ਹਰੀ ਕ੍ਰਾਂਤੀ ਵੇਲੇ ਪੰਜਾਬ ਵਿੱਚ ਟਰੈਕਟਰ ਨੇ ਕੀਤਾ ਉਹੀ ਕੰਮ ਹੱਥੀਂ ਕੰਮ ਕਰਨ ਵਾਲੇ ਆਦਿਮ ਕਿਸਾਨ ਲਈ ਪਸ਼ੂ ਨੇ ਕੀਤਾ ਹੋਵੇਗਾ। ਇਸ ਸੰਦਰਭ ਵਿੱਚ ਚਰਚਾ ਕਰੀਏ ਤਾਂ ਧਰਤੀ ਨੂੰ ਬਲਦ ਦੁਆਰਾ ਸਿੰਗਾਂ ਉਪਰ ਚੁੱਕੇ ਹੋਣ ਦੀ ਸੰਕਲਪਨਾ, ਮਨੁੱਖ ਦੀ ਇਸੇ ਸਾਂਸਕ੍ਰਿਤਕ ਪ੍ਰਾਪਤੀ ਦੇ ਪੜਾਅ ਦੀ ਜਾਪਦੀ ਹੈ ਲੋਕ ਸੰਸਕ੍ਰਿਤੀ ਵਿੱਚ ਇਕ 'ਧੌਲ਼' ਦੀ ਕਲਪਨਾ ਕੀਤੀ ਗਈ ਹੈ, ਜਿਸਨੇ ਧਰਤੀ ਨੂੰ ਆਪਣੇ ਸਿੰਗ ਉਪਰ ਚੁੱਕਿਆ ਹੋਇਆ ਹੈ ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਵਿੱਚ ਇਸ ਸੰਬੰਧੀ ਦਰਜ ਹੈ ਕਿ

> "ਧੌਲ਼-ਪੁਰਾਣਾਂ ਅਨੁਸਾਰ ਚਿੱਟੇ ਰੰਗ ਦਾ ਬਲ਼ਦ, ਜਿਸਦੇ ਸਿੰਗਾਂ ਤੇ ਸਾਰੀ ਧਰਤੀ ਥੰਮੀ ਹੋਈ ਹੈ। ਜਦੋਂ ਇਸ ਬਲ਼ਦ ਦਾ ਇੱਕ ਸਿੰਙ ਥੱਕ ਜਾਂਦਾ ਹੈ ਤਾਂ ਉਹ ਦੂਜੇ ਸਿੰਙ ਉਤੇ ਧਰਤੀ ਦਾ ਭਾਰ ਬਦਲਦਾ ਹੈ। ਜਿਸ ਕਰਕੇ ਭੂਚਾਲ਼ ਆਉਂਦੇ ਹਨ।"[8]

ਇਸ ਪ੍ਰਕਾਰ ਧਰਤੀ ਦਾ ਭਾਰ, ਬਲ਼ਦ ਦੇ ਸਿੰਗਾਂ 'ਤੇ ਪਏ ਹੋਣ ਦੀ ਕਲਪਨਾ ਵਧੇਰੇ ਸਪਸ਼ਟ ਰੂਪ ਵਿੱਚ ਖੇਤੀ ਨਾਲ਼ ਸੰਬੰਧਤ ਹੈ। ਭਾਰਤ ਦੇਸ਼ ਵਿੱਚ ਅੱਜ ਵੀ ਕਈ ਥਾਈਂ ਬਲ਼ਦਾਂ ਨਾਲ ਖੇਤੀ ਕੀਤੀ ਜਾਂਦੀ ਹੈ। ਦੂਸਰੇ 'ਧੌਲ਼' ਦੀ ਸੰਕਲਪਨਾ ਲੋਕ ਮਨ ਦੇ ਪ੍ਰਤੀਕ ਵਿਧਾਨ ਵਿੱਚੋਂ ਉਪਜੀ ਹੈ ਅਤੇ ਵਧੇਰੇ ਸਪੱਸ਼ਟ ਅਤੇ ਸਿੱਧੇ ਰੂਪ ਵਿੱਚ ਖੇਤੀ ਵਾਲ਼ੇ ਸਮਾਜਾਂ ਵਿੱਚ 'ਬਲ਼ਦ' ਦੀ ਮਹੱਤਤਾ ਨੂੰ ਸਪਸ਼ਟ ਕਰਦੀ ਹੈ ਇਸਦੇ ਮੁਕਾਬਲਤਨ 'ਸ਼ੇਸ਼ਨਾਗ' ਦੁਆਰਾ ਹਲ਼ ਨੂੰ ਧਾਰਨ ਕਰਨਾ ਅਤੇ ਧਰਤੀ ਨੂੰ ਫਣ ਉੱਤੇ ਚੁੱਕਣਾ ਸਨਾਤਨੀ ਧਰਮ ਚਿੰਤਨ ਦੀ ਉਪਜ ਹੈ। ਪੌਰਾਣ ਪਰੰਪਰਾ ਵਿੱਚ ਪ੍ਰਾਪਤ ਹੁੰਦੀਆਂ ਇਹਨਾਂ ਵਿਭਿੰਨਤਾਵਾਂ ਨੂੰ ਸਮਝਣ ਲਈ 'ਪੌਰਾਣਾਂ' ਦੀ ਪ੍ਰਕਿਰਤੀ ਅਤੇ ਇਹਨਾਂ ਦੇ ਪ੍ਰਕਾਰ ਬਾਰੇ ਸਪਸ਼ਟ ਹੋਣ ਉਪਰੰਤ ਅਸੀਂ ਲੋਕ ਮਨ ਜਾਂ ਲੋਕਧਰਮ ਦੀਆਂ ਪਰੰਪਰਾਵਾਂ ਅਤੇ ਇਸਦੇ ਮੁਕਾਬਲੇ ਵਸ਼ਿਸ਼ਟ ਧਰਮ ਦੀਆਂ ਸਨਾਤਨੀ ਪੌਰਾਣਿਕ ਪਰੰਪਰਾਵਾਂ ਦਾ ਨਿਖੇੜਾ ਕਰਾਂਗੇ। ਡਾ. ਬੇਦੀ ਹੋਰਾਂ ਦਾ ਇਸ ਸੰਬੰਧੀ ਮਤ ਹੈ ਕਿ –

> "ਪੰਜਾਬ ਵਿੱਚ ਪ੍ਰਚਲਤ ਪੁਰਾਣ ਕਥਾਵਾਂ ਦੀਆਂ ਦੋ ਪ੍ਰਮੁੱਖ ਧਾਰਾਵਾਂ ਹਨ। ਇਕ ਸਨਾਤਨੀ ਅਤੇ ਦੂਜੀ ਲੌਕਿਕ। ਹਿੰਦੂਆਂ ਦੇ ਪ੍ਰਾਚੀਨ ਗ੍ਰੰਥਾਂ, ਵੇਦਾਂ ਤੇ ਪੁਰਾਣਾ ਵਿੱਚ ਵਰਣਤ ਕਥਾਵਾਂ ਸਨਾਤਨੀ ਹਨ। ਰਿਸ਼ੀਆਂ ਮੁਨੀਆਂ ਦੇ ਮੂੰਹੋਂ ਚਲੀਆਂ ਆ ਰਹੀਆਂ ਦੇਵ ਕਥਾਵਾਂ ਨੂੰ ਸੋਧ ਮਾਂਜ ਕੇ, ਇਨ੍ਹਾਂ ਨੂੰ ਗ੍ਰੰਥਾਂ ਵਿੱਚ ਅੰਕਿਤ ਕੀਤਾ ਗਿਆ। ਇਨ੍ਹਾਂ ਕਥਾਵਾਂ ਦਾ ਲੋਕਾਂ ਦੇ ਮਨ ਤੇ ਬੁੱਧੀ ਉਤੇ ਅੱਜ ਵੀ ਚੋਖਾ ਪ੍ਰਭਾਵ

ਹੈ... ਦੂਜੀ ਧਾਰਾ ਲੌਕਿਕ ਹੈ, ਜੋ ਮੂੰਹੋ ਮੂੰਹੀ ਚੱਲੀ ਆ ਰਹੀ ਹੈ। ਇਹ ਪੁਰਾਣ ਕਥਾਵਾਂ ਪ੍ਰਾਚੀਨ ਗ੍ਰੰਥਾਂ ਵਿੱਚ ਨਹੀਂ, ਲੋਕਾਂ ਦੇ ਦਿਲਾਂ ਉੱਤੇ ਉਕਰੀਆਂ ਹੋਈਆਂ ਹਨ। ਲੌਕਿਕ ਪੁਰਾਣ ਕਥਾਵਾਂ ਦਾ ਸੁਭਾਅ ਵੀ ਸਨਾਤਨੀ ਕਥਾਵਾਂ ਨਾਲੋਂ ਭਿੰਨ ਹੈ। ਇਹਨਾਂ ਵਿੱਚ ਕਿਸੇ ਜਾਤੀ ਦਾ ਧਾਰਮਕ ਨਿਸ਼ਚੈ ਨਹੀਂ ਹੁੰਦਾ। ਇਹ ਕਥਾਵਾਂ ਆਮ ਲੋਕਾਂ ਦੀ ਰਚਨਾ ਹਨ ਤੇ ਪੜ੍ਹੇ ਲਿਖੇ ਲੋਕਾਂ ਦੀ ਛੂਹ ਤੋਂ ਨਿਰਲੇਪ ਰਹੀਆਂ ਹਨ। ਇਨ੍ਹਾਂ ਵਿੱਚ ਸਿੱਧੀ ਸਾਦੀ, ਰੌਚਕ ਕਥਾ ਹੁੰਦੀ ਹੈ। ਤੇ ਵੱਡੀ ਗੱਲ ਨੂੰ ਬਾਲਾਂ ਵਾਲੀ ਸਾਦਗੀ ਵਿੱਚ ਪੇਸ਼ ਕੀਤਾ ਹੁੰਦਾ ਹੈ। ਇਹਨਾਂ ਕਥਾਵਾਂ ਦਾ ਪੰਜਾਬੀ ਵਿੱਚ ਰੰਗ ਬਹੁਤ ਸੋਹਣਾ ਉਘੜਿਆ ਹੈ ਇਨ੍ਹਾਂ ਉਤੇ ਪੰਜਾਬੀ ਸੁਭਾਅ, ਮਨੋ ਬਿਰਤੀਆਂ ਤੇ ਚਿੰਤਨ ਦੀ ਛਾਪ ਪ੍ਰਤੱਖ ਹੈ....ਲੋਕਾਂ ਨੇ ਸਨਾਤਨੀ ਪੁਰਾਣ ਕਥਾਵਾਂ ਵਿੱਚ ਆਪਣੀ ਸੂਝ ਅਤੇ ਅਨੁਭਵ ਅਨੁਸਾਰ ਤਬਦੀਲੀਆਂ ਲਿਆ ਕੇ, ਉਹਨਾਂ ਨੂੰ ਲੌਕਿਕ ਸੰਚੇ ਵਿੱਚ ਢਾਲ ਲਿਆ।"[9]

'ਧਰਤੀ ਹੇਠ ਬਲ਼ਦ' ਦੇ ਜੁਤੇ ਹੋਣ ਦੀ ਸੰਕਲਪਨਾ ਵੀ ਲੋਕ ਸੂਝ ਅਤੇ ਲੋਕਮਨ ਦਾ ਸਹਿਜ ਸੱਚ ਹੈ। ਲੋਕ ਸੰਸਕ੍ਰਿਤੀ ਵਿੱਚ ਪ੍ਰਚਲਿਤ ਅਤੇ ਲੋਕ ਮਨ ਦੁਆਰਾ ਸਿਰਜਿਤ ਇਸ ਸਹਿਜ ਲੋਕਧਾਰਾਈ ਰੂੜ੍ਹੀ ਦੀ ਵਰਤੋਂ ਕੁਲਵੰਤ ਸਿੰਘ ਵਿਰਕ ਨੇ ਪੰਜਾਬੀ ਬੰਦੇ ਦੀ ਮਾਨਸਿਕ ਬਣਤਰ ਨੂੰ ਉਜਾਗਰ ਕਰਨ ਲਈ ਕੀਤੀ। ਵਿਰਕ ਪੰਜਾਬੀਆਂ ਦੀ ਇਸ ਸਮਰਥਾ ਨੂੰ ਕਮਾਈ ਹੋਈ ਤਾਕਤ (ਕਿਰਤ) ਪ੍ਰਵਾਨ ਕਰਦਾ ਹੈ। ਇਹ ਕਮਾਈ ਪੰਜਾਬੀਆਂ ਨੇ ਇਤਿਹਾਸਕ ਚੁਣੌਤੀਆਂ ਨੂੰ ਦਿੱਤੇ ਹੁੰਗਾਰਿਆਂ ਵਿੱਚੋਂ ਅਰਜਿਤ ਕੀਤੀ। ਡਾ. ਬੇਦੀ ਪੰਜਾਬ ਦੇ ਇਤਿਹਾਸ ਅਤੇ ਇੱਥੋਂ ਦੇ ਬੰਦੇ ਦੀ ਮਾਨਸਿਕ ਬਣਤਰ ਦੇ ਸਹਿ ਸੰਬੰਧ ਬਾਰੇ ਲਿਖਦੇ ਹਨ ਕਿ

"ਭੂਗੋਲਿਕ ਸੱਚ ਨੇ ਪੰਜਾਬ ਦੇ ਸਾਰੇ ਇਤਿਹਾਸ ਨੂੰ ਇੱਕ ਵਿਲੱਖਣ ਨੁਹਾਰ ਬਖਸ਼ੀ ਹੈ। ਇੱਥੋਂ ਦੇ ਵਾਸੀ ਪਹਾੜ ਵਰਗੀਆਂ ਕਠਿਨਾਈਆਂ ਨੂੰ ਭੋਗਦਿਆਂ ਵੀ, ਸੂਰਜ ਵਾਂਗ ਲਿਸ਼ਕਾਰੇ ਮਾਰਦੇ ਰਹੇ। ਇਸੇ ਉਕਤੀ ਤੋਂ ਪੰਜਾਬੀਆਂ ਦੀ ਉਸ ਪ੍ਰਵਿਰਤੀ ਦਾ ਵੀ ਗਿਆਨ ਹੁੰਦਾ ਹੈ, ਜਿਸ ਦੁਆਲੇ ਉਹਨਾਂ ਦੇ ਜੀਵਨ ਦੀ ਸਾਰੀ ਗਤੀ ਹੋਈ, ਸੰਸਕਾਰ ਬਣੇ ਤੇ ਜੀਵਨ ਦਾ ਇੱਕ ਨਿਵੇਕਲਾ ਮੁਹਾਵਰਾ ਉਭਰਿਆ।"[10]

ਆਪਣੀ ਭੂਗੋਲਿਕ ਸਥਿਤੀ ਕਾਰਨ ਪੰਜਾਬ ਸਦੀਆਂ ਤੀਕਰ ਜੰਗ ਦਾ ਮੈਦਾਨ ਬਣਿਆ ਰਿਹਾ ਜਿਉਂਦੇ ਬਣੇ ਰਹਿਣ ਲਈ ਪੰਜਾਬੀਆਂ ਨੇ ਵਿਸ਼ੇਸ਼ ਭਾਂਤ ਦੀ ਮਾਨਸਿਕਤਾ ਦੀ ਸਿਰਜਣਾ ਕੀਤੀ, ਜਿੱਥੇ ਖਿੜੇ ਮੱਥੇ ਹਰ ਦੁੱਖ ਜਰਨਾ ਪੈਂਦਾ ਹੈ ਅਤੇ ਹਰ ਹੀਲੇ ਜਿਊਣਾ ਲਾਜ਼ਮੀ ਹੁੰਦਾ ਹੈ। ਪੰਜਾਬੀਆਂ ਦੀ ਮਨੋਬਣਤਰ ਦੇ ਇਤਿਹਾਸਕ ਕਾਰਨਾ ਦੀ ਨਿਸ਼ਾਨਦੇਹੀ ਜਿੰਨੇ ਸੁੰਦਰ ਅਤੇ ਸਰਲ ਤਰੀਕੇ ਨਾਲ ਕੁਲਵੰਤ ਸਿੰਘ ਵਿਰਕ ਨੇ ਉਘਾੜੀ ਹੈ ਇਹ ਕਿਸੇ ਹੋਰ ਪੰਜਾਬੀ ਸਾਹਿਤਕਾਰ ਦੇ ਹਿੱਸੇ ਨਹੀਂ ਆਇਆ। ਵਿਰਕ ਲਿਖਦਾ ਹੈ ਕਿ

"ਮੁੜਦੇ ਹੋਏ ਮਾਨ ਸਿੰਘ ਨੇ ਮਾਝੇ ਦੇ ਪਿੰਡ ਵੇਖੇ ਜਿਨ੍ਹਾਂ ਦਾ ਬਾਬਾ ਜੰਮ ਪਲ ਸੀ। ਇਹਨਾਂ ਦੁਆਲੇ ਬਚਾਅ ਲਈ ਕਿਲੇ ਕੋਟ ਉਸਰੇ ਹੋਏ ਸਨ। ਥਾਂ ਥਾਂ ਮੜੀਆਂ ਤੇ ਸਮਾਧਾਂ ਸਨ ਜਿਹੜੀਆਂ ਪੀਹੜੀਆਂ ਵਿੱਚ ਇਹਨਾਂ ਲੋਕਾਂ ਦੀ ਭਾਰਤ ਤੇ ਧਾਵਾ ਕਰਨ ਵਾਲਿਆਂ ਨਾਲ ਲੜਨ ਮਰਨ ਦੀਆਂ ਕਹਾਣੀਆਂ ਦੱਸਦੀਆਂ ਹਨ। ਇਸੇ

ਕਰਕੇ ਬਾਬੇ ਦੀ ਸਹਿਣ-ਸ਼ਕਤੀ ਇੰਨੀ ਵਧੀ ਹੋਈ ਸੀ। ਉਹ ਦੂਜਿਆਂ ਨੂੰ ਹੌਲਾ ਰੱਖਣ ਲਈ ਆਪ ਹੋਰ ਭਾਰ ਚੁੱਕਣਾ ਚਾਹੁੰਦਾ ਸੀ।"[11]

ਪੰਜਾਬੀਆਂ ਦੀਆਂ ਇਤਿਹਾਸਕ ਵੰਗਾਰਾਂ ਨੇ ਇਹਨਾ ਦੀ ਸਹਿਣ ਸ਼ਕਤੀ ਨੂੰ ਕਿਸ ਪ੍ਰਕਾਰ ਉਸਾਰਿਆ, ਇਸ ਮਨੋਵਿਗਿਆਨਕ ਪਸਾਰ ਨੂੰ ਸਮੂਰਤ ਰੂਪ ਵਿੱਚ ਪ੍ਰਗਟਾਉਣ ਲਈ ਵਿਰਕ ਨੇ ਲੋਕ ਸੰਸਕ੍ਰਿਤੀ ਵਿੱਚ ਪ੍ਰਚਲਿਤ, 'ਧੌਲ' (ਧਰਤੀ ਹੇਠਲਾ ਬਲ਼ਦ) ਦੀ ਲੋਕ ਰੂੜ੍ਹੀ ਦੀ ਵਰਤੋ ਕੀਤੀ। ਪੰਜਾਬੀ ਲੋਕ ਸੰਸਕ੍ਰਿਤੀ ਵਿੱਚ ਮਨੁੱਖੀ ਵਜੂਦ ਦੀਆਂ ਜਿਹੜੀਆਂ ਸੰਭਾਵਨਾਵਾਂ ਦੀ ਕਾਮਨਾ ਕੀਤੀ ਜਾਂਦੀ ਹੈ ਇਸ ਕਹਾਣੀ ਦਾ ਮੁੱਖ ਪਾਤਰ 'ਬਾਬਾ' (ਸ਼ਹੀਦ ਕਰਮ ਸਿੰਘ ਦਾ ਪਿਤਾ) ਉਸਦਾ ਸਮੂਰਤ ਰੂਪ ਹੈ। ਇਹ ਕਹਾਣੀ, ਪੰਜਾਬੀਆਂ ਦਾ ਆਪਣੇ ਬਾਰੇ ਕੀਤਾ ਸ੍ਵੈ ਕਥਨ ਹੈ ਜੋ ਪੰਜਾਬੀਆਂ ਦੇ ਮਿਥਹਾਸ, ਇਤਿਹਾਸ, ਵਰਤਮਾਨ ਅਤੇ ਭਵਿੱਖ ਨੂੰ ਇਕ ਬਿੰਦੂ ਤੇ ਲਿਆ ਖੜ੍ਹਾ ਕਰਦਾ ਹੈ। ਇਹ ਕਹਾਣੀ ਥੱਕੇ ਹਾਰੇ, ਭੁੱਲੇ ਭਟਕੇ ਪੰਜਾਬੀ ਬੰਦੇ ਨੂੰ ਉਸਦੀਆਂ ਸ਼ਕਤੀਆਂ ਯਾਦ ਦਿਵਾਉਂਦੀ ਰਹੇਗੀ ਕਿ ਉਹ ਕੀ ਕੀ ਕੁਝ ਕਰ ਗੁਜ਼ਰਨ ਦੇ ਸਮਰਥ ਹੈ ਇਹ ਪੰਜਾਬੀ ਬੰਦੇ ਦੀ ਮਿੱਥ ਹੈ ਜੋ ਵਸ਼ਿਸ਼ਟ ਸਾਹਿਤ ਦੁਆਰਾ ਉਸਾਰੀ ਗਈ ਹੈ।

### ਹਵਾਲੇ ਟਿੱਪਣੀਆਂ


1. ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਸਾਹਿਤ ਦੀਆਂ ਲੋਕ ਰੂੜ੍ਹੀਆਂ, ਨੈਸ਼ਨਲ ਬੁੱਕ ਟਰੱਸਟ, 2007, ਪੰਨਾ-9
2. ਉਹੀ, ਪੰਨਾ 96.
3. ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਮਧਕਾਲੀਨ ਪੰਜਾਬੀ ਕਥਾ ਰੂਪ ਤੇ ਪੰਰਪਰਾ, ਨੈਸ਼ਨਾਲ ਪ੍ਰੈੱਸ ਆਫ਼ ਇੰਡੀਆ, 1977, ਪੰਨਾ-85.
4. ਜਸਵੰਤ ਸਿੰਘ ਵਿਰਦੀ (ਸੰਪਾ.) ਕੁਲਵੰਤ ਸਿੰਘ ਵਿਰਕ ਦੀਆਂ ਚੋਣਵੀਆਂ ਕਹਾਣੀਆਂ, ਨੈਸ਼ਨਲ ਬੁੱਕ ਟਰੱਸਟ ਇੰਡੀਆ, 2020, ਪੰਨੇ (104-05).
5. ਡਾ. ਸੋਹਿੰਦਰ ਸਿੰਘ ਵਣਜਾਰੀ ਬੇਦੀ, ਪੰਜਾਬ ਦੀ ਲੋਕਧਾਰਾ, ਨੈਸ਼ਨਲ ਬੁੱਕ ਟਰੱਸਟ, ਨਵੀਂ ਦਿੱਲੀ, 2007, ਪੰਨਾ 96.
6. ਉਹੀ, ਪੰਜਾਬ ਲੋਕਧਾਰਾ ਵਿਸ਼ਵਕੋਸ਼, (ਜਿਲਦ ਚੌਥੀ), ਨੈਸ਼ਨਲ ਬੁੱਕ ਛਾਪ, ਨਵੀਂ ਦਿੱਲੀ, 1994, ਪੰਨਾ 478.
7. ਉਹੀ, ਪੰਨਾ 428.
8. ਉਹੀ, (ਜਿਲਦ ਛੇਵੀਂ), ਪੰਨਾ 1582.
9. ਉਹੀ, ਪੰਜਾਬ ਦੀ ਲੋਕਧਾਰਾ, ਪੰਨਾ 20.
10. ਉਹੀ, ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ, ਨਵਯੁਗ ਪਬਲਿਸ਼ਰਜ ਨਵੀਂ ਦਿੱਲੀ, 1997, ਪੰਨਾ 15.
11. ਜਸਵੰਤ ਸਿੰਘ ਵਿਰਦੀ , ਪੰਨਾ 105.

## ਮੇਰੇ ਪੁਸਤਕ ਰਖਨੇ ਚੋਂ

# 'ਸ਼ਫ਼ੈਦ ਗਾਰਦ' ਦਾ ਪੰਜਾਬੀ ਅਨੁਵਾਦ ਇਕ ਵੱਡੀ ਪ੍ਰਾਪਤੀ

**-ਜਸ ਮੰਡ**

'ਮਾਸਟਰ ਅਤੇ ਮਾਰਗਾਰੀਟਾ' ਅਤੇ 'ਸਫ਼ੈਦ ਗਾਰਦ' ਵਰਗੀਆਂ ਮਸ਼ਹੂਰ ਰਚਨਾਵਾਂ ਦਾ ਰਚੇਤਾ ਮਿਖ਼ਾਈਲ ਬੁਲਗਾਕੋਵ (1891-1940) ਵੀਹਵੀਂ ਸਦੀ ਦਾ ਸਿਰਕੱਢਵਾਂ ਲੇਖਕ ਸੀ। ਮਾਸਕੋ ਵਿਚ ਵਸਦੇ ਮੇਰੇ ਮਿੱਤਰ ਕਸ਼ਮੀਰ ਸਿੰਘ ਨੇ 'ਸਫ਼ੈਦ ਗਾਰਦ' ਦਾ ਰੂਸੀ ਤੋਂ ਪੰਜਾਬੀ ਵਿਚ ਸਿੱਧਾ ਤਰਜਮਾ ਕੀਤਾ ਹੈ, ਜਿਸਨੂੰ ਮੈਂ ਪੰਜਾਬੀ ਅਨੁਵਾਦ ਸਾਹਿਤ ਲਈ ਵੱਡੀ ਪ੍ਰਾਪਤੀ ਮੰਨਦਾ ਹਾਂ।

ਯੂਕਰੇਨ ਦੇ ਸ਼ਹਿਰ ਕੀਵ ਵਿਚ ਜਨਮਿਆ ਬੁਲਗਾਕੋਵ ਪੇਸ਼ੇ ਵਜੋਂ ਗੁਪਤ ਰੋਗਾਂ ਦਾ ਮਾਹਰ ਡਾਕਟਰ ਸੀ। ਸਿਫਲਿਸ ਦੀ ਬਿਮਾਰੀ ਬਾਰੇ ਉਸਨੇ ਕਾਫੀ ਖੋਜ ਕੀਤੀ, ਜਿਸ ਕਰਕੇ ਸਿਫਲਿਸ ਦੇ ਕੁਝ ਲੱਛਣਾਂ ਨੂੰ ਸੋਵੀਅਤ ਯੂਨੀਅਨ ਵਿਚ 'ਬੁਲਗਾਕੋਵ ਲੱਛਣ' ਵਜੋਂ ਜਾਣਿਆ ਜਾਂਦਾ ਸੀ। (ਪੱਛਮ ਵਿਚ ਇਸਨੂੰ 'ਬੈਂਡੀ ਲੈਗਜ਼ ਸਾਈਨ' ਆਖਦੇ ਹਨ।)ਪਹਿਲੀ ਸੰਸਾਰ ਜੰਗ ਵੇਲੇ ਉਹ ਰੈੱਡ ਕਰਾਸ ਵਿਚ ਵਲੰਟੀਅਰ ਵਜੋਂ ਭਰਤੀ ਹੋ ਗਿਆ। ਲੜਾਈ ਦੌਰਾਨ ਉਹ ਦੋ ਵਾਰ ਬੁਰੀ ਤਰਾਂ ਜ਼ਖਮੀ ਹੋਇਆ। ਦਰਦ ਨਿਵਾਰਨ ਲਈ ਉਸਨੇ ਅਫੀਮ ਦਾ ਸੇਵਨ ਸ਼ੁਰੂ ਕਰ ਦਿੱਤਾ, ਜਿਸਦਾ ਉਸਨੂੰ ਅਮਲ ਲੱਗ ਗਿਆ। ਸਾਲ 1918 ਵਿਚ ਉਹ ਇਸ ਅਮਲ ਵਿਚੋਂ ਬਾਹਰ ਨਿਕਲਿਆ। ਇਨ੍ਹਾਂ ਘਟਨਾਵਾਂ ਨੂੰ ਵਿਸ਼ਾ ਬਣਾ ਕੇ ਲਿਖੀ ਉਸਦੀ ਪੁਸਤਕ 'ਮਾਰਫੀਨ' 1926 ਵਿਚ ਛਪੀ। ਅਕਤੂਬਰ ਇਨਕਲਾਬ ਤੋਂ ਬਾਅਦ ਗ੍ਰਹਿ ਯੁੱਧ ਦੇ ਦੌਰਾਨ ਕੀਵ ਵਿਚ ਆਪਣਾ ਨਿੱਜੀ ਕਲੀਨਿਕ ਚਲਾ ਰਿਹਾ ਬੁਲਗਾਕੋਵ ਯੂਕਰੇਨ ਵਿਚ ਉਪਰੋਥਲੀ ਅਨੇਕਾਂ ਵਾਰ ਤਖਤਾ ਪਲਟਿਆਂ ਦਾ ਗਵਾਹ ਬਣਿਆ। ਡਾਕਟਰ ਵਜੋਂ ਉਸਨੂੰ ਕਦੇ ਇਕ ਸਰਕਾਰ ਅਤੇ ਕਦੇ ਦੂਜੀ ਸਰਕਾਰ ਵਲੋਂ ਭਰਤੀ ਕੀਤਾ ਜਾਂਦਾ ਰਿਹਾ। ਉਸੇ ਵੇਲੇ ਉਸਦੇ ਦੋ ਭਰਾ ਸਫ਼ੈਦ ਗਾਰਦ ਵਿਚ ਸ਼ਾਮਲ ਹੋ ਕੇ ਜ਼ਾਰ ਦੇ ਹੱਕ ਵਿਚ ਲੜ ਰਹੇ ਸਨ। ਮਗਰੋਂ, ਸੋਵੀਅਤ ਰਾਜ ਨੂੰ ਫੈਲਦਿਆਂ ਵੇਖ, ਬੁਲਗਾਕੋਵ ਦਾ ਸਾਰਾ ਪਰਵਾਰ ਫਰਾਂਸ ਵੱਲ ਪਰਵਾਸ ਕਰ ਗਿਆ ਸੀ। ਖ਼ੁਦ ਮਿਖ਼ਾਈਲ ਬੁਲਗਾਕੋਵ ਨੇ ਆਪਣੀ ਉਮਰ ਦੇ ਅਗਲੇ ਦੋ ਦਹਾਕੇ ਰੂਸ ਵਿਚ ਰਹਿ ਕੇ ਇਕ ਕੁਲਵਕਤੀ ਲੇਖਕ ਵਜੋਂ ਬਿਤਾਏ।

ਗ੍ਰਹਿ ਯੁੱਧ ਤੋਂ ਬਾਦ ਮਿਖ਼ਾਈਲ ਬੁਲਗਾਕੋਵ ਮਾਸਕੋ ਵਿਚ ਆਣ ਵਸਿਆਅਤੇ ਲੇਖਕ ਭਾਈਚਾਰੇ ਵਿਚ ਸਰਗਰਮੀ ਨਾਲ ਵਿਚਰਨ ਲੱਗਾ। ਉਸਨੇ ਕੁਝ ਨਾਟਕ ਲਿਖੇ, ਜਿਨ੍ਹਾਂ ਨੂੰ ਲੇਖਕਾਂ/ਨਾਟਕਕਾਰਾਂ ਦੇ ਭਾਈਚਾਰੇ ਵਲੋਂ ਕੋਈ ਵੱਡਾ ਹੁੰਗਾਰਾ ਨਾ ਮਿਲਿਆ। 'ਰੱਸੀਆ' ਨਾਂਅ ਦੇ ਸਾਹਿਤਕ ਪਰਚੇ ਵਿਚ 1925 ਵਿਚ ਉਸਦਾ ਨਾਵਲ 'ਸਫ਼ੈਦ ਗਾਰਦ' ਕਿਸ਼ਤਵਾਰ ਛਪਣਾ ਸ਼ੁਰੂ ਹੋਇਆ, ਪਰੰਤੂ ਨਾਵਲ ਖਤਮ ਹੋਣ ਤੋਂ ਪਹਿਲਾਂ ਹੀ ਪਰਚਾ ਬੰਦ ਹੋ ਗਿਆ। ਸੋਵੀਅਤ ਯੂਨੀਅਨ ਵਿਚ ਇਸ ਨਾਵਲ ਨੂੰ ਕਿਤਾਬੀ ਰੂਪ ਦੇਣ ਲਈ ਕੋਈ ਵੀ ਪ੍ਰਕਾਸ਼ਕ ਰਾਜ਼ੀ ਨਾ ਹੋਇਆ, ਕਿਉਂਕਿ ਉਨ੍ਹਾਂ ਮੁਤਾਬਕ ਇਹ ਨਾਵਲ ਬਾਲਸ਼ਵਿਕਾਂ ਨੂੰ ਮਾੜੀ ਨਜ਼ਰ ਨਾਲ ਪੇਸ਼ ਕਰਦਾ ਸੀ। ਇਸ ਨਾਵਲ ਨੂੰ ਪਹਿਲੀ ਵਾਰ ਪੈਰਿਸ ਵਿਚ 1927 ਵਿਚ ਛਾਪਿਆ

ਗਿਆ, ਉਹ ਵੀ ਕੱਟ ਵੱਢ ਕੇ। ਸੋਵੀਅਤ ਯੂਨੀਅਨ ਵਿਚ ਕਿਤਾਬੀ ਰੂਪ ਇਸਨੂੰ 1966 ਵਿਚ ਆ ਕੇ ਨਸੀਬ ਹੋਇਆ, ਉਹ ਵੀ ਅਧੂਰੀ ਟੈਕਸਟ ਵਾਲਾ। ਨਾਵਲ ਦੀ ਪੂਰੀ ਟੈਕਸਟ ਰੂਸੀ ਭਾਸ਼ਾ ਵਿਚ 1989 ਵਿਚਆ ਕੇ ਹੀ ਛਪ ਸਕੀ।

ਬੁਲਗਾਕੋਵ ਦੇ ਦੂਜੇ ਵੱਡੇ ਨਾਵਲ ਨਾਲ ਵੀ ਇਹੋ ਕੁਝ ਹੋਇਆ। 'ਮਾਸਟਰ ਅਤੇ ਮਾਰਗਾਰੀਟਾ' ਨਾਵਲ ਉੱਤੇ ਉਸਨੇ 1928 ਵਿਚ ਕੰਮ ਕਰਨਾ ਸ਼ੁਰੂ ਕੀਤਾ, ਜਿਸਦਾ ਪਹਿਲਾ ਖਰੜਾ 1930 ਵਿਚ ਉਸਨੇ ਇਹ ਕਹਿੰਦਿਆਂ ਹੋਇਆਂ ਸਾੜ ਦਿੱਤਾ ਕਿ ਸੋਵੀਅਤ ਯੂਨੀਅਨ ਵਿਚ ਅਜਿਹੀ ਕਿਰਤ ਲਈ ਕੋਈ ਥਾਂ ਮੌਜੂਦ ਨਹੀਂ ਹੈ। ਪਰੰਤੂ ਉਸ ਤੋਂ ਰਿਹਾ ਨਾ ਗਿਆ ਅਤੇ ਅਗਲੇ ਸਾਲ ਉਸਨੇ ਇਹ ਨਾਵਲ ਮੁੜ ਲਿਖਣਾ ਸ਼ੁਰੂ ਕਰ ਦਿੱਤਾ।ਪਹਿਲਾ ਖਰੜਾ 1936 ਤੱਕ ਲਿਖ ਲਿਆ। ਇਸਤੋਂ ਬਾਅਦ ਭਿੰਨ-ਭਿੰਨ ਕਈਖਰੜੇ (ਕੋਈ ਚਾਰ ਦਸਦੈ, ਕੋਈ ਅੱਠ) ਉਸਨੇ ਹੋਰ ਲਿਖੇ।ਆਪਣੀ ਮੌਤ ਤੋਂ ਮਹੀਨਾ ਕੁ ਪਹਿਲਾਂ ਤਾਈਂ ਉਹ ਇਸ ਨਾਵਲ ਉੱਤੇ ਅਜੇ ਵੀ ਕੰਮ ਕਰ ਰਿਹਾ ਸੀ,ਅਜੇ ਵੀ ਕਈ ਫਿਕਰੇ ਅਧੂਰੇ ਸਨ, ਕਈ ਥਾਵਾਂ ਭਰਨੀਆਂ ਬਾਕੀ ਸਨ। 'ਮਾਸਟਰ ਅਤੇ ਮਾਰਗਾਰੀਟਾ' ਨੂੰ ਪੁਸਤਕ ਰੂਪ ਵਿਚ ਪਹਿਲੀ ਵਾਰ 1969 ਵਿਚ ਚੋਰੀ ਛੁਪੇ ਛਾਪਿਆ ਗਿਆ।(ਸੋਵੀਅਤ ਯੂਨੀਅਨ ਵਿਚ ਕਿਤਾਬ ਛਾਪਣ ਦਾ ਅਧਿਕਾਰ ਅਤੇ ਛਪਾਈ ਦੇ ਸਾਧਨ ਕੇਵਲ ਸਰਕਾਰ ਕੋਲ ਹੀ ਮੌਜੂਦ ਸਨ। ਕਦੀ ਕਦਾਈਂ ਸਰਕਾਰ ਵਲੋਂ ਨਕਾਰ ਦਿੱਤੀ ਗਈ ਪੁਸਤਕ ਨੂੰ ਕੋਈ ਜਣਾ ਟਾਈਪ ਕਰ ਕੇ ਜਾਂ ਹੱਥ ਨਾਲ ਲਿਖ ਕੇ ਕੁਝ ਕਾਪੀਆਂ ਚੋਰੀ ਛੁਪੇ ਪਾਠਕਾਂ ਤੱਕ ਪੁਚਾਣ ਦਾ ਕੰਮ ਕਰ ਦੇਂਦਾ ਸੀ। ਅਜਿਹੀ ਪ੍ਰਕਾਸ਼ਨਾ ਨੂੰ ਰੂਸੀ ਭਾਸ਼ਾ ਵਿਚ 'ਸਾਮਇਜ਼ਦਾਤ' ਆਖਦੇ ਸਨ।)'ਮਾਸਟਰ ਅਤੇ ਮਾਰਗਾਰੀਟਾ' ਦਾ ਬੁਲਗਾਕੋਵ ਦੀ ਬੀਵੀ ਲਿਦੀਆ ਵਲੋਂ ਤਿਆਰ ਕੀਤਾ ਗਿਆ ਪੂਰਾ ਕਿਤਾਬੀ ਰੂਪ ਵੀ, 'ਸਫੈਦ ਗਾਰਦ' ਵਾਂਗ, 1989 ਵਿਚ ਆ ਕੇ ਹੀ ਛਪ ਸਕਿਆ ਸੀ। ਵੀਹਵੀਂ ਸ਼ਤਾਬਦੀ ਦੇ ਵੀਹਵਿਆਂ-ਤੀਹਵਿਆਂ ਦੇ ਸੋਵੀਅਤ ਯੂਨੀਅਨ ਵਿਚ ਰੱਬ ਦੀ ਹੋਂਦ ਦੇ ਖਿਲਾਫ ਹੋ ਰਹੇ ਪਰਚਾਰ ਅਤੇ ਸਾਹਿਤਕ ਹਲਕਿਆਂ ਵਿਚ ਘੁਸ ਚੁੱਕੇ ਭ੍ਰਿਸ਼ਟਾਚਾਰ ਅਤੇ ਅਫਸਰਸ਼ਾਹੀ ਤੋਂ ਬੁਲਗਾਕੋਵ ਡਾਢਾ ਦੁਖੀ ਸੀ। ਇਸ ਵਰਤਾਰੇ ਦੀ ਆਲੋਚਨਾ ਬੁਲਗਾਕੋਵ ਦੀਆਂ ਰਚਨਾਵਾਂ ਰਾਹੀਂ ਸਾਹਮਣੇ ਆਈ, ਜਿਸਦੀ ਵਜਾਹ ਕਰ ਕੇ ਸਾਹਿਤ ਦੇ ਠੇਕੇਦਾਰਾਂ ਵਲੋਂ ਉਸਦੀ ਸਖਤ ਆਲੋਚਨਾ ਕੀਤੀ ਗਈ ਅਤੇ ਉਸਨੂੰ ਗੁੱਠੇ ਲਾਉਣ ਦਾ ਕੰਮ ਕੀਤਾ ਗਿਆ।

'ਸਫ਼ੈਦ ਗਾਰਦ' ਉੱਤੇ ਅਧਾਰਤ ਬੁਲਗਾਕੋਵ ਵਲੋਂ ਨਾਟਕ 'ਤੁਰਬੀਨਾਂ ਦੇ ਉਹ ਦਿਨ' ਦੀ ਕਿਸਮਤ ਕੁਝ ਵੱਖਰੀ ਨਿਕਲੀ। ਪਹਿਲੀ ਵਾਰ ਇਹ ਨਾਟਕ 5 ਅਕਤੂਬਰ 1926 ਨੂੰ ਮਾਸਕੋ ਆਰਟ ਥੀਏਟਰ ਵਿਚ ਖੇਡਿਆ ਗਿਆਅਤੇ ਬੜਾ ਮਕਬੂਲ ਹੋਇਆ। ਦਸਦੇ ਨੇ ਕਿ ਸਟਾਲਿਨ ਨੇ ਖੁਦ ਇਹ ਨਾਟਕ 15 ਤੋਂ 20 ਵਾਰ ਵੇਖਿਆ। ਪਰੰਤੂ ਉਸੇ ਸਟਾਲਿਨ ਦੀ ਸਰਕਾਰ ਨੇ ਬੁਲਗਾਕੋਵ ਦੇ ਕਈ ਹੋਰ ਨਾਟਕਾਂ ਉੱਤੇ ਉਪਰੋਥਲੀ ਪਾਬੰਦੀ ਲਾਈਅਤੇ 1929 ਵਿਚ ਆ ਕੇ ਬੁਲਗਾਕੋਵ ਦੀਆਂ ਸਾਰੀਆਂ ਰਚਨਾਵਾਂ ਉੱਤੇ ਰੋਕ ਲਾ ਦਿੱਤੀ ਗਈ। ਦੁਖੀ ਹਿਰਦੇ ਨਾਲ ਬੁਲਗਾਕੋਵ ਨੇ ਸਿੱਧਾ ਸਟਾਲਿਨ ਨੂੰ ਖਤ ਲਿਖ ਕੇ ਬੇਨਤੀ ਕੀਤੀ ਕਿ ਜੇ ਸੋਵੀਅਤ ਯੂਨੀਅਨ ਵਿਚ ਉਸਦੀ ਕੋਈ ਵੁੱਕਤ ਨਹੀਂ, ਤਾਂ ਉਸਨੂੰ ਦੇਸ ਛੱਡ ਕੇ ਬਾਹਰ ਜਾਣ ਦੀ ਇਜਾਜ਼ਤ ਦਿੱਤੀ ਜਾਵੇ। ਕਮਾਲ ਦੀ ਗੱਲ ਇਹ ਹੈ ਕਿ ਇਸ ਖਤ ਦੇ ਜੁਆਬ ਵਿਚ

ਸਟਾਲਿਨ ਨੇ ਖ਼ੁਦ ਇਸ ਲੇਖਕ ਨਾਲ ਫੋਨ ਉੱਤੇ ਗੱਲ ਕੀਤੀ, ਜਿਸ ਤੋਂ ਬਾਦ ਬੁਲਗਾਕੋਵ ਨੂੰ ਮੁੜ ਬਹਾਲ ਕਰਨ ਦੇ ਹੁਕਮ ਜਾਰੀ ਕੀਤੇ ਗਏ। ਫੇਰ ਵੀ ਕਈ ਦਹਾਕਿਆਂ ਤਾਈਂ ਬੁਲਗਾਕੋਵ ਦੀਆਂ ਲਿਖਤਾਂ ਦਾ ਵਾਜਬ ਮੁੱਲ ਨਾ ਪਿਆ।

ਅੰਗਰੇਜ਼ੀ ਵਿਚ 'ਸਫ਼ੈਦ ਗਾਰਦ' ਨਾਵਲ ਦਾ ਮਾਈਕਲ ਗਲੈਨੀ ਵਲੋਂ ਕੀਤਾ ਅਧੂਰੀ ਟੈਕਸਟ ਵਾਲਾ ਤਰਜਮਾ 1971 ਵਿਚ ਪਹਿਲੀ ਵਾਰ ਛਪਿਆ। ਅੰਗਰੇਜ਼ੀ ਵਿਚ ਮੁਕੰਮਲ ਤਰਜਮਾ ਮਾਰੀਅਨ ਸ਼ਵਾਰਤਸ ਵਲੋਂ ਕੀਤਾ ਗਿਆ, ਜਿਹੜਾ 2008 ਵਿਚ ਯੇਲ ਯੂਨੀਵਰਸਿਟੀ ਪਰੈਸ ਨੇ ਛਾਪਿਆ। ਪੰਜਾਬੀ ਵਿਚ ਇਸ ਨਾਵਲ ਦਾ ਤਰਜਮਾ ਅਜੇ ਤੱਕ ਮੌਜੂਦ ਨਹੀਂ ਸੀ। ਮੇਰੀ ਜਾਣਕਾਰੀ ਮੁਤਾਬਕ ਰੂਸੀ ਤੋਂ ਸਿੱਧੀ ਪੰਜਾਬੀ ਵਿਚ ਤਰਜਮਾਈ ਜਾਣ ਵਾਲੀ ਸ਼ਾਇਦ ਇਹ ਪਹਿਲੀ ਰਚਨਾ ਹੈ।

ਰੂਸੀ ਇਨਕਲਾਬ ਤੋਂ ਬਾਦ ਤਕਰੀਬਰਨ ਚਾਰ ਸਾਲ ਤੱਕ ਚੱਲੇ ਗ੍ਰਹਿ ਯੁਧ ਦੀ ਤਰਾਸਦੀ ਅਤੇ ਵੱਖੋ-ਵੱਖਰੀਆਂ ਧਿਰਾਂ ਦੀ ਲੜਾਈ ਦੇ ਵਿਚਕਾਰ ਪਿਸ ਰਹੇ ਰੂਸੀ ਬੁੱਧੀਜੀਵੀ ਵਰਗ ਅਤੇ ਜ਼ਾਰ ਦੀ ਫੌਜ ਦੇ ਅਫਸਰਾਂ ਦੀ ਤਰਸਯੋਗ ਹਾਲਤ ਇਸ ਰਚਨਾ ਦਾ ਕੇਂਦਰੀ ਵਿਸ਼ਾ ਬਣ ਕੇ ਪੇਸ਼ ਹੁੰਦੇ ਹਨ 'ਸਫ਼ੈਦ ਗਾਰਦ' ਨਾਵਲ ਦਾ ਪਲਾਟ ਯੂਕਰੇਨ ਦੇ ਵੱਡੇ ਸ਼ਹਿਰ ਵਿਚ ਰੂਸ ਵਿਚ ਅਕਤੂਬਰ ਇਨਕਲਾਬ ਤੋਂ ਬਾਅਦ ਦੇ ਸਮੇਂ ਵਿਚ ਵਾਪਰ ਰਹੀਆਂ ਘਟਨਾਵਾਂ ਹਨ। ਇਸ ਸ਼ਹਿਰ ਉੱਤੇ ਉਪਰੋਥਲੀ ਵੱਖੋ ਵੱਖਰੀਆਂ ਫੌਜਾਂ ਦਾ ਕਬਜ਼ਾ ਹੁੰਦਾ, ਬਦਲਦਾ ਹੈ। ਕਦੇ ਸਫ਼ੈਦ ਗਾਰਦ ਦਾ, ਕਦੇ ਯੂਕਰੇਨ ਨੈਸ਼ਨਲਿਸਟਾਂ ਦਾ, ਕਦੇ ਜਰਮਨਾਂ ਦਾ, ਅਤੇ ਕਦੇ ਬਾਲਸ਼ਵਿਕਾਂ ਦਾ। ਸ਼ਹਿਰ ਦੇ ਇਕ ਫਲੈਟ ਵਿਚ ਵਸਦਾ ਤੁਰਬੀਨ ਪਰਵਾਰ, ਦੋ ਭਰਾ ਅਤੇ ਇਕ ਭੈਣ, ਨਾਵਲ ਦੇ ਮੁੱਖ ਪਾਤਰਾਂ ਵਜੋਂ ਪੇਸ਼ ਹੁੰਦੇ ਹਨ। ਉਨ੍ਹਾਂ ਦੀ ਮਾਂ ਦੀ ਹੁਣੇ ਹੁਣੇ ਮੌਤ ਹੋਈ ਹੈ। ਸ਼ਹਿਰ ਵਿਚ ਤੇਜ਼ੀ ਨਾਲ ਵਾਪਰ ਰਹੀਆਂ ਘਟਨਾਵਾਂ ਤੁਰਬੀਨ ਪਰਵਾਰ ਵਿਚ ਉਥਲ ਪੁਥਲ ਦਾ ਕਾਰਨ ਬਣਦੀਆਂ ਹਨ। ਜਰਮਨਾਂ ਨੇ ਸਕੋਰੋਪਾਦਸਕੀ ਨੂੰ ਸੱਤਾ ਸੌਂਪ ਦਿੱਤੀ ਹੈ, ਜਿਹੜਾ ਉਨ੍ਹਾਂ ਦੀ ਕਠਪੁਤਲੀ ਵਜੋਂ ਕੰਮ ਕਰ ਰਿਹਾ ਹੈ। ਯੂਕਰੇਨ ਦੇ ਕਿਸਾਨ ਨੈਸ਼ਨਲਿਸਟ ਲੀਡਰ ਪੇਤਲਿਊਰਾ ਦਾ ਸਾਥ ਦੇ ਰਹੇ ਹਨ। ਰੂਸੀ ਤੇ ਯੂਕਰੇਨੀ ਬੁੱਧੀਜੀਵੀ ਅਤੇ ਫੌਜੀ ਅਫਸਰ ਪੇਤਲਿਊਰਾ ਦੇ ਖਿਲਾਫ ਹਨ, ਜ਼ਾਰਸ਼ਾਹੀ ਅਤੇ ਹੇਟਮਨ ਦੀ ਮਦਦ ਕਰ ਰਹੇ ਹਨ। ਚਾਰੋਂ ਪਾਸੇ ਭੰਬਲਭੂਸਾ ਅਤੇ ਅਫਰਾਤਫਰੀ ਹੈ, ਥੋਖਾਧੜੀ ਅਤੇ ਹਨੇਰਗਰਦੀਹੈ, ਡਰ ਅਤੇ ਸਹਿਮ ਦਾ ਮਹੌਲ ਹੈ। ਸਾਰੇ ਪਾਸਿਆਂ ਦੇ ਪਿਆਦੇ ਅਤੇ ਛੋਟੇ ਅਫਸਰ ਤਾਂ ਪੂਰੇ ਯਕੀਨ ਨਾਲ ਲੜਾਈ ਲੜ ਰਹੇ ਹਨ, ਪਰੰਤੂ ਵੱਡੇ ਅਫਸਰ ਕਿਤੇ ਦਿਖਾਈ ਨਹੀਂ ਦੇ ਰਹੇ। ਸ਼ਹਿਰ ਅਤੇ ਦੇਸ਼ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਲੋਕਾਂ ਕੋਲ ਕੋਈ ਪੁਖ਼ਤਾ ਜਾਣਕਾਰੀ ਨਹੀਂ, ਜਿਸਦੇ ਫਲਸਰੂਪ ਅਫਵਾਹਾਂ ਦਾ ਬਜ਼ਾਰ ਗਰਮ ਹੈ। ਦੋਵੇਂ ਤੁਰਬੀਨ ਭਰਾ - ਨਿਕੋਲਕਾ ਅਤੇ ਅਲੈਕਸੇਈ ਡਰ ਅਤੇ ਹੀਰੋ ਬਣਨ ਦੀ ਚਾਹਤ ਦੇ ਵਿਚਕਾਰ ਲਟਕੇ ਹੋਏਆਪਣੀ ਆਪਣੀ ਕਿਸਮਤ ਨਾਲ ਖੇਡ ਰਹੇ ਹਨ, ਅਤੇ ਉਨ੍ਹਾਂ ਦੀ ਭੈਣ ਏਲੇਨਾ ਉਨ੍ਹਾਂ ਦੀ ਸਲਾਮਤੀ ਲਈ ਦੁਆਵਾਂ ਕਰਦੀ ਘਰ ਵਿਚ ਬੈਠੀ ਇੰਤਜ਼ਾਰ ਕਰ ਰਹੀ ਹੈ। ਪੂਰਾ ਨਾਵਲ ਵਾਚਦਿਆਂ ਪਾਠਕ ਨੂੰ ਤੁਰਬੀਨ ਪਰਵਾਰ ਦੀ ਹਮਦਰਦੀ ਜ਼ਾਰ ਵਾਲੇ ਧੜੇ ਨਾਲ ਤਾਂ ਦਿਖਾਈ ਦੇਂਦੀ ਹੈ, ਪਰੰਤੂ ਕੁੱਲ ਮਿਲਾ ਕੇ ਲੇਖਕ ਕਿਸੇ ਇਕ ਧੜੇ ਨਾਲ ਖੜੋਤਾ ਮਹਿਸੂਸ ਨਹੀਂ ਹੁੰਦਾ।

ਤੁਰਬੀਨ ਪਰਵਾਰ ਦੇ ਜੀਅ ਤਾਂ ਨਾਵਲਕਾਰ ਦੀ ਕਲਪਨਾ ਦਾ ਹਿੱਸਾ ਹਨ, ਪਰੰਤੂ ਪਿਓਤਰ ਰੈਂਗਲ, ਸਿਮੋਨ ਪੇਤਲੀਊਰਾ, ਪਾਵਲੋ ਸਕੋਰੋਪਾਦਸਕੀ ਵਰਗੇ ਕੁਝ ਇਤਿਹਾਸਕ ਪਾਤਰ ਵੀ ਟੈਕਸਟ ਦਾ ਹਿੱਸਾ ਬਣਦੇ ਹਨ। ਨਾਵਲ ਵਿਚ ਲੇਖਕ ਦੇ ਸਵੈ ਜੀਵਨੀ ਤੋਂ ਲਏ ਅੰਸ਼ ਵੀ ਸਾਫ ਦਿਖਾਈ ਦੇਂਦੇ ਹਨ। ਮਿਸਾਲ ਵਜੋਂ ਬੁਲਗਾਕੋਵ ਦਾ ਕੀਵ ਵਿਚ ਸਥਿਤ ਫਲੈਟ, ਜਿਹੜਾ ਅੱਜਕਲ ਅਜਾਇਬਘਰ ਵਿਚ ਤਬਦੀਲ ਹੋ ਚੁੱਕਾ ਹੈ, ਨਾਵਲ ਵਿਚ ਤੁਰਬੀਨਾਂ ਦੇ ਫਲੈਟ ਵਰਗਾ ਹੈ। ਛੋਟੇ ਤੁਰਬੀਨ ਭਰਾ ਨਿਕੋਲਕਾ ਦੇ ਪਾਤਰ ਨੂੰ ਬੁਲਗਾਕੋਵ ਨੇਆਪਣੇ ਛੋਟੇ ਭਰਾ ਦੀ ਤਰਜ ਉੱਤੇ ਘੜਿਆ ਲਭਦਾ ਹੈ। ਇੰਝ ਹੀ ਡਾਕਟਰੀ ਦੇ ਕਿੱਤੇ ਅਤੇ ਸਿਫਲਿਸ ਬਾਰੇ ਆਪਣੀ ਜਾਣਕਾਰੀ ਨੂੰ ਵੀ ਬੁਲਗਾਕੋਵ ਨਾਵਲ ਵਿਚ ਵਰਤਦਾ ਹੈ। ਕੀਵ ਵਿਚ ਹੋ ਰਹੀ ਘਰੇਲੂ ਜੰਗ ਨੂੰ ਖੁਦ ਬੁਲਗਾਕੋਵ ਨੇ ਆਪਣੇ ਪਿੰਡੇ ਉੱਤੇ ਹੰਢਾਇਆਸੀ।

ਪੂਰੇ ਨਾਵਲ ਵਿਚ ਲੇਖਕ ਪਹਿਲਾਂ ਕਿਸੇਇਕ ਪਾਤਰ ਨੂੰ ਫੋਕਸ ਵਿਚ ਲਿਆ ਕੇ ਉਸ ਨਾਲ ਹੁੰਦੇ-ਵਾਪਰਦੇ ਅਤੇ ਉਹਦੇ ਰਾਹੀਂ ਸ਼ਹਿਰ ਵਿਚ ਘਟ ਰਹੀਆ ਵਾਰਦਾਤਾਂ ਨੂੰ ਵਿਖਾਂਦਾ ਹੈ, ਅਤੇ ਫੇਰ ਕਿਸੇ ਦੂਸਰੇ ਪਾਤਰ ਨੂੰ ਲੈ ਕੇ ਉਸਦੀ ਨਿੱਜੀ ਅਤੇ ਬਾਹਰੀ ਤਰਾਸਦੀ ਦਾ ਦ੍ਰਿਸ਼-ਚਿਤਰਣ ਕਰਦਾ ਹੈ। ਕਈ ਵਾਰ ਤੁਰਬੀਨ ਪਰਵਾਰ ਸਿੱਧੇ ਰੂਪ ਵਿਚ ਉਨ੍ਹਾਂ ਘਟਨਾਵਾਂ ਨਾਲ ਨਹੀਂ ਵੀ ਜੁੜਿਆ ਹੁੰਦਾ, ਜਿਸਨੂੰ ਲੇਖਕ ਵਿਖਾ ਰਿਹਾ ਹੁੰਦਾ ਹੈ। ਪਰੰਤੂ ਉਨ੍ਹਾਂ ਦੀ ਹਾਜ਼ਰੀ ਹਰ ਵੇਲੇ ਪਾਠਕ ਮਹਿਸੂਸ ਕਰ ਰਿਹਾ ਹੁੰਦਾ ਹੈ। ਇਕ ਪਰਵਾਰ ਦੀ ਤਰਾਸਦੀ ਰਾਹੀਂ ਵੱਡੀ ਤਰਾਸਦੀ ਦਾ ਮਨੁੱਖੀ ਕੋਣ ਪਾਠਕ ਮੂਹਰੇ ਬੜੀ ਸ਼ਿੱਦਤ ਨਾਲ ਪੇਸ਼ ਹੁੰਦਾ ਹੈ। ਕਰਾਫਟ ਦੇ ਟੂਲਜ਼ ਵਜੋਂ ਸੁਪਨਿਆਂ ਨੂੰ ਸਮੇਂ ਦੀ ਪਿਛਲ-ਝਾਤ ਪੁਆਣ ਲਈਅਤੇ ਕਿਆਮਤ ਨੂੰ ਜੀਵਨ ਦੀ ਨਿਰੰਤਰਤਾ ਵਿਖਾਣ ਲਈ ਵਰਤਿਆ ਗਿਆ ਹੈ।ਯਥਾਰਥ, ਫੈਂਟੈਸੀ ਅਤੇ ਵਿਅੰਗ ਨਾਲ ਭਰਪੂਰ ਬੁਲਗਾਕੋਵ ਦੀਆਂ ਲਿਖਤਾਂ ਵਿਚ ਆਲੋਚਕਾਂ ਨੂੰਉਸ ਉੱਤੇ ਨਿਕੋਲਾਈ ਗੋਗਲ ਦਾਵੱਡਾ ਪ੍ਰਭਾਵ ਵਿਖਾਈ ਦੇਂਦਾ ਹੈ।

ਅਮੀਰਾਂ ਅਤੇ ਵਿਸ਼ੇਸ਼ ਤੌਰ ਤੇ ਯਹੂਦੀਆਂ ਉੱਤੇ ਢਾਹੇ ਜਾਂਦੇ ਜ਼ੁਲਮਾਂ ਦਾ ਜ਼ਿਕਰ ਨਾਵਲ ਵਿਚ ਕਈ ਵਾਰ ਆਉਂਦਾ ਹੈ:

"ਹਾਂ, ਮੌਤ ਨੇ ਆਪਣੀ ਦਾਤਰੀ ਚਲਾਉਣ ਵਿੱਚ ਕੋਈ ਢਿੱਲ ਨਹੀਂ ਕੀਤੀ। ਯੂਕਰੇਨ ਦੇ ਰਾਹਾਂ ਉੱਤੇ ਪਹਿਲਾਂ ਇਹ ਦਾਤਰੀ ਪਤਝੜ ਵਿੱਚ ਅਤੇ ਫਿਰ ਸਰਦੀਆਂ ਵਿੱਚ ਸੁੱਕੀ ਬਰਫ਼ਬਾਰੀ ਦੇ ਨਾਲ-ਨਾਲ ਚਲਦੀ ਗਈ। ਜੰਗਲਾਂ ਵਿੱਚ ਵੀ ਮਸ਼ੀਨ-ਗੰਨਾਂ ਦੀਆਂ ਗੋਲੀਆਂ ਦੀ ਗੂੰਜ ਸੁਣਾਈ ਦੇਣ ਲੱਗੀ। ਮੌਤ ਖ਼ੁਦ ਤਾਂ ਵਿਖਾਈ ਨਹੀਂ ਦੇ ਰਹੀ ਸੀ, ਪਰ ਉਸ ਤੋਂ ਪਹਿਲਾਂ ਕਿਸਾਨਾਂ ਦੇ ਗੁੱਸੇ ਦੀ ਤਾਬ ਸਪਸ਼ਟ ਦੇਖੀ ਜਾ ਸਕਦੀ ਸੀ। ਕਿਸਾਨਾਂ ਦੀ ਇੱਕ ਬੇਢੰਗੀ ਜਿਹੀ ਲਹਿਰ ਨੇ ਕਹਿਰ ਮਚਾਇਆ ਹੋਇਆ ਸੀ। ਬਰਫੀਲੇ ਤੂਫਾਨ ਅਤੇ ਠੰਡ ਦੇ ਨਾਲ-ਨਾਲ ਟੁੱਟੀਆਂ ਬਾਸਟ ਜੁੱਤੀਆਂ ਪਾ ਕੇ ਦੌੜੇ ਜਾਂਦੇ ਯੂਕਰੇਨੀ ਕਿਸਾਨਾਂ ਦੇ ਘਾਹ-ਤੂੜੀ ਨਾਲ ਅੱਟੇ ਖਿਲਰੇ ਵਾਲਾਂ ਵਿੱਚੋਂ ਇਹ ਰੋਹ ਚੀਕਾਂ-ਚਾਂਘਰਾਂ ਮਾਰਦਾ ਦਿਖਾਈ ਦਿੰਦਾ ਸੀ। ਇਸ ਰੋਹ ਨੇ ਆਪਣੇ ਹੱਥਾਂ ਵਿੱਚ ਇੱਕ ਮੋਟੀ-ਲੰਮੀ ਡਾਂਗ ਚੁੱਕੀ ਹੋਈ ਸੀ, ਡਾਂਗ ਜਿਸਦੇ ਬਿਨਾਂ ਰੂਸ ਵਿੱਚ ਕੋਈ ਵੱਡੀ ਤਬਦੀਲੀ ਨਹੀਂ ਲਿਆਂਦੀ ਜਾ ਸਕਦੀ ਹੈ। ਕਦੀ ਕਿਤੇ ਅਤੇ ਕਦੀ ਕਿਤੇ ਖੇਤਾਂ ਵਿੱਚ ਪਏ ਘਾਹ-ਪਰਾਲੀ ਦੇ ਢੇਰਾਂ ਵਿੱਚੋਂ ਨਿਕਲਦੀਆਂ ਅੱਗ ਦੀਆਂ ਲਾਟਾਂ ਦਾ ਸ਼ੋਰ ਇੰਜ

ਲੱਗਦਾ ਸੀ ਜਿਵੇਂ ਲਾਲ ਕੁੱਕੜ ਬਾਂਗਾਂ ਦੇਣ ਲੱਗੇ ਹੋਣ। ਹੋਰਨਾਂ ਥਾਵਾਂ ਉੱਤੇ ਡੁੱਬਦੇ ਸੂਰਜ ਦੀ ਲਾਲੀ ਵਿੱਚ ਕਿਸੇ ਅਮੀਰ ਯਹੂਦੀ ਨੂੰ ਉਸਦਾ ਨਰ-ਅੰਗ ਬੰਨ੍ਹ ਕੇ ਟੰਗਿਆ ਹੁੰਦਾ।

ਇਕ ਹੋਰ ਥਾਂ ਇਕ ਅਮੀਰ ਯਹੂਦੀ ਦੇ ਕਤਲ ਬਾਰੇ ਨਾਵਲ ਵਿਚ ਬਿਆਨ ਹੈ:

"ਯਾਕੋਵ ਗ੍ਰਿਗੋਰੀਏਵਿਚ ਦੀ ਟੋਪੀ ਖਿਸਕੀ ਹੋਈ ਸੀ ਅਤੇ ਉਸਦੀਆਂ ਅੱਖਾਂ ਵਿਚ ਦਹਿਸ਼ਤ ਸੀ। ਉਹ ਕੰਧ ਦੀ ਆੜ ਵਿੱਚ ਲੁਕ-ਛਿਪ ਕੇ ਅੱਗੇ ਵਧ ਰਿਹਾ ਸੀ। ਉਹ ਮਨ ਹੀ ਮਨ ਰੱਬ ਦੇ ਹਾੜੇ ਕੱਢ ਰਿਹਾ ਸੀ: ਏਥੋਂ ਇੱਕ ਵਾਰੀ ਬਚ ਕੇ ਨਿਕਲ ਜਾਵਾਂ...

"ਰੁਕ ਜਾ! ਤੂੰ ਕਿੱਧਰ ਚੱਲਿਆ ਏਂ?

ਗਲਾਂਬਾ ਘੋੜੇ ਦੀ ਕਾਠੀ ਤੋਂ ਝੁਕਿਆ।

ਫੇਲਡਮਨ ਦਾ ਚਿਹਰਾ ਡਰ ਨਾਲ ਲਾਖਾ ਹੋ ਗਿਆ, ਉਸਦੀਆਂ ਅੱਖਾਂ ਵਿੱਚ ਖੌਫ਼ ਸੀ ਕਿਉਂਕਿ ਉਸਨੇ ਪੇਤਲਿਊਰਾ ਦੇ ਯੂਕਰੇਨੀ ਘੋੜਸਵਾਰਾਂ ਦੀਆਂ ਟੋਪੀਆਂ ਉੱਤੋਂ ਪੂਛਾਂ ਵਾਂਗ ਲਮਕਦੇ ਹਰੇ ਰਿਬਨ ਵੇਖ ਲਏ ਸਨ।

"ਜਨਾਬ, ਮੈਂ ਤਾਂ ਇੱਕ ਗੈਰ-ਫੌਜੀ ਬੰਦਾ ਹਾਂ। ਮੇਰੀ ਘਰਵਾਲੀ ਬੱਚਾ ਜੰਮਣ ਵਾਲੀ ਏ। ਮੈਂ ਦਾਈ ਨੂੰ ਲੈਣ ਚੱਲਿਆਂ।

"ਦਾਈ ਨੂੰ ਲੈਣ ਚੱਲਿਆ ਏਂ? ਪਰ ਤੂੰ, ਕੁੱਤਿਆ ਯਹੂਦੀਆ, ਕੰਧਾਂ ਦੇ ਓਹਲੇ ਕਿਉਂ ਲੁਕਦਾ ਫਿਰਦਾ ਸੈਂ?

"ਜਨਾਬ, ਮੈਂ...:

ਓਸੇ ਵੇਲੇ ਇੱਕ ਚਾਬਕ ਉਸਦੇ ਫਰ-ਕਾਲਰ ਵਾਲੀ ਧੌਣ ਦੇ ਦੁਆਲੇ ਸੱਪ ਵਾਂਗ ਕੱਸੀ ਗਈ। ਫੇਲਡਮਨ ਨੂੰ ਅੰਤਾਂ ਦੀ ਪੀੜ ਹੋਈ। ਉਸਦੀਆਂ ਚੀਕਾਂ ਨਿਕਲ ਗਈਆਂ। ਹੁਣ ਉਸਦੇ ਚਿਹਰੇ ਦਾ ਰੰਗ ਲਾਖਾ ਨਹੀਂ ਬਲਕਿ ਚਾਕ ਵਰਗਾ ਚਿੱਟਾ ਸੀ। ਉਹਦੀਆਂ ਅੱਖਾਂ ਮੂਹਰੇ ਪਤਨੀ ਦਾ ਚਿਹਰਾ ਘੁੰਮ ਰਿਹਾ ਸੀ।

- "ਸ਼ਨਾਖ਼ਤੀ ਕਾਗ਼ਜ਼ ਵਿਖਾ !

ਫੇਲਡਮਨ ਨੇ ਦਸਤਾਵੇਜ਼ਾਂ ਵਾਲਾ ਆਪਣਾ ਬਟੂਆ ਕੱਢਿਆ ਅਤੇ ਇਸਨੂੰ ਖੋਲ੍ਹ ਕੇ ਜਿਹੜਾ ਵੀ ਪਹਿਲਾ ਕਾਗਜ਼ ਉਸਦੇ ਹੱਥ ਵਿਚ ਆਇਆ ਉਸਨੂੰ ਵੇਖਦਿਆਂ ਹੀ ਫੇਲਡਮਨ ਨੂੰ ਕੰਬਣੀ ਛਿੜ ਪਈ... ਓਹ ਤੇਰੀ! ਹਾਇ ਓਏਰੱਬਾ! ਇਹ ਮੈਂ ਕੀਤਾ? ਯਾਕੋਵ ਗ੍ਰਿਗੋਰੀਏਵਿਚ, ਇਹ ਤੂੰ ਕਿਹੜਾ ਕਾਗਜ਼ ਲਿਆ ਜੇ? ਪਰ ਹੁਣ ਕੀ ਕੀਤਾ ਜਾ ਸਕਦਾ ਸੀ? ਜਦੋਂ ਬੈੱਡਰੂਮ ਵਿੱਚ ਜਣੇਪੇ ਦੀ ਪੀੜ ਸਹਾਰਦੀ ਹੋਈ ਉਸਦੀ ਪਤਨੀ ਹਾਹਾਕਾਰ ਮਚਾ ਰਹੀ ਸੀ ਤਾਂ ਓਦੋਂ ਉਸ ਕੋਲ ਸ਼ਨਾਖ਼ਤੀ ਕਾਗਜ਼ਾਂ ਵਰਗੀ ਮਾਮੂਲੀ ਜਿਹੀ ਚੀਜ਼ ਬਾਰੇ ਸੋਚਣ ਦਾ ਵਕਤ ਹੀ ਕਿੱਥੇ ਸੀ? ਮਾੜੀ ਕਿਸਮਤ ਤੇਰੀ, ਫੇਲਡਮਨਾ! ਗਲਾਂਬਾ ਨੇ ਦਸਤਾਵੇਜ਼ ਨੂੰ ਤੁਰੰਤ ਉਹਦੇ ਹੱਥਾਂ ਵਿਚੋਂ ਖੋਹ ਲਿਆ। ਸਰਕਾਰੀ ਮੋਹਰ ਵਾਲਾ ਇਹ ਪਤਲਾ ਜਿਹਾ ਕਾਗਜ਼ ਦਰਅਸਲ ਫੇਲਡਮਨ ਦੀ ਮੌਤ ਦਾ ਵਰੰਟ ਸਾਬਤ ਹੋ ਗਿਆ ਸੀ। ਉਸ ਉੱਤੇ ਲਿਖਿਆ ਹੋਇਆ ਸੀ:

÷ਇਸ ਦਸਤਾਵੇਜ਼ ਦੇ ਧਾਰਕ ਸਿਰੀਮਾਨ ਫੇਲਡਮਨ ਯਾਕੋਵ ਗ੍ਰਿਗੋਰੀਏਵਿਚ ਨੂੰ ਸ਼ਹਿਰੀ ਗੈਰੀਸਨ ਦੀਆਂ ਯੂਨਿਟਾਂ ਵਾਸਤੇ ਬਖ਼ਤਰਬੰਦ ਗੱਡੀਆਂ ਦੀ ਸਪਲਾਈ ਕਰਨ ਦੇ ਸੰਬੰਧ ਵਿੱਚ ਅਧਿਕਾਰਤ ਕਾਰੋਬਾਰ ਕਰਨ ਲਈ ਸ਼ਹਿਰ ਵਿੱਚੋਂ ਬਾਹਰ ਜਾਣ ਅਤੇ ਸ਼ਹਿਰ ਵਿੱਚ

ਦਾਖ਼ਲ ਹੋਣ ਦੀ ਆਗਿਆ ਹੈ ਅਤੇ ਇਸਦੇ ਨਾਲ ਹੀ ਰਾਤ ਨੂੰ 12 ਵਜੇ ਤੋਂ ਬਾਅਦ ਸ਼ਹਿਰ ਵਿੱਚ ਘੁੰਮਣ ਦੀ ਪੂਰੀ ਖੁਲ੍ਹ ਹੈ।

ਮੁੱਖ ਸਪਲਾਈ ਸੇਵਾ ਅਧਿਕਾਰੀ, ਮੇਜਰ ਜਨਰਲ ਇਲਾਰੀਓਨੋਵ

ਸਹਾਇਕ ਅਧਿਕਾਰੀ- ਲੈਫਟੀਨੈਂਟ ਲੇਛਿੰਸਕੀ।

ਫੇਲਡਮਨ ਵੱਲੋਂ ਜਨਰਲ ਕਰਤੂਜ਼ੋਵ ਨੂੰ ਬੰਦੂਕਾਂ ਲਈ ਅਰਧ-ਲੁਬਰੀਕੈਂਟ ਵਜੋਂ ਚਰਬੀ ਅਤੇ ਵੈਸਲੀਨ ਦੀ ਸਪਲਾਈ ਕੀਤੀ ਜਾਂਦੀ ਸੀ।

"ਮੈਨੂੰ ਬਚਾ ਲਾ ਮੇਰਿਆ ਰੱਬਾ! ਕਰ ਦੇ ਕੋਈ ਚਮਤਕਾਰ,!

"ਜਨਾਬ ਸਰਜੈਂਟ, ਇਹ ਸਹੀ ਦਸਤਾਵੇਜ਼ ਨਹੀਂ ਏ! ... ਮਾਫ਼ ਕਰਨਾ ...

"ਨਹੀਂ, ਇਹੀ ਸਹੀ ਕਾਗਜ਼ ਏ,ਗਲਾਂਬਾ ਨੇ ਮੁਸਕਰਾਉਂਦਿਆਂ ਸ਼ੈਤਾਨੀ ਆਵਾਜ਼ ਕੱਢੀ, "ਤੂੰ ਬਹੁਤਾ ਫਿਕਰ ਨਾ ਕਰ, ਅਸੀਂ ਵੀ ਪੜ੍ਹੇ-ਲਿਖੇ ਹਾਂ, ਅਸੀਂ ਖੁਦ ਪੜ੍ਹ ਸਕਦੇ ਆਂ।

"ਹੇ ਰੱਬਾ! ਕਰ ਦੇ ਕੋਈ ਚਮਤਕਾਰ! ਮੇਰੇ ਕੋਲ ਗਿਆਰਾਂ ਹਜ਼ਾਰ ਰੂਬਲ ਨੇ ... ਇਹ ਸਾਰੇ ਰੱਖ ਲਓ। ਬੱਸ, ਮੇਰੀ ਜਾਨ ਬਖਸ਼ ਦਿਓ! ਜਨਾਬ, ਮੈਨੂੰ ਜਾਣ ਦਿਓ! ਮੇਰਾ ਤਰਲਾ ਏ!

ਪਰ ਜਾਨ ਬਖਸ਼ੀ ਨਹੀਂ ਗਈ।

ਇਹ ਗੱਲ ਘੱਟੋ-ਘੱਟ ਤਸੱਲੀ ਵਾਲੀ ਸੀ ਕਿ ਫੇਲਡਮਨ ਇੱਕ ਸੌਖੀ ਮੌਤ ਮਰ ਗਿਆ ਸੀ। ਸਰਜੈਂਟ ਗਲਾਂਬਾ ਕੋਲ ਵਕਤ ਬਹੁਤ ਥੋੜਾ ਸੀ। ਸੋ, ਉਸਨੇ ਆਪਣੀ ਤਲਵਾਰ ਦੇ ਇੱਕੋ ਝਟਕੇ ਨਾਲ ਫੇਲਡਮਨ ਦਾ ਸਿਰ ਧੜ ਨਾਲੋਂ ਵੱਖਰਾ ਕਰ ਦਿੱਤਾ ਸੀ।

ਨਾਵਲ ਵਿਚ ਬਹੁਤ ਸਾਰੇ ਦ੍ਰਿਸ਼ਾਂ ਦਾ ਚਿਤਰਣ ਤਾਂ ਲੂੰਅ ਕੰਡੇ ਖੜੇ ਕਰਨ ਵਾਲਾ ਹੈ, ਜਿਵੇਂ ਅਣਪਛਾਤੀਆਂ ਲਾਸ਼ਾਂ ਦੇ ਢੇਰ ਵਿਚੋਂ ਆਪਣੇ ਬੰਦੇ ਦੀ ਲਾਸ਼ ਪਛਾਨਣ ਵਾਲਾ ਦ੍ਰਿਸ਼:

"ਨੰਗੀਆਂ ਲਾਸ਼ਾਂ ਲੱਕੜਾਂ ਦੇ ਢੇਰ ਵਾਂਗ ਇੱਕ-ਦੂਜੇ ਉੱਤੇ ਪਈਆਂ ਹੋਈਆਂ ਸਨ। ਨਸ਼ਾਦਰ ਸੁੰਘਣ ਦੇ ਬਾਵਜੂਦ ਨਿਕੋਲਕਾ ਨੇ ਮਨੁੱਖੀ ਲਾਸ਼ਾਂ ਦੀ ਅਸਹਿ, ਦਮ-ਘੁੱਟਵੀਂ ਸੜ੍ਹਾਂਦ ਮਹਿਸੂਸ ਕੀਤੀ। ਕਿਸੇ ਲਾਸ਼ ਦੀਆਂ ਲੱਤਾਂ ਆਕੜੀਆਂ ਹੋਈਆਂ ਸਨ ਤੇ ਕਿਸੇ ਦੀਆਂ ਮਲਕੜੇ ਜਿਹੇ ਹੇਠਾਂ ਲਿਫੀਆਂ ਹੋਈਆਂ ਸਨ। ਔਰਤਾਂ ਦੇ ਸਿਰਾਂ ਉੱਤੇ ਵਾਲ ਖਿਲਰੇ ਹੋਏ ਸਨ। ਉਨ੍ਹਾਂ ਦੀਆਂ ਛਾਤੀਆਂ ਕੱਟੀਆਂ, ਮਸਲੀਆਂ ਅਤੇ ਝਰੀਟੀਆਂ ਹੋਈਆਂ ਸਨ।

"ਖੈਰ, ਹੁਣ ਅਸੀਂ ਇਨ੍ਹਾਂ ਨੂੰ ਉਲਟਾਅ-ਪੁਲਟਾਅ ਕੇ ਵੇਖਾਂਗੇ, ਤੁਸੀਂ ਜ਼ਰਾ ਧਿਆਨ ਨਾਲ ਵੇਖ ਲੈਣਾ,"ਚੌਕੀਦਾਰ ਫਿਓਦਰ ਨੇ ਹੇਠਾਂ ਝੁਕਦਿਆਂ ਕਿਹਾ। ਉਸਨੇ ਇੱਕ ਔਰਤ ਦੀ ਲਾਸ਼ ਨੂੰ ਲੱਤ ਤੋਂ ਫੜ ਕੇ ਖਿੱਚਿਆ ਅਤੇ ਉਹ ਦੁਸਰੀਆਂ ਲਾਸ਼ਾਂ ਦੀ ਚਿਕਨਾਈ ਉੱਤੇਤਿਲਕਦੀ ਹੋਈ ਧੜੱਮ ਕਰਕੇ ਹੇਠਾਂ ਫਰਸ਼ ਉੱਤੇ ਖਿਸਕ ਗਈ। ਨਿਕੋਲਕਾ ਨੂੰ ਲੱਗਾ ਕਿ ਉਹ ਔਰਤ ਭਿਅੰਕਰ ਹੱਦ ਤੱਕ ਸੁਹਣੀ ਸੀ- ਕੋਈ ਜਾਦੂਗਰਨੀ। ਪਰ ਉਸਦੀ ਲਾਸ਼ ਚਿਪਚਿਪੀ ਸੀ। ਉਸਦੀਆਂ ਅੱਖਾਂ ਖੁੱਲ੍ਹੀਆਂ ਹੋਈਆਂ ਸਨ ਅਤੇ ਸਿੱਧੀਆਂ ਫਿਓਦਰ ਵੱਲ ਝਾਕ ਰਹੀਆਂ ਸਨ। ਨਿਕੋਲਕਾ ਨੇ ਉਸ ਲਾਸ਼ ਦੀ ਕਮਰ ਦੁਆਲੇ ਲਾਲ ਪੱਟੀ ਵਾਂਗ ਲੱਗੇ ਇੱਕ ਗਹਿਰੇ ਜ਼ਖ਼ਮ ਵੱਲੋਂਆਪਣੀਆਂ ਅੱਖਾਂ ਬੜੀ ਮੁਸ਼ਕਲ ਨਾਲ ਹਟਾਈਆਂ। ਇਹ ਸੋਚ ਕੇ ਉਸਦਾ ਸਿਰ ਚਕਰਾਅ ਰਿਹਾ ਸੀ ਕਿ ਚਿਪਚਿਪੀਆਂ ਲਾਸ਼ਾਂ ਦੇ ਇਸ ਬਹੁ-ਪਰਤੀ ਪੂਰੇ ਢੇਰ ਨੂੰ ਸ਼ਾਇਦ ਉੱਲਟਾਅ-ਪਲਟਾਅ ਕੇ ਵੇਖਣਾ ਪਵੇਗਾ।

ਸ਼ਹਿਰ ਵਿਚ ਖ਼ੂਨ ਖਰਾਬੇ ਦਾ ਬੋਲਬਾਲਾ ਹੈ, ਪਰੰਤੂ ਆਪਣੇ ਸ਼ਹਿਰ ਨੂੰ ਨਿਹਾਰਨ ਤੋਂ ਲੇਖਕ ਫੇਰ ਵੀ ਨਹੀਂ ਉਕਦਾ। ਉਹ ਪਾਠਕ ਨੂੰਆਪਣੇ ਸ਼ਹਿਰ ਦੀਆਂ ਗਲੀਆਂ ਤੇ ਭਵਨ ਨਿਰਮਾਣ ਕਲਾ ਦੇ ਨਮੂਨਿਆਂ ਦੇ ਦਰਸ਼ਨ ਨਾਲੋ-ਨਾਲ ਕਰਵਾ ਰਿਹਾ ਹੈ:

"ਅਚਾਨਕ ਹੀ ਗਿਰਜਾਘਰ ਦੇ ਦੋ ਗੁੰਬਦਾਂ ਵਿਚਕਾਰ ਧੁੰਦਲੇ ਅਸਮਾਨ ਵਿੱਚ ਇੱਕ ਸਲੇਟੀ ਪਾੜ ਪੈ ਗਿਆ ਜਿਸ ਵਿੱਚੋਂ ਸੂਰਜ ਵਿਖਾਈ ਦਿੱਤਾ। ਏਨਾ ਵੱਡਾ ਸੂਰਜ ਯੂਕਰੇਨ ਵਿੱਚ ਇਸ ਤੋਂ ਪਹਿਲਾਂ ਕਿਸੇ ਨੇ ਕਦੀ ਵੀ ਨਹੀਂ ਵੇਖਿਆ ਸੀ। ਉਹ ਬਿਲਕੁਲ ਲਹੂ ਵਰਗਾ ਲਾਲ ਸੀ। ਇਹ ਲਾਲ ਸੂਰਜ ਬੱਦਲਾਂ ਦੀ ਮੋਟੀ ਚਾਦਰ ਦੇ ਪਿੱਛੋਂ ਗਾੜ੍ਹੇ ਲਹੂ ਅਤੇ ਮਿੱਝ ਦੀਆਂ ਧਾਰੀਆਂ ਵਾਂਗ ਆਪਣੀਆਂ ਕਿਰਨਾਂ ਲਗਾਤਾਰ ਦੂਰ-ਦੂਰ ਤੱਕ ਛਿੜਕ ਰਿਹਾ ਸੀ। ਗੋਲ ਸੂਰਜ ਨੇ ਸੇਂਟ ਸੋਫੀਆ ਗਿਰਜਾਘਰ ਦੇ ਮੁੱਖ ਗੁੰਬਦ ਨੂੰ ਲਹੂ-ਲੁਹਾਨ ਕਰ ਦਿੱਤਾ ਸੀ।

ਏਨੇ ਭੈੜੇ ਅਤੇ ਬੇਯਕੀਨੀ ਵਾਲੇ ਹਾਲਾਤ ਵਿਚ ਵੀ ਲੇਖਕ ਆਸ ਦਾ ਪੱਲਾ ਨਹੀਂ ਛਡਦਾ:

"ਯੂਕਰੇਨ ਦੀ ਧਰਤੀ ਉੱਤੇ ਜੰਮੀ ਬਰਫ਼ ਪਿਘਲ ਜਾਵੇਗੀ, ਇਸ ਦੇ ਖੇਤਾਂ ਵਿੱਚ ਹਰਿਆ ਘਾਹ ਉੱਗੇਗਾ ਜਿਹੜਾ ਸਾਰੀ ਧਰਤੀ ਉੱਤੇ ਹਰੀ ਚਾਦਰ ਵਿਛਾ ਦੇਵੇਗਾ... ਧਰਤੀ ਵਿੱਚੋਂ ਹਰੇ ਕੋਮਲ ਬੂਟੇ ਉੱਗਣਗੇ... ਫਸਲਾਂ ਉੱਤੇ ਨਿੱਘੀਆਂ ਹਵਾਵਾਂ ਚੱਲਣਗੀਆਂ ਅਤੇ ਕਿਤੇ ਵੀ ਖ਼ੂਨ ਦਾ ਕੋਈ ਨਿਸ਼ਾਨ ਨਹੀਂ ਦਿਸੇਗਾ। ਜੰਗ ਦੇ ਮੈਦਾਨ ਵਿੱਚ ਖ਼ੂਨ ਸਸਤਾ ਹੈਅਤੇ ਕੋਈ ਵੀ ਇਸ ਦਾ ਮੁੱਲ ਨਹੀਂ ਤਾਰ ਸਕਦਾ।

ਕੋਈ ਵੀ ਨਹੀਂ ਤਾਰ ਸਕੇਗਾ।

ਇਸ ਵੇਲੇ, ਸਾਲ 2023 ਵਿਚ, ਯੂਕਰੇਨ ਦੀ ਧਰਤੀ ਉੱਤੇਲੜੀ ਜਾ ਰਹੀ ਲੜਾਈ ਨੂੰ ਵੇਖ ਕੇ ਇੰਝ ਲਗਦਾ ਹੈ ਜਿਵੇਂ'ਸਫ਼ੈਦ ਗਾਰਦ' ਵਿਚਲਾ ਤੁਰਬੀਨ ਪਰਵਾਰ ਅਜੇ ਵੀ 100 ਸਾਲ ਪਹਿਲਾਂ ਵਾਲੇ ਹਾਲਾਤ ਨਾਲ ਜੂਝ ਰਿਹਾ ਹੈ।


ਪੁਸਤਕ **'ਲੰਮੇ ਪੈਂਡਿਆਂ ਦਾ ਪਾਂਧੀ'** ਜਗਜੀਤ ਸਿੰਘ ਆਨੰਦ ਦੇ ਜੀਵਨ ਅਤੇ ਉਨ੍ਹਾਂ ਦੇ ਕੰਮਾਂ ਦਾ ਭਰਪੂਰ ਲੇਖਾ-ਜੋਖਾ ਹੈ। ਇਨ੍ਹਾਂ ਕੰਮਾਂ ਵਿਚ ਉਨ੍ਹਾਂ ਦਾ ਅਨੁਵਾਦ, ਸਾਹਿਤ ਸਿਰਜਣਾ ਅਤੇ ਪੱਤਰਕਾਰੀ ਸ਼ਾਮਲ ਹੈ। ਉਨ੍ਹਾਂ ਦੇ ਜੀਵਨ ਪਾਸਾਰਾਂ ਵਿਚ ਉਨ੍ਹਾਂ ਦੀ ਰਾਜਸੀ ਸੂਝ ਦੀਆਂ ਵੱਖੋ-ਵੱਖਰੀਆਂ ਪਰਤਾਂ ਬਾਰੇ ਜਾਣਕਾਰੀ ਇਸ ਦਸਤਾਵੇਜ਼ ਦੇ ਆਰ-ਪਾਰ ਫੈਲੀ ਹੋਈ ਹੈ। **- ਪ੍ਰਕਾਸ਼ਕ**

**ਲੰਮੇ ਪੈਂਡਿਆਂ ਦਾ ਪਾਂਧੀ:ਜਗਜੀਤ ਸਿੰਘ ਆਨੰਦ**

**ਸੰਪਾਦਕ: ਰਜਨੀਸ਼ ਬਹਾਦਰ ਸਿੰਘ**

**ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਪੰਨੇ: 320 ਮੁੱਲ: 280/-**

# ਸਮਕਾਲੀ ਸਾਹਿਤ ਨੂੰ ਵਾਚਦਿਆਂ

ਇਸ ਅੰਕ ਵਿਚ ਹੇਠ ਲਿਖੀਆਂ ਪੁਸਤਕਾਂ ਬਾਰੇ ਚਰਚਾ ਕੀਤੀ ਗਈ ਹੈ:

1. ਅਤਰਜੀਤ, ਅਬ ਜੂਝਣ ਕੋ ਦਾਓ, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਬਠਿੰਡਾ, 2022

2. ਕੁਲਜੀਤ ਮਾਨ, ਮੀਰਾ ਦੀ ਬੰਸਰੀ, ਸਪਤਰਿਸ਼ੀ ਪ੍ਰਕਾਸ਼ਨ, ਚੰਡੀਗੜ੍ਹ, 2022

3. ਬਲਬੀਰ ਪਰਵਾਨਾ, ਟਰਾਲੀ ਯੁੱਗ, ਚੇਤਨਾ ਪ੍ਰਕਾਸ਼ਨ, ਪਟਿਆਲਾ, 2022

4. ਧਰਮ ਕੰਮੇਆਣਾ, 378 ਦਿਨ ਜਿਨ੍ਹਾਂ ਦਿੱਲੀ ਹਿਲਾ ਦਿੱਤੀ, ਸਨਾਵਰ ਪਬਲੀਕੇਸ਼ਨ, ਪਟਿਆਲਾ, 2023

5. ਬਲਬੀਰ ਮਾਧੋਪੁਰੀ (ਸੰਪਾ.) ਕੁਲਬੀਰ ਬਡੇ ਸਰੋਂ ਦੀਆਂ ਇਕੱਤੀ ਕਹਾਣੀਆਂ, ਨਵਯੁੱਗ ਪਬਲਿਸ਼ਰਜ਼, ਦਿੱਲੀ, 2022

ਅਤਰਜੀਤ ਮੂਲ ਰੂਪ ਵਿਚ ਕਹਾਣੀਕਾਰ ਹੈ ਤੇ ਉਹ ਇਸ ਖੇਤਰ ਵਿਚ ਪਿਛਲੇ ਪੰਜ ਦਹਾਕਿਆਂ ਤੋਂ ਸਰਗਰਮ ਹੈ। "ਅਬ ਜੂਝਣ ਕੋ ਦਾਓ" ਉਸ ਦਾ ਪਹਿਲਾ ਨਾਵਲ ਹੈ। ਨਾਵਲ ਦੇ ਸ਼ੁਰੂ ਵਿਚ ਇਸ ਨੂੰ ਇਤਹਾਸਕ ਨਾਵਲ ਕਿਹਾ ਗਿਆ ਹੈ ਅਤੇ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਪੰਜਾਬੀ ਵਿਚ ਏਨੇ ਵੱਡੇ ਕਲਾਵੇ ਵਾਲਾ ਇਹ ਪਹਿਲਾ ਨਾਵਲ ਹੈ ਜੋ ਪੰਜਾਬ ਦੇ ਅੰਗਰੇਜ਼ਾਂ ਦੇ ਕਬਜ਼ੇ ਹੇਠ ਆਉਣ ਤੋਂ ਲੈ ਕੇ ਪਿਛਲੇ ਸਾਲ ਦੇ ਕਿਸਾਨੀ ਸੰਘਰਸ਼ ਤੱਕ ਦੇ ਸਮੇਂ ਨੂੰ ਪੇਸ਼ ਕਰਨ 'ਤੇ ਕੇਂਦ੍ਰਿਤ ਹੈ। ਜਦੋਂ ਅਸੀਂ ਇਸ ਨਾਵਲ ਦਾ ਅਧਿਐਨ ਕਰਦੇ ਹਾਂ ਤਾਂ ਟੈਕਸਟ ਵਿਚਲੇ ਵੇਰਵਿਆਂ ਤੋਂ ਪਤਾ ਚਲਦਾ ਹੈ ਕਿ ਇਹ ਨਾਵਲ ਤਕਰੀਬਨ 19ਵੀਂ ਸਦੀ ਦੇ ਪਿਛਲੇ ਦਹਾਕੇ, ਜਦੋਂ ਅੰਗਰੇਜ਼ਾਂ ਦੁਆਰਾ ਨਹਿਰੀ ਕਲੋਨੀਆਂ ਵਿਕਸਿਤ ਕਰਕੇ ਜ਼ਮੀਨਾਂ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਸਨ ਤੇ ਉਨ੍ਹਾਂ ਨੇ ਮੁਆਮਲਾ ਜਿਨਸ ਦੀ ਥਾਂ ਨਕਦੀ ਵਿਚ ਉਗਰ ਹੁਣਾ ਸ਼ੁਰੂ ਕਰ ਦਿੱਤਾ ਸੀ, ਜੋ ਕਿ ਕਿਸਾਨੀ ਲਈ ਦੇ ਸਕਣਾ ਮੁਸ਼ਕਿਲ ਸੀ। ਇਸ ਕਰਕੇ ਕੁਝ ਕਿਸਾਨੀ ਅੰਗਰੇਜ਼ਾਂ ਦੇ ਕਬਜ਼ੇ ਵਾਲੇ ਪੰਜਾਬ 'ਚੋਂ ਬਾਹਰ ਰਿਆਸਤਾਂ ਵਾਲੇ ਪੰਜਾਬ ਵੱਲ ਜਾਣਾ ਸ਼ੁਰੂ ਕਰ ਦੇਂਦੇ ਹਨ ਤਾਂ ਕਿ ਕਰਜ਼ਾਈ ਹੋਣ ਤੋਂ ਬਚੇ ਰਹਿ ਸਕਣ, ਪਰ ਇਸੇ ਹੀ ਨਾਵਲ ਵਿਚ ਰਿਆਸਤੀ ਕਿਸਾਨ ਵੀ ਰਾਜਿਆਂ ਦੇ ਜ਼ੁਲਮ ਤੇ ਐਸ਼ਪ੍ਰਸਤੀ ਤੋਂ ਤੰਗ ਆ ਕੇ ਦੂਸਰੇ ਇਲਾਕਿਆਂ ਵਿਚ ਜਾਂਦੇ ਨਜ਼ਰ ਆਉਂਦੇ ਹਨ। ਨਾਵਲ ਵਿਚ ਇਸ ਸਮੇਂ ਦੌਰਾਨ ਚੱਲੀਆਂ ਸਮਾਜਕ/ਰਾਜਨੀਤਿਕ ਲਹਿਰਾਂ ਦਾ ਚ੍ਰਿਤਣ ਵੀ ਕੀਤਾ ਗਿਆ ਹੈ ਚਾਹੇ ਉਹ ਕੂਕਾ ਲਹਿਰ, ਪਗੜੀ ਸੰਭਾਲ ਜੱਟਾ, ਗਦਰ, ਗੁਰਦੁਵਾਰਾ ਸੁਧਾਰ ਲਹਿਰ ਤੇ ਆਜ਼ਾਦੀ ਦੇ ਸੰਘਰਸ਼ ਬਾਰੇ, ਭਗਤ ਸਿੰਘ ਦੀ ਫਾਂਸੀ ਬਾਰੇ ਵੀ ਇਸ ਨਾਵਲ ਵਿਚ ਚਰਚਾ ਕੀਤੀ ਗਈ ਹੈ।

ਪਰ ਜਦੋਂ ਅਸੀਂ ਅਜੋਕੇ ਸਮਿਆਂ ਵਿਚ ਕਿਸੇ ਲਹਿਰ ਜਾਂ ਬੀਤੇ ਸਮਿਆਂ ਨੂੰ ਕਿਸੇ ਰਚਨਾ ਵਿਚ ਢਾਲ ਕੇ ਪੇਸ਼ ਕਰਦੇ ਹਾਂ ਤਾਂ ਉਸ ਲਈ ਜ਼ਰੂਰੀ ਹੁੰਦਾ ਹੈ ਕਿ ਉਨ੍ਹਾਂ ਸਮਿਆਂ ਨੂੰ ਚਿਤ੍ਰਦਿਆਂ ਉਸਦੀ ਪ੍ਰਮਾਣਿਕਤਾ ਕਾਇਮ ਰਹਿ ਸਕੇ, ਪਰ ਜਦੋਂ ਉਸ ਵਿਚ ਵਰਤਮਾਨ ਦਾ ਦਖ਼ਲ ਹੁੰਦਾ ਹੈ ਤਾਂ ਇਹ ਪ੍ਰਮਾਣਿਕਤਾ ਭੰਗ ਹੋ ਜਾਂਦੀ ਹੈ। ਇਸ ਨਾਵਲ ਵਿਚ ਵੀ ਅਜੇਹਾ ਹੀ

ਵਾਪਰਦਾ ਹੈ। ਮਿਸਾਲ ਵਜੋਂ ਭਗਤ ਸਿੰਘ ਦੀ ਫਾਂਸੀ ਬਾਰੇ ਜੋ ਚਰਚਾ ਸਾਧਾਰਣ ਪਾਤਰ ਕਰਦੇ ਹਨ, ਉਹ ਗੱਲਾਂ ਫ਼ਾਂਸੀ ਦੇ ਸਮੇਂ ਆਮ ਵਿਅਕਤੀ ਦੀ ਸੋਝੀ ਤੇ ਗਿਆਨ ਦਾ ਹਿੱਸਾ ਨਹੀਂ ਸਨ ਹੋ ਸਕਦੀਆਂ। ਇਸੇ ਤਰ੍ਹਾਂ ਇਸ ਰਚਨਾ ਵਿਚ ਘਟਨਾਵਾਂ ਦੀ ਕਾਲ ਕ੍ਰਮਤਾ ਦਾ ਵੀ ਖਿਆਲ ਨਹੀਂ ਰੱਖਿਆ ਗਿਆ ਅਤੇ ਇਹ ਨਾਵਲ ਇਤਿਹਾਸਕ ਹੋਣ ਦੇ ਦਾਅਵੇ 'ਤੇ ਵੀ ਪੂਰਾ ਨਹੀਂ ਉਤਰਦਾ। ਸਮਕਾਲੀ ਲਹਿਰਾਂ ਨੂੰ ਗਲਪ ਵਿਚ ਢਾਲ ਸਕਣਾ ਆਸਾਨ ਨਹੀਂ ਹੁੰਦਾ, ਕਿਉਂਕਿ ਉਨ੍ਹਾਂ ਨਾਲ ਜੁੜੇ ਬਹੁਤ ਸਾਰੇ ਪੱਖ ਅਜੇ ਸਾਹਮਣੇ ਹੀ ਨਹੀਂ ਆਏ ਹੁੰਦਾ ਤੇ ਉਨ੍ਹਾਂ ਦੇ ਲੇਖਾ-ਜੋਖਾ ਕੁਝ ਵਕਫ਼ੇ ਬਾਅਦ ਹੀ ਸੰਭਵ ਹੋ ਸਕਦਾ ਹੈ, ਇਸੇ ਕਰਕੇ ਹੀ ਇਸ ਨਾਵਲ ਵਿਚ ਕਿਸਾਨੀ ਸੰਘਰਸ਼ ਦੀ ਪੇਸ਼ਕਾਰੀ ਰਿਪੋਰਟਿੰਗ ਦੀ ਸ਼ਕਲ ਵਿਚ ਹੀ ਮਿਲਦੀ ਹੈ, ਗਾਲਪਨਿਕ ਵਿਧੀ ਵਿਚ ਨਹੀਂ। ਪਰ ਇਨ੍ਹਾਂ ਕਲਾਤਮਿਕ ਕਮਜ਼ੋਰੀਆਂ ਦੇ ਬਾਵਜੂਦ ਬੀਤੇ ਸਮੇਂ ਦੇ ਸਮਾਚਾਰ, ਸਭਿਆਚਾਰ, ਰਸਮਾਂ, ਭਾਈਚਾਰਕ ਸਾਂਝ ਤੇ ਬਹੁਤ ਸਾਰੀ ਲੋਪ ਹੋ ਚੁਕੀ ਸ਼ਬਦਾਵਲੀ ਵੀ ਇਸ ਰਚਨਾ ਵਿਚ ਦਰਜ ਹੈ, ਜੋ ਇਸ ਦੀ ਪ੍ਰਾਪਤੀ ਹੈ।

'ਮੀਰਾ ਦੀ ਬੰਸਰੀ' ਕੁਲਜੀਤ ਮਾਨ ਦਾ ਦੂਸਰਾ ਨਾਵਲ ਹੈ, ਜੋ ਉਸਦੇ ਪਹਿਲੇ ਨਾਵਲ 'ਕਿੱਟੀ ਮਾਰਸ਼ਲ' ਦਾ ਹੀ ਅਗਲਾ ਪੜਾਅ ਹੈ। ਇਸ ਨਾਵਲ ਦਾ ਲੋਕੇਲ ਪੰਜਾਬ ਤੋਂ ਲੈ ਕੇ ਕੈਨੇਡਾ ਤਕ ਫੈਲਿਆ ਹੋਇਆ ਹੈ। ਪਰ ਇਸ ਨਾਵਲ ਵਿਚ ਜੋ ਭਾਗ ਪੰਜਾਬ ਨਾਲ ਸੰਬੰਧਿਤ ਹੈ। ਉਹ ਇਸ ਨਾਵਲ ਦਾ ਭਾਗ ਨਾ ਵੀ ਹੁੰਦਾ ਤਾਂ ਵੀ ਇਹ ਆਪਣੇ-ਆਪ ਵਿਚ ਮੁਕੰਮਲ ਨਾਵਲ ਸੀ। ਇਸ ਭਾਗ ਵਿਚ ਭਾਰਤੀ ਰਾਜਨੀਤੀ, ਅਫਸਰਸ਼ਾਹੀ ਵਿਚਲੇ ਭ੍ਰਿਸ਼ਟਾਚਾਰ ਤੇ ਗੱਠਜੋੜ ਤੋਂ ਇਲਾਵਾ ਸਮੱਗਲਿੰਗ, ਨਸ਼ਿਆਂ ਦੇ ਮੁੱਦੇ ਨੂੰ ਵੀ ਕੇਂਦਰੀ ਮੁੱਦੇ ਵਜੋਂ ਉਭਾਰਿਆ ਗਿਆ ਹੈ। ਇਸ ਨਾਵਲ ਦੇ ਕੇਂਦਰੀ ਪਾਤਰ ਦੇ ਬਚਪਨ ਦੇ ਵੇਰਵੇ ਵੀ ਇਸ ਟੈਕਸਟ ਦਾ ਹਿੱਸਾ ਹਨ ਜਿਨ੍ਹਾਂ ਤੋਂ ਉਸ ਸਮੁੱਚੀ ਸ਼ਖ਼ਸੀਅਤ ਤੇ ਮਾਨਸਿਕਤਾ ਉਜਾਗਰ ਹੁੰਦੀ ਹੈ। ਇਕ ਸਮੱਗਲਰ ਤੇ ਗੁੰਡੇ ਮੇਸ਼ਰ ਦੀ ਰਖੇਲ ਕੇਂਦਰੀ ਪਾਤਰ ਦੀ ਮਾਂ, ਜੋ ਸਦਾ ਇਕ ਸਹਿਮ ਭਰੀ ਜ਼ਿੰਦਗੀ ਜਿਉਂਦੀ ਹੈ, ਦਾ ਪ੍ਰਭਾਵ ਸਤਬੀਰ ਉਰਫ਼ ਕਿੱਟੀ ਮਾਰਸ਼ਲ 'ਤੇ ਵੀ ਪੈਂਦਾ ਹੈ। ਲੇਖਕ ਕੋਲ ਕਿਸੇ ਵੀ ਪਾਤਰ ਦੀ ਮਾਨਸਿਕਤਾ ਨੂੰ ਸਮਝ ਸਕਣ ਤੇ ਗਲਪ ਵਿਚ ਢਾਲ ਸਕਣ ਦੀ ਸਿਰਜਣਾਤਮਿਕ ਯੋਗਤਾ ਹੈ ਤੇ ਉਹ ਉਸਦਾ ਇਸਤੇਮਾਲ ਵੀ ਪੂਰੀ ਸਮਰੱਥਾ ਨਾਲ ਕਰਦਾ ਹੈ।

ਇਸ ਨਾਵਲ ਦਾ ਆਰੰਭ ਕਿੱਟੀ ਉਰਫ਼ ਸਤਿੰਦਰ ਦੇ ਕੈਨੇਡਾ ਵਿਚ ਕੈਦ ਕੱਟ ਕੇ ਬਾਹਰ ਆਉਣ ਤੋਂ ਆਰੰਭ ਹੁੰਦਾ ਹੈ। ਹਿੰਦੁਸਤਾਨ ਵਿਚਲੇ ਅਨੁਭਵ ਤੇ ਕੈਨੇਡਾ ਦੀ ਜੇਲ੍ਹ ਵਿਚਲੇ ਅਨੁਭਵ ਉਸਦੀ ਸਮੁੱਚੀ ਸ਼ਖ਼ਸੀਅਤ ਨੂੰ ਉਸਾਰਦੇ ਹਨ ਤੇ ਉਹ ਸਮਝਦੀ ਹੈ ਕਿ ਹੁਣ ਉਸ ਨੂੰ ਆਪਣੇ ਅਨੁਭਵਾਂ ਦੀ ਸੁਚੱਜੀ ਵਰਤੋਂ ਆਮ ਲੋਕਾਂ ਦੀਆਂ ਮੁਸ਼ਕਲਾਂ ਸਮਝਣ ਤੇ ਦੂਰ ਕਰਨ ਲਈ ਕਰਨੀ ਚਾਹੀਦੀ ਹੈ ਅਤੇ ਉਹ ਮੀਰਾ ਤੇ ਉਸਦੀਆਂ ਸਹੇਲੀਆਂ ਨਾਲ ਰਲਕੇ ਕੈਨੇਡੀਅਨ ਤੇ ਖਾਸ ਕਰਕੇ ਭਾਰਤੀ ਔਰਤਾਂ ਦੀ ਸਮਾਜਕ ਸਥਿਤੀ ਤੇ ਸਮੱਸਿਆਵਾਂ ਦੇ ਹੱਲ ਲਈ ਇਕ ਸੰਸਥਾ ਬਣਾ ਕੇ ਕੰਮ ਕਰਨਾ ਸ਼ੁਰੂ ਕਰਦੀ ਹੈ। ਇਸ ਨਾਵਲ ਵਿਚ ਬਹੁਤ ਸਾਰੇ ਜੋੜੇ ਉਨ੍ਹਾਂ ਕੋਲ ਆਪਣੀਆਂ ਸਮੱਸਿਆਵਾਂ ਲੈ ਕੇ ਆਉਂਦੇ ਹਨ ਤੇ ਇਨ੍ਹਾਂ ਦੀ ਮਦਦ ਨਾਲ ਚੰਗੀ ਜ਼ਿੰਦਗੀ ਵੱਲ ਪਰਤਦੇ ਹਨ। ਸ਼ਾਇਦ ਇਕ ਮਰਦ ਲੇਖਕ ਵੱਲੋਂ ਨਾਰੀਵਾਦੀ ਦ੍ਰਿਸ਼ਟੀ ਰਾਹੀਂ ਨਾਰੀ ਮਸਲਿਆਂ ਬਾਰੇ ਇਨ੍ਹਾਂ ਵਿਸਥਾਰ ਵਾਲਾ ਇਹ ਪੰਜਾਬੀ ਦਾ ਪਹਿਲਾ ਨਾਵਲ ਹੀ ਕਿਹਾ

ਜਾ ਸਕਦਾ ਹੈ। ਰੂਸ ਤੋਂ ਇਲਾਵਾਂ ਸਮਾਜਕ ਤਬਦੀਲੀਆਂ, ਗਲੋਬਲਾਈਜ਼ੇਸਨ ਆਦਿ ਅੰਤਰ-ਰਾਸ਼ਟਰੀ ਵਰਤਾਰੇ ਵੀ ਇਸ ਟੈਕਸਟ ਦਾ ਹਿੱਸਾ ਹਨ, ਜੋ ਇਸ ਪਾਠਕ ਦੀ ਸਮਝਣ ਯੋਗਤਾ ਦਾ ਵਿਕਾਸ ਵੀ ਕਰਦੇ ਹਨ ਤੇ ਉਸ ਵਿਚਲੀ ਮਾਨਵੀ ਸੰਵੇਦਨਾ ਨੂੰ ਜਗਾਉਂਦੇ ਵੀ ਹਨ। ਹਾਲਾਂਕਿ ਕੁਝ ਇਕ ਵਾਧੂ ਵੇਰਵਿਆਂ ਤੋਂ ਬਗ਼ੈਰ ਇਹ ਨਾਵਲ ਹੋਰ ਵੀ ਵਧੇਰੇ ਪ੍ਰਭਾਵਸ਼ਾਲੀ ਹੋ ਸਕਦਾ ਸੀ। ਪੜ੍ਹਨਯੋਗਤਾ ਇਸ ਰਚਨਾ ਦਾ ਇਕ ਹੋਰ ਹਾਸਿਲ ਹੈ।

ਬਲਬੀਰ ਪਰਵਾਨਾ ਦਾ ਨਾਵਲ 'ਟਰਾਲੀ ਯੁੱਗ' ਪਿਛਲੇ ਸਾਲ ਚੱਲੇ ਕਿਸਾਨੀ ਸੰਘਰਸ਼ ਨੂੰ ਆਪਣਾ ਵਿਸ਼ਾ ਬਣਾਉਂਦਾ ਹੈ। ਸਮਕਾਲੀ ਲਹਿਰ ਜਾਂ ਸੰਘਰਸ਼ ਨੂੰ ਕਿਸੇ ਸਾਹਿਤਕ ਵਿਧਾ ਵਿਚ ਢਾਲ ਕੇ ਪੇਸ਼ ਕਰਨਾ ਖਾਸ ਕਰਕੇ ਨਾਵਲ ਵਰਗੀ ਵਿਧਾ ਵਿਚ ਬਹੁਤ ਹੀ ਮੁਸ਼ਕਲ ਹੁੰਦਾ ਹੈ, ਕਿਉਂਕਿ ਇਕ ਤਾਂ ਉਸ ਵੇਲੇ ਤਕ ਸੰਘਰਸ਼ ਦੀਆਂ ਪ੍ਰਾਪਤੀਆਂ/ਆ-ਪ੍ਰਾਪਤੀਆਂ ਤੇ ਇਸਦੇ ਆਮ ਲੋਕਾਈ ਦੇ ਜੀਵਨ ਤੇ ਪੈਣ ਵਾਲੇ ਪ੍ਰਭਾਵਾਂ ਦਾ ਲੇਖਾ-ਜੋਖਾ ਕਰ ਸਕਣਾ ਸੰਭਵ ਨਹੀਂ ਹੁੰਦਾ ਤੇ ਦੂਸਰਾ ਰਚਨਾ ਦਾ ਨਿਰੋਲ ਦਸਤਾਵੇਜ਼ ਤਕ ਸੀਮਤ ਰਹਿ ਜਾਣ ਦਾ ਖਦਸ਼ਾ ਵੀ ਹੁੰਦਾ ਹੈ। ਦਸਤਾਵੇਜ਼ੀ ਰਚਨਾ ਤੱਥਾਂ/ਵੇਰਵਿਆਂ ਦਾ ਸੱਚ ਹੋਣ ਦੇ ਬਾਵਜੂਦ ਮਾਨਵੀ ਸਰੋਕਾਰਾਂ ਤੋਂ ਵਿਰਵੀ ਹੁੰਦੀ ਹੈ ਤੇ ਮਾਨਵੀ ਸਰੋਕਾਰਾਂ ਤੋਂ ਬਗੈਰ ਸਾਹਿਤ ਦੀ ਹੋਂਦ ਹੀ ਸੰਭਵ ਨਹੀਂ ਹੁੰਦੀ। ਇਹ ਨਾਵਲ ਦਸਤਾਵੇਜ਼ੀ ਰਚਨਾ ਨਾਲੋਂ ਵਧੇਰੇ ਕਿਸਾਨੀ ਲਹਿਰ ਤੇ ਭਾਰਤ ਵਿਚਲੇ ਵਿਕਾਸ ਦੇ ਮਾਡਲ ਤੇ ਇਸਦੇ ਪ੍ਰਭਾਵਾਂ ਕਾਰਣ ਨਿਰੰਤਰ ਵਧ ਰਹੀ ਬੇ-ਰੁਜ਼ਗਾਰੀ, ਭ੍ਰਿਸ਼ਟਾਚਾਰ, ਰਾਜਨੀਤਿਕ ਗਿਰਾਵਟ ਤੇ ਮਨੁੱਖੀ ਰਿਸ਼ਤਿਆਂ ਵਿਚ ਆ ਰਹੇ ਨਿਘਾਰ ਨੂੰ ਵੀ ਆਪਣੀ ਰਚਨਾ ਵਿਚ ਪੇਸ਼ ਕਰਦਾ ਹੈ। ਪਰਵਾਨਾ ਪਿਛਲੇ ਸਮਿਆਂ ਤੋਂ ਆਪਣੇ ਨਾਵਲਾਂ ਵਿਚ ਕਾਰਪੋਰੇਟੀ ਵਿਕਾਸ ਮਾਡਲ ਦੇ ਮਾਰੂ ਪ੍ਰਭਾਵਾਂ ਬਾਰੇ ਨਿਰੰਤਰ ਸੁਚੇਤ ਕਰਦਾ ਆ ਰਿਹਾ ਹੈ। ਇਸ ਵਿਕਾਸ ਮਾਡਲ ਨੇ ਵੱਡੀ ਗਿਣਤੀ ਦੀ ਕੀਮਤ 'ਤੇ ਗਿਣਵੇਂ-ਚੁਣਵੇਂ ਲੋਕਾਂ ਨੂੰ ਸਮਰਿੱਧ ਬਣਾਇਆ ਹੈ, ਲੋਕਾਂ ਵਿਚ ਸਾਂਝੇ ਸਰੋਕਾਰਾਂ ਬਾਰੇ ਸੋਚਣ ਵਾਲੀ ਮਾਨਸਿਕਤਾ ਦਾ ਖਾਤਮਾ ਕਰਕੇ ਨਿਰੋਲ ਨਿੱਜ ਤਕ ਸੀਮਤ ਰਹਿ ਕੇ ਸੋਚਣ ਵਾਲੀ ਮਾਨਸਿਕਤਾ ਨੂੰ ਉਤਸ਼ਾਹਿਤ ਕੀਤਾ ਹੈ ਤੇ ਉਸ ਨੂੰ ਵਿਕਾਸ ਵਜੋਂ ਪ੍ਰਚਾਰਿਆਂ ਹੈ।

ਅਜੇਹੇ ਸੰਘਰਸ਼ ਰਹਿਤ ਸਮਿਆਂ ਵਿਚ ਕਿਸਾਨ ਅੰਦੋਲਨ ਨੇ ਕਾਰਪੋਰੇਟ ਤੇ ਇਸਦੀ ਸਮਰਥਕ ਰਾਜਨੀਤਿਕ ਸੋਚ ਦੇ ਖਿਲਾਫ਼ ਇਕ ਬੇ-ਮਿਸਾਲ ਸੰਘਰਸ਼ ਕਰਕੇ ਸਿਰਫ਼ ਜਿੱਤ ਹੀ ਪ੍ਰਾਪਤ ਨਹੀਂ ਕੀਤੀ, ਸਗੋਂ ਉਪਰਲੇ ਬਿਰਤਾਂਤ ਦੇ ਸਮਾਨਾਂਤਰ ਇਕ ਨਵਾਂ ਬਿਰਤਾਂਤ ਵੀ ਸਿਰਜਿਆ ਹੈ। ਜਿਸ ਨੇ ਆਮ ਲੋਕਾਂ ਵਿਚ ਇਸ ਸਿਸਟਮ ਪ੍ਰਤਿ ਸੂਝ ਨੂੰ ਡੂੰਘਿਆ ਕਰਕੇ ਸ੍ਵੈ-ਮਾਨ ਨਾਲ ਜਿਉਣ ਦਾ ਜਜ਼ਬਾ ਵੀ ਪੈਦਾ ਕੀਤਾ ਹੈ। ਪ੍ਰੋ. ਰਵਿੰਦਰ, ਸਿਮਰ ਮਨਿੰਦਰ, ਕਸ਼ਮੀਰ ਇਸ ਨਵੀਂ ਸੋਚ ਦੇ ਪ੍ਰਤਿਨਿੱਧ ਹਨ। ਸਮੂਹਿਕ ਸੰਘਰਸ਼ ਨੇ ਸਰਕਾਰ ਨੂੰ ਨਵੇਂ ਬਣਾਏ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ। ਇਸ ਸੰਘਰਸ਼ ਨੇ ਇਸ ਖਿੱਤੇ ਵਿਸ਼ੇਸ਼ ਕਰਕੇ ਪੰਜਾਬ ਦੀਆਂ ਉਨ੍ਹਾਂ ਰਵਾਇਤਾ ਨੂੰ ਸੁਰਜੀਤ ਕਰ ਦਿੱਤਾ, ਜਿਨ੍ਹਾਂ ਲਈ ਪੰਜਾਬ ਜਾਣਿਆ ਜਾਂਦਾ ਰਿਹਾ ਹੈ। ਇਸ ਦੇ ਨਾਲ ਹੀ ਪੰਜਾਬੀ ਮਾਨਸਿਕਤਾ ਦੇ ਹੋਰ ਵੀ ਬਹੁਤ ਸਾਰੇ ਪਾਸਾਰ ਇਸ ਰਚਨਾ ਵਿਚੋਂ ਦ੍ਰਿਸ਼ਟੀਗੋਚਰ ਹੁੰਦੇ ਹਨ, ਜਿਨ੍ਹਾਂ ਕਰਕੇ ਇਹ ਨਾਵਲ ਸਮਕਾਲੀ ਸੰਘਰਸ਼ ਬਾਰੇ ਹੁੰਦਾ ਹੋਇਆ ਵੀ ਵਡੇਰੇ ਸਰੋਕਾਰਾਂ ਨਾਲ ਜੁੜਿਆ ਹੋਇਆ ਨਜ਼ਰ ਆਉਂਦਾ ਹੈ। ਨਾਇਕਤਵ

ਦਾ ਸੰਕਲਪ ਪੰਜਾਬੀ ਮਾਨਸਿਕਤਾ ਦਾ ਜਾਣਿਆ-ਪਛਾਣਿਆ ਸੂਤਰ ਹੈ। ਪੰਜਾਬੀ ਮਾਨਸਿਕਤਾ ਨਾਇਕ ਤੋਂ ਬਿਨਾਂ ਆਪਣੇ-ਆਪ ਨੂੰ ਸੰਪੂਰਨ ਨਹੀਂ ਸਮਝਦੀ। ਜਦੋਂ ਕੋਈ ਵਿਅਕਤੀ ਆਪਣੀਆਂ ਅ-ਸਾਧਾਰਣ ਪ੍ਰਾਪਤੀਆਂ ਤੇ ਕਾਰਨਾਮਿਆਂ ਕਰਕੇ ਆਮ ਲੋਕਾਂ ਤੋਂ ਉੱਪਰ ਉੱਠ ਜਾਂਦਾ ਹੈ ਤਾਂ ਉਸ ਨੂੰ ਨਾਇਕ ਮੰਨ ਕੇ ਉਸਦਾ ਅਨੁਸਰਣ ਕਰਨਾ ਤੇ ਉਸਦੇ ਨਾਇਕਤਵ ਨੂੰ ਸਥਾਪਿਤ ਕਰਨ ਲਈ ਨਵੇਂ ਬਿਰਤਾਂਤ ਸਿਰਜਣੇ ਪੰਜਾਬੀ ਮਾਨਸਿਕਤਾ ਦਾ ਜਾਣਿਆ-ਪਛਾਣਿਆ ਸੂਤਰ ਹੈ ਜਿਸ ਨੂੰ ਰਵਿੰਦਰ, ਸਿਮਰ ਤੇ ਕਸ਼ਮੀਰ ਦੇ ਪਾਤਰਾਂ ਰਾਹੀਂ ਵਿਸਥਾਰ ਦਿੱਤਾ ਗਿਆ ਹੈ। ਸਮੁੱਚੇ ਰੂਪ ਵਿਚ ਇਹ ਰਚਨਾ ਸੰਘਰਸ਼ ਪਿੱਛੇ ਕਾਰਜਸ਼ੀਲ ਮਾਨਸਿਕਤਾ ਦਾ ਚਿਤ੍ਰਣ ਕਰਕੇ ਦਸਤਾਵੇਜ਼ ਤੋਂ ਅਗਾਂਹ ਦੀ ਰਚਨਾ ਸਿੱਧ ਹੁੰਦੀ ਹੈ।

ਧਰਮ ਕੰਮੇਆਣਾ ਮੂਲ ਰੂਪ ਵਿਚ ਕਵੀ ਹੈ। ਪਰ ਪਿਛਲੇ ਕੁਝ ਸਮਿਆਂ ਤੋਂ ਉਹ ਕਵਿਤਾ ਨਾਲੋਂ ਵਧੇਰੇ ਨਾਵਲ ਦੇ ਖੇਤਰ ਵਿਚ ਸਰਗਰਮ ਹੈ। ਸ਼ਾਇਦ ਨਾਵਲ ਵਰਗੀ ਵਡੇਰੀਆਂ ਸੰਭਾਵਨਾਵਾਂ ਵਾਲੀ ਵਿਧਾ, ਸਮਾਜਕ ਸਰੋਕਾਰਾਂ ਨੂੰ ਵਧੇਰੇ ਚੰਗੇ ਢੰਗ ਨਾਲ ਪੇਸ਼ ਕਰਨ ਵਾਲੀ ਵਿਧਾ ਹੋ ਸਕਦੀ ਹੈ ਕਿਉਂਕਿ ਕਵਿਤਾ ਵਰਗੀ ਸੂਖਮ ਵਿਧਾ ਵਿਚ ਸਰੋਕਾਰਾਂ ਨੂੰ ਸਿਰਫ਼ ਪ੍ਰਤੀਕਾਤਮਕ ਰੂਪ ਵਿਚ ਹੀ ਪੇਸ਼ ਕਰ ਸਕਣਾ ਸੰਭਵ ਹੁੰਦਾ ਹੈ। ਉਸਦਾ ਇਹ ਨਾਵਲ '378 ਦਿਨ ਜਿਨ੍ਹਾਂ ਦੁਨੀਆਂ ਹਿਲਾ ਦਿੱਤੀ' ਵੀ ਟਰਾਲੀ ਯੁੱਗ ਵਾਂਗ ਹੀ ਕਿਸਾਨੀ ਸੰਘਰਸ਼ ਦੀ ਪੇਸ਼ਕਾਰੀ 'ਤੇ ਹੀ ਕੇਂਦ੍ਰਿਤ ਹੈ ਤੇ ਜਿਵੇਂ ਕਿ ਇਸ ਨਾਵਲ ਵਿਚ ਵੀ ਜ਼ਿਕਰ ਹੈ ਇਹ ਨਾਵਲ ਜੌਨਰੀਡ ਦੀ ਪ੍ਰਸਿੱਧ ਪੁਸਤਕ ਦਸ ਦਿਨ ਜਿਨ੍ਹਾਂ ਦੁਨੀਆਂ ਹਿਲਾ ਦਿੱਤੀ ਦੀ ਤਰਜ਼ 'ਤੇ ਹੀ ਲਿਖਿਆ ਗਿਆ ਨਾਵਲ ਹੈ। ਜਿਵੇਂ ਕਿ ਪਰਵਾਨਾ ਦੇ ਨਾਵਲ ਦੇ ਪ੍ਰਸੰਗ ਵਿਚ ਜ਼ਿਕਰ ਕੀਤਾ ਸੀ ਸਮਕਾਲ ਦੇ ਮਸਲਿਆਂ ਬਾਰੇ ਸਾਹਿਤਕ ਰਚਨਾ ਦੇ ਆਪਣੇ ਖਦਸ਼ੇ ਵੀ ਹੁੰਦੇ ਹਨ, ਜਿੱਥੇ ਉਹ ਲੇਖਕ ਦੀ ਸਮਕਾਲ ਬਾਰੇ ਚਿੰਤਾ ਤੇ ਫਿਕਰ ਦਾ ਇਜ਼ਹਾਰ ਹੁੰਦਾ ਹੈ ਉਥੇ ਉਸ ਰਚਨਾ ਦੇ ਕਲਾਤਮਿਕ ਰਚਨਾ ਦੀ ਥਾਂ ਨਿਰੋਲ ਦਸਤਾਵੇਜ਼ੀ ਰਚਨਾ ਤਕ ਸੀਮਤ ਰਹਿ ਜਾਣ ਦੀ ਸੰਭਾਵਨਾ ਵੀ ਹੁੰਦੀ ਹੈ ਤੇ ਧਰਮ ਕੰਮੇਆਣਾ ਦਾ ਇਹ ਨਾਵਲ ਅਜੇਹੀ ਹੀ ਰਚਨਾ ਹੈ। ਇਸ ਨਾਵਲ ਵਿਚ ਕਿਸਾਨੀ ਸੰਘਰਸ਼ ਦਾ ਸ਼ੁਰੂ ਤੋਂ ਲੈ ਕੇ ਜਿੱਤ ਤਕ ਤਾਰੀਕਵਾਰ ਵੇਰਵਾ ਹੀ ਪੇਸ਼ ਕੀਤਾ ਹੈ। ਇਸ ਕਰਕੇ ਇਸ ਵਿਚ ਨਿਰੋਲ ਰਿਪੋਰਟਿੰਗ ਹੀ ਕੀਤੀ ਗਈ ਹੈ ਤੇ ਗਾਲਪਨਿਕਤਾ ਦੀ ਘਾਟ ਹੈ।

ਕੁਲਬੀਰ ਬਡੇਸਰੋਂ ਪਿਛਲੇ ਤਿੰਨ ਦਹਾਕਿਆਂ ਤੋਂ ਵਧੇਰੇ ਸਮੇਂ ਤੋਂ ਪੰਜਾਬੀ ਕਹਾਣੀ ਰਚਨਾ ਕਰ ਰਹੀ ਹੈ। 1990 ਤੱਕ ਉਹ ਨਿਰੰਤਰ ਸਰਗਰਮ ਰਹੀ, ਪਰ ਫਿਰ ਕੁਝ ਵਕਫ਼ੇ ਬਾਅਦ 2006 ਵਿਚਤੇ ਫਿਰ 2021 ਵਿਚ ਉਸਦਾ ਕਹਾਣੀ ਸੰਗ੍ਰਹਿ 'ਤੁਮ ਕਿਉਂ ਉਦਾਸ ਹੋ' ਛਪਿਆ, ਜੋ ਕਾਫੀ ਚਰਚਾ ਵਿਚ ਰਿਹਾ। ਹੱਥਲੀ ਪੁਸਤਕ 'ਕੁਲਬੀਰ ਬਡੇਸਰੋਂ ਦੀਆਂ ਇਕੱਤੀ ਕਹਾਣੀਆਂ' ਵਿਚ ਉਸਦੀਆਂ ਚੋਣਵੀਆਂ ਕਹਾਣੀਆਂ ਸ਼ਾਮਲ ਹਨ ਜਿਨ੍ਹਾਂ ਨੂੰ ਬਲਬੀਰ ਮਾਧੋਪੁਰੀ ਨੇ ਸੰਪਾਦਿਤ ਕੀਤਾ ਹੈ। ਇਸ ਪੁਸਤਕ ਦੀਆਂ ਕਹਾਣੀਆਂ ਪੜ੍ਹ ਕੇ ਉਸ ਦੀ ਕਹਾਣੀ ਵਿਚਲੀ ਪ੍ਰਗਤੀ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਉਸ ਦੀਆਂ ਮੁੱਢਲੀਆਂ ਕਹਾਣੀਆਂ ਇਕਹਿਰੇ ਸੁਭਾਅ ਵਾਲੀਆਂ ਹਨ, ਪਰ ਲਗਾਤਾਰ ਮਸ਼ਕ ਨਾਲ ਉਸਦੀਆਂ ਕਹਾਣੀਆਂ ਵਿਚ ਸਮਾਜਕ ਯਥਾਰਥ ਨੂੰ ਪੇਸ਼ ਕਰਨ ਦੀ, ਯਥਾਰਥਕ ਗੁੰਝਲਾ ਨੂੰ ਸਮਝਣ ਦੀ ਜੁਗਤ ਨਿਰੰਤਰ ਵਿਕਾਸ ਕਰਦੀ ਨਜ਼ਰ ਆਉਂਦੀ ਹੈ। ਇਕ ਗੱਲ ਜੋ ਉਸਦੀਆਂ ਸਮੁੱਚੀਆਂ ਕਹਾਣੀਆਂ ਦੇ

ਆਰ-ਪਾਰ ਫੈਲੀ ਹੋਈ ਹੈ ਉਹ ਹੈ ਔਰਤ। ਔਰਤ ਉਸਦੀਆਂ ਕਹਾਣੀਆਂ ਵਿਚਲਾ ਕੇਂਦਰੀ ਸੂਤਰ ਹੈ। ਇਹ ਔਰਤ ਵੀ ਉਸਦੀਆਂ ਕਹਾਣੀਆਂ ਵਾਂਗ ਹੀ ਵਿਗਸਦੀ, ਮੌਲਦੀ ਤੇ ਸਮੁੱਚੀਆਂ ਸੰਭਾਵਨਾਵਾਂ ਸਮੇਤ ਪੇਸ਼ ਹੁੰਦੀ ਨਜ਼ਰ ਆਉਂਦੀ ਹੈ। ਜਿੱਥੇ ਮੁੱਢਲੀਆਂ ਕਹਾਣੀਆਂ ਵਿਚ ਔਰਤ ਆਪਣੇ ਨਾਲ ਹੋਣ ਵਾਲੀਆਂ ਜ਼ਿਆਦਤੀਆਂ ਪ੍ਰਤਿ ਰਿਐਕਟ ਕਰਦਿਆਂ ਦਵੰਦ ਵਿਚ ਨਜ਼ਰ ਆਉਂਦੀ ਹੈ ਜਿਵੇਂ 'ਮੈਂ ਕੀ ਕਰਾਂ' ਪਰ ਇੱਥੋਂ ਹੁਣ ਤੱਕ ਆਉਂਦਿਆ ਉਹ ਔਰਤ ਆਪਣੇ ਸ੍ਵੈ-ਮਾਨ ਤੇ ਸ੍ਵੈ-ਵਿਸ਼ਵਾਸ ਨਾਲ ਆਪਣੀ ਹੋਂਦ ਨੂੰ ਬਚਾਉਂਦੀ ਤੇ ਪ੍ਰੀਭਾਸ਼ਿਤ ਕਰਦੀ ਨਜ਼ਰ ਆਉਣ ਲੱਗਦੀ ਹੈ। 'ਮੇਰਾ ਘਰ' ਵਿਚ ਦੀ ਕੇਂਦਰੀ ਪਾਤਰ ਆਪਣੀ ਹੋਂਦ ਦੀ ਲੜਾਈ ਲੜਦੀ ਹੈ। ਪ੍ਰਗਤੀਵਾਦੀ ਵਿਚਾਰਧਾਰਾ ਦਾ ਅਸਰ ਵੀ ਉਸਦੀਆਂ ਕਹਾਣੀਆਂ ਦਾ ਉਘੜਵਾਂ ਸੂਤਰ ਹੈ ਜਿਵੇਂ 'ਬਾਹਰਲੀ ਬੈਠਕ'।

ਉਸਦੀਆਂ ਬਾਅਦ ਦੀਆਂ ਕਹਾਣੀਆਂ ਵਿਚ ਮਹਾਂ-ਨਗਰ ਤੇ ਫਿਲਮ ਸੰਸਾਰ ਦੀ ਤੜਕ-ਭੜਕ ਤੇ ਉਸ ਅੰਦਰਲੇ ਸੱਚ ਨੂੰ ਬੇ-ਬਾਕੀ ਨਾਲ ਪੇਸ਼ ਕੀਤਾ ਗਿਆ ਹੈ। 'ਤੁਮ ਕਿਉਂ ਉਦਾਸ ਹੋ' ਕਹਾਣੀ ਵਿਚ ਫਿਲਮੀ ਦੁਨੀਆਂ ਦੇ ਰੰਗ-ਬਰੰਗੇ ਸੁਪਨੇ ਵਿਖਾ ਕੇ ਜਿਸ ਤਰ੍ਹਾਂ ਇਕ ਬੱਚੇ ਦਾ ਭਾਵਨਾਤਮਕ ਸ਼ੋਸ਼ਣ ਕਰਕੇ ਉਸ ਨੂੰ ਇਸ ਸੰਸਾਰ ਵਿਚ ਉਸਦੇ ਹਾਲ 'ਤੇ ਛੱਡ ਦਿੱਤਾ ਜਾਂਦਾ ਹੈ। ਉਸਦਾ ਚਿਤ੍ਰਣ ਮਾਨਵੀ ਸੰਵੇਦਨਾ ਨਾਲ ਭਰਪੂਰ ਹੈ। 'ਸਕੂਲ ਟਰਿੱਪ' ਮੱਧ-ਸ਼੍ਰੇਣਿਕ ਪਰਿਵਾਰ ਦੇ ਆਰਥਿਕ ਸਾਧਨਾਂ ਤੇ ਖਾਹਿਸ਼ਾਂ ਵਿਚ ਡੋਲਦੇ ਸੰਤੁਲਨ ਨੂੰ ਬਹੁਤ ਹੀ ਸੰਤੁਲਿਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਖੁਦ ਲੇਖਕਾ ਦੇ ਫਿਲਮਾਂ ਨਾਲ ਸੰਬੰਧਿਤ ਹੋਣ ਕਰਕੇ ਕਹਾਣੀਆਂ ਵਿਚ ਦ੍ਰਿਸ਼ਕਾਰੀ ਬਹੁਤ ਹੀ ਕਲਾਤਮਿਕ ਢੰਗ ਨਾਲ ਕੀਤੀ ਗਈ ਹੈ। 'ਮਾਂ ਨੀ' ਕਹਾਣੀ ਵਿਚ ਨਵੀਂ ਪੀੜ੍ਹੀ ਦੀ ਨਵੀਂ ਸੋਚ ਦਾ ਪ੍ਰਗਟਾਵਾ। 'ਮਜਬੂਰੀ' ਵਿਚ ਫ਼ਿਲਮਾਂ ਵਿਚ ਕੰਮ ਕਰਦੀ ਤੇ ਘਰ ਵਿਚ ਮਰਦ ਦੀਆਂ ਜ਼ਿਆਤੀਆਂ ਸਹਾਰਦੀ ਔਰਤ ਜਿਸ ਤਰ੍ਹਾਂ ਆਪਣੀ ਹੋਂਦ ਲਈ ਗੁੱਸੇ ਦਾ ਇਜ਼ਹਾਰ ਕਰਦੀ ਹੈ ਉਸ ਨਾਲ ਤੜਕ-ਭੜਕ ਵਾਲੇ ਫਿਲਮੀ ਸੰਸਾਰ ਦਾ ਕਰੂਪ ਤੇ ਅਮਾਨਵੀ ਚਿਹਰਾ ਬੇ-ਨਕਾਬ ਹੋ ਜਾਂਦਾ ਹੈ। 'ਨੂੰਹ ਸੱਸ' ਔਰਤ ਦੀ ਮਾਨਸਿਕਤਾ ਦੇ ਅਨੇਕਾ ਪਾਸਾਰਾਂ ਨੂੰ ਰੂਪਮਾਨ ਕਰਦੀ ਹੈ। ਜਦਕਿ 'ਆਕਰੋਸ਼' ਗਲੈਮਰ ਦੀ ਦੁਨੀਆਂ ਵਿਚ ਪਿਸਦੀ, ਕ੍ਰਿਝਦੀ ਔਰਤ ਦੇ ਕਥਾਰਸਿਸ ਦੀ ਪੇਸ਼ਕਾਰੀ ਕਰਦੀ ਹੈ। 'ਬਕਬਕ' ਇਨਸਾਨੀ ਰਿਸ਼ਤਿਆਂ ਦੀਆਂ ਕਈ ਤਹਿਆਂ ਨੂੰ ਪੇਸ਼ ਕਰਦੀ ਹੈ। ਸਮੁੱਚੇ ਰੂਪ ਵਿਚ ਬਡੇਸਰੋਂ ਆਪਣੀਆਂ ਕਹਾਣੀਆਂ ਵਿਚ ਅਜੋਕੇ ਯੁੱਗ ਦੀ ਔਰਤ ਦੀ ਪੇਸ਼ਕਾਰੀ ਕਰਦੀ ਹੈ, ਜਿਸ ਲਈ ਜੀਵਨ ਇਕ ਨਿਰੰਤਰ ਸੰਘਰਸ਼ ਹੈ ਉਹ ਸੰਘਰਸ਼ ਕਰਦੀ ਹੈ, ਅਸਫਲ ਵੀ ਹੁੰਦੀ ਹੈ, ਪਰ ਉਸਦੇ ਔਰਤ ਹੋਣ ਦੇ ਗੌਰਵ ਵਿਚ ਨਿਰੰਤਰ ਵਾਧਾ ਹੁੰਦਾ ਹੈ। ਇਹੀ ਇਸ ਸੰਗ੍ਰਹਿ ਦੀਆਂ ਕਹਾਣੀਆਂ ਦੀ ਪ੍ਰਾਪਤੀ ਹੈ।

**ਕੁਲਵੰਤ ਸਿੰਘ ਸੰਧੂ**




ਡਾ. ਰਜਨੀਸ਼ ਬਹਾਦਰ ਸਿੰਘ ਪੰਜਾਬੀ ਆਲੋਚਕਾਂ ਦੀ ਉਸ ਤਕਰੀਬਨ ਗੁਆਚ ਰਹੀ ਸ਼੍ਰੇਣੀ ਦਾ ਨੁਮਾਇੰਦਾ ਹੈ ਜੋ ਨਾ ਸਿਰਫ਼ ਸਿਧਾਂਤਕ ਸੂਝ ਦੇ ਧਨੀ ਹਨ, ਬਲਕਿ ਇਸ ਸੂਝ ਨੂੰ ਬਦਲਦੇ ਹਾਲਾਤ ਦੀ ਸਾਣ ਉਤੇ ਲਗਾਤਾਰ ਤਿੱਖਿਆਂ ਕਰਦੇ ਰਹਿਣ ਦੇ ਉਪਰਾਲੇ ਵਿਚ ਵੀ ਰਹਿੰਦੇ ਹਨ। ਆਪਣੇ ਇਨ੍ਹਾਂ ਗੁਣਾਂ ਕਾਰਨ ਹੀ ਇਹ ਸਾਡੀ ਬੋਲੀ ਦਾ ਉਹ ਆਲੋਚਕ ਹੈ ਜਿਸਦੀ ਨਾ ਤਾਂ ਕਦੇ ਦ੍ਰਿਸ਼ਟੀ ਧੁੰਦਲਾਈ ਹੈ ਅਤੇ ਨਾ ਹੀ ਕਦੇ ਉਸਦੇ ਵਿਚਾਰਾਂ ਵਿਚ ਖੜੋਤ ਦਾ ਅਹਿਸਾਸ ਹੋਇਆ ਹੈ। ਹਥਲੀ ਪੁਸਤਕ ਵਿਚ ਡਾ. ਰਜਨੀਸ਼ ਬਹਾਦਰ ਸਿੰਘ ਨੇ ਆਪਣੀ ਆਲੋਚਨਾਤਮਕ ਪ੍ਰਤਿਭਾ ਨੂੰ ਕਹਾਣੀ ਦੀ ਵਿਧਾ ਉਤੇ ਕੇਂਦਰਤ ਕਰਦੇ ਹੋਏ, ਜੇ ਇਕ ਪਾਸੇ ਪੰਜਾਬੀ ਕਹਾਣੀ ਦੀ ਸਮੁੱਚੀ ਇਤਿਹਾਸਕਾਰੀ ਪੇਸ਼ ਕੀਤੀ ਹੈ, ਤਾਂ ਦੂਜੇ ਪਾਸੇ ਇਸ ਦੀਆਂ ਵੱਖੋ-ਵੱਖ ਧਾਰਾਵਾਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ। ਕਹਾਣੀਆਂ ਵਿਚ ਪਾਤਰਾਂ ਦੀ ਖ਼ੁਦਮੁਖਤਾਰੀ ਦਾ ਨਿਵੇਕਲਾ ਪੈਮਾਨਾ ਸਿਰਜ ਕੇ ਉਸਨੇ ਸਾਡੇ ਸਾਹਿਤ ਦੇ ਮੰਨੇ ਕਹਾਣੀਕਾਰਾਂ ਦੀਆਂ ਪਰਮੰਨੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਇਸ ਕਾਰਨ ਡਾ. ਰਜਨੀਸ਼ ਬਹਾਦਰ ਸਿੰਘ ਦੀ ਇਹ ਰਚਨਾ ਨਾ ਸਿਰਫ਼ ਪੰਜਾਬੀ ਕਹਾਣੀ ਦੇ ਖੋਜਾਰਥੀਆਂ, ਸਗੋਂ ਆਮ ਪਾਠਕਾਂ ਦੀ ਵੀ ਦਿਲਚਸਪੀ ਦਾ ਬਾਇਸ ਬਣਨ ਦੀ ਸਮਰੱਥਾ ਰੱਖਦੀ ਹੈ।

**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ ਲੁਧਿਆਣਾ**
**ਸਫੇ: 208 ਕੀਮਤ: 300/-**

**-ਸੁਕੀਰਤ**

# ਸੰਤੋਖ ਧਾਲੀਵਾਲ ਦਾ ਗਲਪ ਸੰਸਾਰ




**ਸੰਤੋਖ ਧਾਲੀਵਾਲ ਪੱਛਮੀ ਜੀਵਨ ਵਰਤਾਰੇ ਨੂੰ ਗਤੀਸ਼ੀਲ ਦ੍ਰਿਸ਼ਟੀ ਰਾਹੀਂ ਪੇਸ਼ ਕਰਦਾ ਹੈ। ਉਹ ਰਚਨਾ ਵਸਤ ਅਨੁਸਾਰ ਉਸ ਦੀ ਵਿਧਾ ਦੀ ਘਾੜਤ ਬਣਾਉਂਦਾ ਹੈ ਇਸ ਲਈ ਉਹ ਕਹਾਣੀ ਤੋਂ ਨਾਵਲ ਤਕ ਦੀ ਸਿਰਜਣਕਾਰੀ ਦਾ ਸਫ਼ਰ ਤੈਅ ਕਰਦਾ ਹੈ। ਉਸ ਦਾ ਸਿਰਜਣੀ ਸੰਸਾਰ ਪ੍ਰਵਾਸ ਦੇ ਵਰਤਾਰੇ ਦੇ ਗਲੈਮਰ ਤੋਂ ਲੈ ਕੇ ਰਿਸ਼ਤਿਆਂ ਦੇ ਆਦਰਸ਼ ਦੀ ਤਿੜਕਣ ਨੂੰ ਆਪਣੇ ਕਲੇਵਰ ਵਿਚ ਲੈਂਦਾ ਹੈ। ਉਸ ਦੀ ਮੁਹਾਵਰੇਦਾਰ ਭਾਸ਼ਾ ਉਸ ਦੀ ਸਿਰਜਣਕਾਰੀ ਦੀ ਵਿਲੱਖਣਤਾ ਹੈ। ਉਸ ਦੇ ਰਚਨਾ ਸੰਸਾਰ ਨੂੰ ਉਸ ਦੀਆਂ ਗਲਪ ਰਚਨਾਵਾਂ ਦੇ ਸਮੁੱਚ ਵਿਚੋਂ ਸਮਝਿਆ ਜਾ ਸਕਦਾ ਹੈ।** *-ਡਾ. ਕੁਲਵੰਤ ਸਿੰਘ ਸੰਧੂ*

# ਮਾਝਾ ਕਾਲਜ ਫਾਰ ਵੂਮੈਨ, ਤਰਨ ਤਾਰਨ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਮਾਨਤਾ ਪ੍ਰਾਪਤ

ਨੋਟ:
ਸਾਰੇ ਕੋਰਸਾਂ ਵਿੱਚ
ਸੈਸ਼ਨ 2022-23 ਲਈ
ਰਜਿਸਟ੍ਰੇਸ਼ਨ/ਅਡਵਾਂਸ
ਬੁਕਿੰਗ ਸ਼ੁਰੂ



- ਕੇਂਦਰ/ਪੰਜਾਬ ਸਰਕਾਰ ਵੱਲੋਂ SC, BC ਅਤੇ ਘੱਟ ਗਿਣਤੀ (ਮਨਿਉਰਟੀ) ਵਿਦਿਆਰਥੀਆਂ ਲਈ ਵਜ਼ੀਫੇ ਦੀ ਸਹੂਲਤ।
- ਯੂਨੀਵਰਸਿਟੀ ਮੈਰਿਟ ਹੋਲਡਰ ਵਿਦਿਆਰਥੀਆਂ ਨੂੰ ਫੀਸਾਂ ਵਿਚ ਰਿਆਇਤ।

## ਚੱਲ ਰਹੇ ਕੋਰਸ

- +1, +2 ਆਰਟਸ, ਕਾਮਰਸ, ਮੈਡੀਕਲ ਅਤੇ ਨਾਨ ਮੈਡੀਕਲ ਗਰੁੱਪ (ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ)
- ਬੀ.ਏ.
- ਬੀ.ਐੱਸ-ਸੀ. (ਇਕਨਾਮਿਕਸ)
- ਬੀ.ਐੱਸ.ਸੀ. (ਕੰਪਿ. ਸਾਇੰਸ)
- ਬੀ.ਐੱਸ-ਸੀ. (ਨਾਨ-ਮੈਡੀਕਲ)
- ਬੀ.ਐੱਸ.ਸੀ. (ਫੈਸ਼ਨ ਡਿਜਾਈਨਿੰਗ)
- ਬੀ.ਕਾਮ.
- ਬੀ.ਬੀ.ਏ.
- ਬੀ.ਸੀ.ਏ.
- ਪੀ.ਜੀ.ਡੀ.ਸੀ.ਏ.
- ਐੱਮ.ਏ. (ਪੰਜਾਬੀ)
- ਐੱਮ.ਐੱਸ.ਸੀ. (ਕੰਪਿ. ਸਾਇੰਸ)
- ਡਿਪਲੋਮਾ ਇਨ ਕੌਸਮੈਟੋਲਾਜੀ

## ਵਿਸ਼ੇਸ਼ਤਾਵਾਂ

- ਬੱਸਾਂ ਦੀ ਸਹੂਲਤ
- ਤਜਰਬੇਕਾਰ ਸਟਾਫ਼
- ਸੈਮੀਨਾਰ ਰੂਮ
- ਜਨਰੇਟਰ ਦੀ ਸਹੂਲਤ
- ਵਿਸ਼ਾਲ ਲਾਇਬ੍ਰੇਰੀ
- ਨਵੀਂ ਸ਼ਾਨਦਾਰ ਆਧੁਨਿਕ ਬਿਲਡਿੰਗ
- ਕੁਆਲਟੀ ਐਜੂਕੇਸ਼ਨ ਉੱਤੇ ਜ਼ੋਰ
- ਅਲਟਰਾ ਮਾਡਰਨ ਸਾਇੰਸ, ਫੈਸ਼ਨ ਡਿਜ਼ਾਇਨਿੰਗ, ਕੋਸਮੈਟੋਲਾਜੀ ਅਤੇ ਕੰਪਿਊਟਰ ਲੈਬ
- ਕੰਟੀਨ
- ਘੱਟ ਫੀਸਾਂ
- ਖੁੱਲੀਆਂ ਗਰਾਊਂਡਾਂ
- WI-FI ਕੈਂਪਸ

## ਕਾਲਜ ਬੱਸਾਂ ਦੇ ਰੂਟ



ਅੰਮ੍ਰਿਤਸਰ, ਤਰਨ ਤਾਰਨ,
ਦਿਆਲਪੁਰ, ਝਬਾਲ, ਗੋਇੰਦਵਾਲ ਸਾਹਿਬ
ਖਡੂਰ ਸਾਹਿਬ, ਰਾਜੋਕੇ, ਅਮਰਕੋਟ
ਵਲਟੋਹਾ, ਘਰਿਆਲਾ, ਪੱਟੀ
ਸਰਹਾਲੀ, ਸਭਰਾਂ।

## ਨੇੜੇ ਬਾਬਾ ਦੀਪ ਸਿੰਘ ਗੇਟ, ਤਰਨ ਤਾਰਨ

E-mail :mcwtarntaran@ymail.com Website : www.majhacollegeforwomen.in (Principal Off.) 98764-82175

ਅਮਨਪ੍ਰੀਤ ਕੌਰ
ਵਾਈਸ ਪ੍ਰਿੰਸੀਪਲ
Mob.: 9646882940

ਹਰਮਿੰਦਰ ਕੌਰ
ਰਜਿਸਟ੍ਰਾਰ
Mob.: 9914489959

ਡਾ. ਹਰਦੀਪ ਕੌਰ
ਪ੍ਰਿੰਸੀਪਲ